
Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242



ਹਫਤਾਵਾਰੀ

# ਦੇਸ਼ ਦੁਆਬਾ

VOL - 5 ISSUE - 28
October 19, 2016
Postal Address
5101 Doe Hollow Pl, Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com




ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਅਦਾਰਾ 'ਦੇਸ਼ ਦੁਆਬਾ' ਵੱਲੋਂ ਅੱਠਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਗੁਰਗੱਦੀ ਦਿਵਸ ਦੀਆਂ ਲੱਖ-ਲੱਖ ਵਧਾਈਆਂ। ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਸਬੰਧਤ ਪ੍ਰੋ. ਐਚ. ਐਲ. ਕਪੂਰ ਦੁਆਰਾ ਲਿਖਿਆ ਵਿਸਥਾਰਿਤ ਲੇਖ

(ਪੜ੍ਹੋ ਸਫਾ 15 'ਤੇ)



ਭਗਵਾਨ ਵਾਲਮੀਕ ਜੀ ਦੇ ਪ੍ਰਕਾਸ਼ ਦਿਵਸ ਦੀਆਂ ਲੱਖ-ਲੱਖ ਵਧਾਈਆਂ। ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ 23 ਅਕਤੂਬਰ ਨੂੰ ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ ਵਿਖੇ ਮਨਾਇਆ ਜਾ ਰਿਹਾ ਹੈ।

**(ਸਬੰਧਤ ਲੇਖ ਸਫਾ 18 'ਤੇ)**
**ਸਬੰਧਤ ਇਸ਼ਤਿਹਾਰ ਦੇਖੋ ਆਖਰੀ ਸਫੇ ਤੇ**

# ਦਲਿਤਾਂ ਉਤੇ ਜਾਤ-ਪਾਤ ਦੇ ਨਾਂ 'ਤੇ ਢਾਹਿਆ ਜਾ ਰਿਹਾ ਹੈ ਜ਼ੁਲਮ

## ਭਾਰਤ ਵਾਸੀਆਂ ਨੂੰ ਤੰਗਦਿਲੀ ਤੋਂ ਉਪਰ ਉਠਣ ਦੀ ਲੋੜ- ਮੋਦੀ

**ਲੁਧਿਆਣਾ (ਬਿਊਰੋ)–** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਥੇ ਐਸ ਸੀ/ ਐਸ ਟੀ ਹੱਬ ਅਤੇ ਜ਼ੀਰੋ ਡਿਫੈਕਟ ਜ਼ੀਰੋ ਇਫੈਕਟ (ਬਗੈਰ ਕਿਸੇ ਖ਼ਾਮੀ ਵਾਲੇ ਅਤੇ ਵਾਤਾਵਰਨ 'ਤੇ ਕੋਈ ਪ੍ਰਭਾਵ ਨਾ ਪਾਉਣ ਵਾਲੇ ਤਰੀਕੇ) ਸਕੀਮਾਂ ਲਾਂਚ ਕਰਦਿਆਂ ਕਿਹਾ ਕਿ 350 ਸਾਲ ਪਹਿਲਾਂ ਪੰਜਾਬ ਦੀ ਧਰਤੀ 'ਤੇ ਗੁਰੂ ਗੋਬਿੰਦ ਸਿੰਘ ਨੇ ਦੇਸ਼ ਵਾਸੀਆਂ ਨੂੰ 'ਮਾਨਸ ਕੀ ਜਾਤ ਸਭੈ ਏਕ ਪਹਿਚਾਨਬੋ' ਦੇ ਪੈਗ਼ਾਮ ਨਾਲ ਇਕ ਸੂਤਰ ਵਿੱਚ ਪਰੋਇਆ ਸੀ ਪਰ ਹੁਣ ਵੀ ਦਲਿਤਾਂ ਉੱਤੇ ਜਾਤ-ਪਾਤ ਦੇ ਨਾਂ 'ਤੇ ਜ਼ੁਲਮ ਢਾਹਿਆ ਜਾ ਰਿਹਾ ਹੈ, ਜਿਸ ਨਾਲ ਸਿਰ ਸ਼ਰਮ ਨਾਲ ਝੁੱਕ ਜਾਂਦਾ ਹੈ। ਸਮਾਂ ਆ ਗਿਆ ਹੈ ਕਿ ਇਸ ਲਈ ਤੰਗਦਿਲੀ ਤੋਂ ਉਪਰ ਉਠਿਆ ਜਾਵੇ।

ਉਨ੍ਹਾਂ ਦਾਅਵਾ ਕੀਤਾ ਕਿ ਅੱਜ ਲਾਂਚ ਕੀਤੀ ਗਈ ਸਕੀਮ ਨਾਲ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੇ ਲੋਕਾਂ ਨੂੰ ਲਾਭ ਹੋਵੇਗਾ। ਉਨ੍ਹਾਂ ਕਿਹਾ ਕੋਈ ਵੀ ਐਸਸੀK ਐਸਟੀ ਵਰਗ ਦਾ ਵਿਅਕਤੀ ਨੌਕਰੀ ਲਈ ਕਤਾਰ ਵਿੱਚ ਖੜ੍ਹਾ ਨਹੀਂ ਹੋਣਾ ਨਹੀਂ ਚਾਹੁੰਦਾ ਤੇ ਜੇ ਉਸ ਨੂੰ ਸਵੈ-ਰੁਜ਼ਗਾਰ ਮਿਲੇਗਾ ਤਾਂ ਉਹ ਹੋਰਾਂ ਨੂੰ ਨੌਕਰੀਆਂ ਦੇਵੇਗਾ।

ਸ੍ਰੀ ਮੋਦੀ ਨੇ ਜ਼ੀਰੋ ਡਿਫੈਕਟ ਜ਼ੀਰੋ ਇਫੈਕਟ ਬਾਰੇ ਕਿਹਾ ਕਿ ਸੰਸਾਰ ਦੀ ਮੰਡੀ ਵਿੱਚ ਭਾਰਤ ਤਾਂ ਹੀ ਆਪਣੀ ਥਾਂ ਬਣਾਏਗਾ ਜੇ ਮਿਆਰ ਵੱਲ ਧਿਆਨ ਦੇਵਾਂਗੇ। ਉਨ੍ਹਾਂ ਕਿਹਾ ਕਿ ਹੁਣ ਇਹ ਜ਼ਰੂਰੀ ਨਹੀਂ ਕਿ ਸਭ ਕੰਮ ਦਿੱਲੀ ਵਿੱਚ ਹੀ ਹੋਣ ਕਿਉਂਕਿ ਦਿੱਲੀ ਤੋਂ ਬਾਹਰ ਵੀ ਦੇਸ਼ ਹੈ। ਇਸੇ ਲਈ ਇਨ੍ਹਾਂ ਸਕੀਮਾਂ ਨੂੰ ਲੁਧਿਆਣਾ ਵਿੱਚ ਲਾਂਚ ਕੀਤਾ ਗਿਆ ਹੈ।

ਕੇਂਦਰੀ ਮੰਤਰੀ ਕਲਰਾਜ ਮਿਸ਼ਰਾ ਨੇ ਸ੍ਰੀ ਮੋਦੀ ਦੀ ਆਮਦ 'ਤੇ ਸਵਾਗਤੀ ਸ਼ਬਦ ਕਹੇ। ਕੇਂਦਰੀ ਮੰਤਰੀ ਤੇ ਪੰਜਾਬ ਭਾਜਪਾ ਪ੍ਰਧਾਨ ਵਿਜੈ ਸਾਂਪਲਾ ਪ੍ਰਧਾਨ ਮੰਤਰੀ ਨੂੰ ਜੀ ਆਇਆਂ ਕਿਹਾ, ਜਦਕਿ ਧੰਨਵਾਦ ਸ਼ਬਦ ਕੇਂਦਰੀ ਮੰਤਰੀ ਗਿਰੀਰਾਜ ਸਿੰਘ ਨੇ ਕਹੇ। ਇਸ ਮੌਕੇ 250 ਲਘੂ ਉੱਦਮੀਆਂ ਨੂੰ ਸਨਮਾਨਿਤ ਕੀਤਾ ਗਿਆ, ਜਿਨ੍ਹਾਂ ਵਿਚੋਂ ਸ੍ਰੀ ਮੋਦੀ ਨੇ 35 ਉੱਦਮੀਆਂ ਨੂੰ ਸਨਮਾਨਿਤ ਕੀਤਾ। ਇਨ੍ਹਾਂ ਵਿਚੋਂ ਗੁਰਦੇਵ ਕੌਰ ਜਲੰਧਰ ਅਤੇ ਪਰਮਜੀਤ ਸਿੰਘ ਮੁਹਾਲੀ ਹੀ ਪੰਜਾਬ ਤੋਂ ਸਨ, ਜਦਕਿ ਬਾਕੀ ਦੇਸ਼ ਦੇ ਹੋਰ ਹਿੱਸਿਆਂ ਵਿਚੋਂ ਸਨ।



### ਇਸਰਾਈਲ ਵਾਂਗ ਸਰਜੀਕਲ ਹਮਲਾ ਕਰਨ ਦਾ ਦਾਅਵਾ

ਮੰਡੀ- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਤਿਵਾਦ ਖ਼ਿਲਾਫ਼ ਫ਼ੌਜ ਦੇ ਸਰਜੀਕਲ ਹਮਲਿਆਂ ਦੀ ਤੁਲਨਾ ਇਸਰਾਈਲੀ ਤਰਜ਼ ਦੀਆਂ ਮੁਹਿੰਮਾਂ ਨਾਲ ਕਰਦਿਆਂ ਕਿਹਾ ਕਿ ਭਾਰਤੀ ਸੁਰੱਖਿਆ ਬਲਾਂ ਨੇ ਦਿਖਾ ਦਿੱਤਾ ਹੈ ਕਿ ਉਹ ਕਿਸੇ ਤੋਂ ਘੱਟ ਨਹੀਂ ਹਨ। ਉਨ੍ਹਾਂ ਕਿਹਾ, 'ਅੱਜ ਕੱਲ੍ਹ ਦੇਸ਼ ਭਰ ਵਿੱਚ ਸਾਡੀ ਫ਼ੌਜ ਦੀ ਬਹਾਦਰੀ ਦੇ ਚਰਚੇ ਹਨ। ਪਹਿਲਾਂ ਅਸੀ ਸੁਣਦੇ

**(ਬਾਕੀ ਸਫਾ 4 ਤੇ)**

# ਸਿੱਖ ਨੂੰ ਮੁਸਲਮਾਨ ਸਮਰਥਕ ਦੱਸ ਰਹੇ ਨੇ ਟਰੰਪ ਦੇ ਪ੍ਰਚਾਰਕ

**ਸ਼ਿਕਾਗੋ (ਬਿਊਰੋ)–** ਰਾਸ਼ਟਰਪਤੀ ਅਹੁਦੇ ਲਈ ਰਿਪਬਲਿਕਨ ਉਮੀਦਵਾਰ ਡੋਨਲਡ ਟਰੰਪ ਦੀ ਮੁਹਿੰਮ ਦੌਰਾਨ ਵੰਡੇ ਜਾ ਰਹੇ ਪਰਚਿਆਂ ਵਿੱਚ ਅਮਰੀਕਾ ਵਿੱਚ ਰਹਿ ਰਹੇ ਭਾਰਤੀ ਮੂਲ ਦੇ ਇਕ ਸਿੱਖ ਦੀ ਪਛਾਣ ਟਰੰਪ ਦੇ ਮੁਸਲਮਾਨ ਸਮਰਥਕ ਵਜੋਂ ਕੀਤੀ ਜਾ ਰਹੀ ਹੈ। ਡਬਲਿਊਟੀਐਚਆਰ ਟੀਵੀ ਚੈਨਲ ਦੀ ਇਕ ਖ਼ਬਰ ਮੁਤਾਬਕ,'ਭਾਰਤ ਤੋਂ ਅਮਰੀਕਾ ਦੇ ਇੰਡੀਆਨਾ ਦੇ ਫਿਸ਼ਰਸ ਸ਼ਹਿਰ ਵਿੱਚ ਰਹਿ ਰਹਿਣ ਵਾਲੇ ਗੁਰਿੰਦਰ ਸਿੰਘ ਖਾਲਸਾ ਦੀ ਪ੍ਰਚਾਰ ਦੇ ਪਰਚਿਆਂ ਵਿੱਚ ਫੋਟੋ ਲੱਗੀ ਹੈ, ਜਿਸ 'ਤੇ ਮੁਸਲਿਮ ਲਿਖਿਆ ਹੈ।' ਟਰੰਪ ਦੀ ਮੁਹਿੰਮ ਨੇ ਓਹਾਓ ਵਿੱਚ ਵੰਡੇ ਇਨ੍ਹਾਂ ਪਰਚਿਆਂ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਖਾਲਸਾ ਟਰੰਪ ਦੇ ਮੁਸਲਿਮ ਸਮਰਥਕ ਹਨ। ਚੈਨਲ ਨੇ ਉਨ੍ਹਾਂ ਨੂੰ ਇਹ ਕਹਿੰਦਿਆਂ ਦੱਸਿਆ ਹੈ,'ਮੈਂ ਮੁਸਲਮਾਨ ਨਹੀਂ ਹਾਂ ਅਤੇ ਮੈਂ ਟਰੰਪ ਦਾ ਸਮਰਥਕ ਵੀ ਨਹੀਂ ਹਾਂ। ਉਨ੍ਹਾਂ ਨੇ ਮੈਨੂੰ ਮੁਸਲਮਾਨ ਸਮਰਥਕ ਦੱਸਦਿਆਂ ਮੇਰੀ ਤਸਵੀਰ ਲਗਾਈ ਹੈ ਪਰ ਮੇਰਾ ਇਸ ਨਾਲ ਕੋਈ ਸਬੰਧ ਨਹੀਂ ਹੈ। ਮੈਂ ਟਰੰਪ ਦਾ ਸਮਰਥਨ ਨਹੀਂ ਕਰਦਾ । ਕਿਸੇ ਨੇ ਵੀ ਮੇਰੀ ਤਸਵੀਰ ਲਾਉਣ ਬਾਰੇ ਮੈਨੂੰ ਨਹੀਂ ਪੁੱਛਿਆ। ਇਹ ਗਲਤ ਹੈ ਤੇ ਇਸ ਨਾਲ ਲੋਕਾਂ ਵਿੱਚ ਕਈ ਤਰ੍ਹਾਂ ਦੇ ਭਰਮ ਭੁਲੇਖੇ ਪੈਦਾ ਹੋਣਗੇ, ਕਿਉਂਕਿ ਟਰੰਪ ਦੇ ਮੁਹਿੰਮ ਚਲਾਉਣ ਵਾਲੇ ਇਸ ਪਰਚੇ ਨੂੰ ਦੇਸ਼ ਦੇ ਹਰ ਇਲਾਕੇ ਵਿੱਚ ਭੇਜ ਰਹੇ ਹਨ।'

ਖਾਲਸਾ ਨੇ ਸਿੱਖ ਪਾਲਿਟੀਕਲ ਐਕਸ਼ਨ ਕਮੇਟੀ ਦੀ ਸਥਾਪਨਾ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਿੱਖਾਂ ਨੂੰ ਕੱਟੜਪੰਥੀ ਇਸਲਾਮੀ ਸਮਝਣ ਦੀ ਭੁੱਲ ਕੀਤੀ ਜਾ ਰਹੀ ਹੈ ਤੇ ਨਫ਼ਰਤ ਕਾਰਨ ਇਨ੍ਹਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿੱਖ ਪਾਲਿਟੀਕਲ ਐਕਸ਼ਨ ਕਮੇਟੀ ਲੋਕਾਂ ਨੂੰ ਇਹ ਦੱਸਣਾ ਚਾਹੁੰਦੀ

**(ਬਾਕੀ ਸਫਾ 4 ਤੇ)**

# ਸਰਬੱਤ ਖ਼ਾਲਸਾ ਬਾਰੇ ਫ਼ੈਸਲਾ ਲੈਣ ਲਈ 13 ਮੈਂਬਰੀ ਕਮੇਟੀ ਬਣਾਈ

ਚੰਡੀਗੜ੍ਹ (ਬਿਊਰੋ)- ਪੰਜ ਪਿਆਰਿਆਂ ਵੱਲੋਂ ਦਸ ਨਵੰਬਰ ਦੇ ਸਰਬੱਤ ਖ਼ਾਲਸਾ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਇੱਥੇ ਸੱਦੀ ਗਈ ਮੀਟਿੰਗ ਵਿੱਚ ਮੁਤਵਾਜ਼ੀ ਜਥੇਦਾਰ ਹਾਜ਼ਰ ਨਾ ਹੋਏ। ਜ਼ਿਕਰਯੋਗ ਹੈ ਕਿ ਪੰਜ ਪਿਆਰਿਆਂ ਵੱਲੋਂ ਮੁਤਵਾਜ਼ੀ ਜਥੇਦਾਰਾਂ ਨੂੰ ਇਸ ਮੀਟਿੰਗ ਵਾਸਤੇ ਸੱਦਾ ਦੇਣ ਲਈ 16 ਅਕਤੂਬਰ ਨੂੰ ਪਿੰਡ ਬਰਗਾੜੀ ਵਿੱਚ ਮਿਲਣ ਦਾ ਪ੍ਰੋਗਰਾਮ ਰੱਖਿਆ ਗਿਆ ਸੀ। ਪਿੰਡ ਬਰਗਾੜੀ ਵਿੱਚ ਰੱਖੀ ਗਈ ਮੀਟਿੰਗ ਲਈ ਸਰਬੱਤ ਖ਼ਾਲਸਾ ਵੱਲੋਂ ਥਾਪੇ ਗਏ ਜਥੇਦਾਰ ਧਿਆਨ ਸਿੰਘ ਮੰਡ, ਜਥੇਦਾਰ ਬਲਜੀਤ ਸਿੰਘ ਦਾਦੂਵਾਲ ਅਤੇ ਜਥੇਦਾਰ ਅਮਰੀਕ ਸਿੰਘ ਅਜਨਾਲਾ ਪੁੱਜ ਤਾਂ ਗਏ ਸਨ ਪਰ ਉਨ੍ਹਾਂ ਨੇ ਪੰਜ ਪਿਆਰਿਆਂ ਨਾਲ ਮੁਲਾਕਾਤ ਕਰਨ ਤੋਂ ਟਾਲਾ ਵੱਟੀ ਰੱਖਿਆ ਸੀ। ਕਾਫ਼ੀ ਯਤਨਾਂ ਤੋਂ ਬਾਅਦ ਸੰਤ ਦਾਦੂਵਾਲ ਨੇ ਪੰਜ ਪਿਆਰਿਆਂ ਨੂੰ ਮਿਲ ਕੇ ਸੱਦਾ ਪੱਤਰ ਕਬੂਲ ਕਰ ਲਿਆ ਸੀ ਪ੍ਰੰਤੂ ਆਉਣ ਲਈ ਹਾਮੀ ਨਹੀਂ ਭਰੀ ਸੀ। ਇਸੇ ਦੌਰਾਨ ਪੰਜ ਪਿਆਰਿਆਂ ਭਾਈ ਸਤਨਾਮ ਸਿੰਘ ਖੰਡਾ, ਭਾਈ ਸਤਨਾਮ ਸਿੰਘ ਖ਼ਾਲਸਾ, ਭਾਈ ਮੇਜਰ ਸਿੰਘ, ਭਾਈ ਮੰਗਲ ਸਿੰਘ ਅਤੇ ਭਾਈ ਮੁਖ਼ਤਿਆਰ ਸਿੰਘ ਵੱਲੋਂ ਸੱਦੀ ਗਈ ਅੱਜ ਦੀ ਮੀਟਿੰਗ ਵਿੱਚ ਤਖ਼ਤ ਦਮਦਮਾ ਸਾਹਿਬ ਦੇ ਦੋ ਸਾਬਕਾ ਜਥੇਦਾਰ ਭਾਈ ਬਲਵੰਤ ਸਿੰਘ ਨੰਦਗੜ੍ਹ ਅਤੇ ਭਾਈ ਕੇਵਲ ਸਿੰਘ ਸ਼ਾਮਲ ਹੋਏ ਹਨ। ਇਸ ਮੌਕੇ ਬੁਲਾਰਿਆਂ ਨੇ ਇਕਸੁਰ ਹੁੰਦਿਆਂ ਪੰਥ ਦੀ ਆਵਾਜ਼ 'ਤੇ ਪਹਿਰਾ ਦੇਣ ਲਈ ਜ਼ੋਰ ਦਿੱਤਾ। ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਈ ਸਤਨਾਮ ਸਿੰਘ ਖੰਡਾ ਨੇ ਦੱਸਿਆ ਕਿ ਸਰਬੱਤ ਖ਼ਾਲਸਾ ਦੇ ਵਿਧੀ ਵਿਧਾਨ ਸਮੇਤ ਹੋਰ ਫ਼ੈਸਲੇ ਲੈਣ ਲਈ ਗਿਆਰਾਂ ਮੈਂਬਰੀ ਕਮੇਟੀ ਬਣਾਈ ਗਈ ਹੈ।

ਸਰਬੱਤ ਖ਼ਾਲਸਾ ਵੱਲੋਂ ਅਕਾਲ ਤਖ਼ਤ ਤੇ ਥਾਪੇ ਗਏ ਜਥੇਦਾਰ ਜਗਤਾਰ ਸਿੰਘ ਹਵਾਰਾ ਦੇ ਬੁਲਾਰੇ ਵਕੀਲ ਅਮਰ ਸਿੰਘ ਚਾਹਲ ਨੇ ਕਿਹਾ ਹੈ ਕਿ ਤਿੰਨ ਮੁਤਵਾਜ਼ੀ ਜਥੇਦਾਰਾਂ ਦੇ ਮੀਟਿੰਗ ਵਿਚ ਸ਼ਾਮਲ ਨਾ ਹੋਣ ਤੋਂ ਸਪੱਸ਼ਟ ਹੋ ਗਿਆ ਹੈ ਕਿ ਉਹ ਸਰਬੱਤ ਖ਼ਾਲਸਾ ਲਈ ਸਹਿਮਤ ਨਹੀਂ ਹਨ। ਉਨ੍ਹਾਂ ਕਿਹਾ ਕਿ ਅੱਜ ਦੀ ਮੀਟਿੰਗ ਦੀ ਕਾਰਵਾਈ ਜਥੇਦਾਰ ਹਵਾਰਾ ਨੂੰ ਦੇਣ ਦਾ ਫ਼ੈਸਲਾ ਲਿਆ ਗਿਆ ਹੈ।

**(ਬਾਕੀ ਸਫਾ 4 ਤੇ)**



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਸਿਆਸੀ ਸ਼ਰਨ, ਗਰੀਨ ਕਾਰਡ ਆਦਿ ਲਈ ਮਿਲੋ
Passports, Political Asylum, Visas, Green Cards, 1-9 Notary, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
U-Visa
WE OPEN 7-DAYS A WEEK
Note: I am not an Immigration Attorney.
msandhu2014@gmail.com
(CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)



ONE | REALTYONEGROUP AMERICAN
ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਓ,
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਵਕਤ
ਜਗਦੇਵ ਸਿੰਘ 510-689-4625
CalBre # 01423409
42820 Albrae St., Fremont, CA 94538





RIYA'S FASHION
9165 ELK GROVE
FLORIN RD.
ELK GROVE CA 95624
Tel : 916-647-3708
Follow us on
RIYAFASHION16



SAROAY INVESTMENT REALTY

Ram Saroay Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121



Amrik Chand (CPA)

Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

INDIA BAZAAR



Jai Ram Gaught
Harjit Gaught (Happy)

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

CALL TO HAPPY
Cell: (415) 706-7027
Ph: (209) 478-0285
Fax: (209) 477-3206

WE ACCEPT FOOD STAMPS
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

Raja
SWEETS & CATERING
AUTHORIZED CATERER FOR
MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets


ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

Kash
FABRICS



ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।

Appointments & Walk-Ins Welcome
Tuesday - Sunday: 11 AM - 8 PM



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram

INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ


WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC
ARTIFICIAL
JEWELRY, SWEETS,
FRESH VEGETABLES
& MORE..



ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ

Super Eyebrow
Threading Now Open
Eyebrow Threading
& Henna Tattoo
7 times,
Get 8th one free!



Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916- 396-8939
916-338-5511
Email: IndiaMarketRoseville@gmail.com

# ਗਦਰ ਮੈਮੋਰੀਅਲ ਹਾਲ ਸਾਨਫਰਾਂਸਿਸਕੋ ਵਿਖੇ ਨਵੀਂ ਤਿੰਨ ਮੰਜ਼ਿਲਾ ਇਮਾਰਤ ਬਣੇਗੀ- ਕੌਂਸਲ ਜਨਰਲ ਇੰਡੀਆ

## ਗਦਰ ਮੈਮੋਰੀਅਲ ਹਾਲ ਦੀ ਉਸਾਰੀ ਲਈ ਡੈਲੀਗੇਸ਼ਨ ਦੀ ਕੌਂਸਲ ਜਨਰਲ ਨਾਲ ਮੁਲਾਕਾਤ

**ਸਾਨਫਰਾਂਸਿਸਕੋ–** ਬੀਤੇ ਦਿਨੀਂ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋ, ਇੰਡੋ ਅਮੈਰਿਕਨ ਦੇਸ਼ ਭਗਤ ਫਾਊਂਡੇਸ਼ਨ ਬੇ–ਏਰੀਆ ਅਤੇ ਗਦਰ ਮੈਮੋਰੀਅਲ ਸੈਕਰਾਮੈਂਟੋ ਦੇ ਕਾਰਕੁੰਨ ਇਕ ਡੈਲੀਗੇਸ਼ਨ ਦੇ ਰੂਪ ਵਿਚ ਭਾਰਤੀ ਕੌਂਸਲ ਜਨਰਲ ਸ੍ਰੀ ਵੈਂਕਟੇਸ਼ ਅਸ਼ੋਕ ਅਤੇ ਵਾਈਸ ਕੌਂਸਲ ਸ੍ਰੀ ਵੈਂਕਟਾ ਰਾਮਾਨਾ ਨੂੰ ਕੌਂਸਲੇਟ ਦਫਤਰ ਵਿਖੇ ਮਿਲੇ। ਇਸ ਡੈਲੀਗੇਸ਼ਨ ਵਿਚ ਸ. ਗੁਰਦੀਪ ਸਿੰਘ ਅਣਖੀ, ਸੁਰਿੰਦਰ ਸਿੰਘ ਮੰਢਾਲੀ, ਬਲਵੀਰ ਸਿੰਘ ਜੌਹਲ, ਮਹਿੰਦਰ ਸਿੰਘ ਢਾਹ, ਪੰਕਜ ਆਂਮਲ, ਸੁਰਜੀਤ ਸਿੰਘ ਅਟਵਾਲ, ਕੁਲਦੀਪ ਸਿੰਘ ਅਟਵਾਲ, ਗੁਰਮੀਤ ਗਿੱਲ ਅਤੇ ਨਵਦੀਪ ਧਾਲੀਵਾਲ ਸ਼ਾਮਲ ਸਨ। ਡੈਲਗੇਸ਼ਨ ਨੇ ਵਿਸਥਾਰ ਵਿਚ ਗਦਰ ਮੈਮੋਰੀਅਲ ਹਾਲ ਦੀ ਉਸਾਰੀ ਸਬੰਧਤ ਕੌਂਸਲ ਜਨਰਲ ਨਾਲ ਵਿਚਾਰਾਂ ਕੀਤੀਆਂ ਅਤੇ ਹਰ ਤਰ੍ਹਾਂ ਦੀ ਮਦਦ ਦੇਣ ਦਾ ਵੀ ਭਰੋਸਾ ਦਿੱਤਾ। ਦੇਸ਼ ਭਗਤ ਯਾਦਗਾਰ ਹਾਲ ਦੀ ਨੁਮਾਇੰਦਗੀ ਕਰਦਿਆਂ ਡੈਲੀਗੇਸ਼ਨ ਨੇ ਗਦਰੀ ਬਾਬਿਆਂ ਨਾਲ ਸਬੰਧਤ ਇਤਿਹਾਸਕ ਵਸਤਾਂ, ਇਤਿਹਾਸਕ ਲਿਖਤਾਂ ਅਤੇ ਕਿਤਾਬਾਂ ਨੂੰ ਨਵੀਂ ਇਮਾਰਤ ਵਿਚ ਆਦਰ–ਸਤਿਕਾਰ ਨਾਲ ਆਮ ਲੋਕਾਂ ਲਈ ਸਥਾਪਤ ਕਰਨ ਦਾ ਪ੍ਰਸਤਾਵ ਰੱਖਿਆ ਅਤੇ



ਪੂਰੀ ਤਰ੍ਹਾਂ ਨਾਲ ਮਦਦ ਦਾ ਵੀ ਭਰੋਸਾ ਦਿੱਤਾ।

ਕੌਂਸਲ ਜਨਰਲ ਦੇ ਅਨੁਸਾਰ ਨਵੀਂ ਇਮਾਰਤ ਤਿੰਨ ਮੰਜ਼ਿਲਾ ਹੋਵੇਗੀ, ਜਿਸ ਵਿਚ ਪਾਰਕਿੰਗ, ਹਾਲ ਅਤੇ ਲਾਇਬ੍ਰੇਰੀ ਦਾ ਪ੍ਰਬੰਧ ਹੋਵੇਗਾ। ਮਿਲੀ ਜਾਣਕਾਰੀ ਅਨੁਸਾਰ ਭਾਰਤ ਸਰਕਾਰ ਇਸਨੂੰ ਮਨਜ਼ੂਰੀ ਦੇ ਚੁੱਕੀ ਹੈ ਅਤੇ ਕੌਂਸਲੇਟ ਦਫਤਰ ਛੇਤੀ ਤੋਂ ਛੇਤੀ ਸਿਟੀ ਆਫ ਸਾਨਫਰਾਂਸਿਸਕੋ ਤੋਂ ਮਨਜ਼ੂਰੀ ਲੈਣ ਦੀ ਕੋਸ਼ਿਸ਼ ਕਰ ਰਿਹਾ ਹੈ।

ਇਸ ਮੀਟਿੰਗ ਵਿਚ ਸ਼ਹੀਦ ਕਰਤਾਰ ਸਿੰਘ ਸਰਾਭਾ ਜੀ ਦਾ ਸ਼ਹੀਦੀ ਦਿਵਸ 12 ਨਵੰਬਰ, ਦਿਨ ਸ਼ਨੀਵਾਰ ਨੂੰ ਗਦਰ ਮੈਮੋਰੀਅਲ ਹਾਲ ਸਾਨਫਰਾਂਸਿਸਕੋ ਵਿਖੇ ਮਨਾਉਣ ਦਾ ਫੈਸਲਾ ਕੀਤਾ ਗਿਆ। ਇਹ ਪ੍ਰੋਗਰਾਮ ਇੰਡੋ ਅਮੈਰਿਕਨ ਹੈਰੀਟੇਜ਼ ਫੋਰਮ ਫਰਿਜ਼ਨੋ, ਇੰਡੋ ਅਮੈਰਿਕਨ ਦੇਸ਼ ਭਗਤ ਫਾਊਂਡੇਸ਼ਨ ਬੇ–ਏਰੀਆ, ਗਦਰ ਮੈਮੋਰੀਅਲ ਸੈਕਰਾਮੈਂਟੋ ਅਤੇ ਭਾਰਤੀ ਕੌਂਸਲੇਟ ਦਫਤਰ ਮਿਲ ਕੇ ਮਨਾਉਣਗੇ। ਗਦਰ ਲਹਿਰ ਨੂੰ ਸਲਾਮ ਕਰਨ ਵਾਲੇ ਸਾਰੇ ਸਾਥੀਆਂ ਨੂੰ ਬੇਨਤੀ ਕੀਤੀ ਗਈ ਹੈ ਕਿ ਉਹ 12 ਨਵੰਬਰ ਨੂੰ ਦੁਪਹਿਰ 12 ਵਜੇ ਹੁੰਮ ਹੁੰਮਾ ਕੇ ਗਦਰ ਮੈਮੋਰੀਅਲ ਹਾਲ ਸਾਨਫਰਾਂਸਿਸਕੋ ਵਿਖੇ ਪਹੁੰਚਣ।

# ਅਮਰੀਕਾ ਵਿੱਚ ਗੋਲੀਬਾਰੀ ਕਾਰਨ ਤਿੰਨ ਮੌਤਾਂ; 12 ਜ਼ਖ਼ਮੀ

**ਲਾਸ ਏਂਜਲਸ–** ਅਮਰੀਕਾ ਵਿੱਚ ਲਾਸ ਏਂਜਲਸ ਸਥਿਤ ਇਕ ਰੈਸਤਰਾਂ ਵਿੱਚ ਹੋਏ ਝਗੜੇ ਦੌਰਾਨ ਗੋਲੀਆਂ ਚੱਲਣ ਕਾਰਨ ਤਿੰਨ ਵਿਅਕਤੀ ਮਾਰੇ ਗਏ ਤੇ 12 ਫੱਟੜ ਹੋ ਗਏ।

ਪੁਲੀਸ ਮੁਤਾਬਕ ਰੈਸਤਰਾਂ ਵਿੱਚ ਹਰ ਥਾਂ ਖ਼ੂਨ ਹੀ ਖ਼ੂਨ ਨਜ਼ਰ ਆ ਰਿਹਾ ਸੀ। ਦੋ ਮਸ਼ਕੂਕਾਂ ਤੋਂ ਪੁੱਛ ਪੜਤਾਲ ਕੀਤੀ ਜਾ ਰਹੀ ਹੈ। ਪੁਲੀਸ ਮੁਤਾਬਕ ਮੁੱਢਲੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਰਾਤ 12.30 ਵਜੇ ਜਨਮ ਦਿਨ ਪਾਰਟੀ ਚੱਲ ਰਹੀ ਸੀ।

ਇਸ ਦੌਰਾਨ ਉਥੇ ਝਗੜਾ ਹੋ ਗਿਆ। ਗੋਲੀਆਂ ਚਲਾਉਣ ਵਾਲੇ ਸਿਆਹਫਾਮ ਪੁਰਸ਼ ਤੇ ਔਰਤ ਦੱਸੇ ਜਾਂਦੇ ਹਨ। ਪੁਲੀਸ ਨੇ ਮ੍ਰਿਤਕਾਂ ਦੀ ਪਛਾਣ ਨਸ਼ਰ ਨਹੀਂ ਕੀਤੀ। ਲੋਕਾਂ ਨੇ ਦੱਸਿਆ ਕਿ ਪਹਿਲਾਂ ਉਨ੍ਹਾਂ ਨੂੰ ਲੱਗਿਆ ਕਿ ਆਤਿਸ਼ਬਾਜ਼ੀ ਹੋ ਰਹੀ ਹੈ। ਅਮਰੀਕਾ ਵਿੱਚ ਹਥਿਆਰਾਂ ਦੀ ਖੁੱਲ੍ਹੀ ਵਿਕਰੀ ਕਾਰਨ ਉਥੇ ਗੋਲੀਬਾਰੀ ਦੀਆਂ ਘਟਨਾਵਾਂ ਆਮ ਹੁੰਦੀਆਂ ਜਾ ਰਹੀਆਂ ਹਨ। ਇਨ੍ਹਾਂ ਘਟਨਾਵਾਂ ਵਿੱਚ ਜਨਤਕ ਥਾਵਾਂ ਤੇ ਸਕੂਲ ਵੱਧ ਨਿਸ਼ਾਨਾਂ ਬਣ ਰਹੇ ਹਨ। ਹਥਿਆਰਾਂ ਉਪਰ ਲਗਾਮ ਲਾਉਣ ਲਈ ਕਈ ਜਥੇਬੰਦੀਆਂ ਜ਼ੋਰ ਲਗਾ ਦੇ ਥੱਕ ਚੁੱਕੀਆਂ ਹਨ।

# ਸਮ੍ਰਿਤੀ ਇਰਾਨੀ ਨੂੰ ਡਿਗਰੀ ਵਿਵਾਦ ’ਚ ਰਾਹਤ ਮਿਲੀ

**ਨਵੀਂ ਦਿੱਲੀ–** ਡਿਗਰੀ ਵਿਵਾਦ ’ਚ ਘਿਰੀ ਕੇਂਦਰੀ ਕੱਪੜਾ ਮੰਤਰੀ ਸਮ੍ਰਿਤੀ ਇਰਾਨੀ ਨੂੰ ਦਿੱਲੀ ਦੀ ਅਦਾਲਤ ਨੇ ਅੱਜ ਰਾਹਤ ਦੇ ਦਿੱਤੀ। ਵਿਦਿਅਕ ਯੋਗਤਾ ਬਾਰੇ ਚੋਣ ਕਮਿਸ਼ਨ ਨੂੰ ਝੂਠੀ ਜਾਣਕਾਰੀ ਦੇਣ ਦਾ ਦੋਸ਼ ਲਾਉਂਦਿਆਂ ਅਰਜ਼ੀ ’ਚ ਕਿਹਾ ਗਿਆ ਸੀ ਕਿ ਸਮ੍ਰਿਤੀ ਇਰਾਨੀ ਨੂੰ ਸੰਮਨ ਜਾਰੀ ਕੀਤੇ ਜਾਣ। ਅਦਾਲਤ ਨੇ ਕਿਹਾ ਕਿ ਇਹ ਪਟੀਸ਼ਨ ਬਿਨਾਂ ਵਜ੍ਹਾ ਪਰੇਸ਼ਾਨ ਕਰਨ ਦੇ ਮਕਸਦ ਨਾਲ ਦਾਖ਼ਲ ਕੀਤੀ ਗਈ ਸੀ ਕਿਉਂਕਿ ਉਹ ਕੇਂਦਰੀ ਮੰਤਰੀ ਹੈ। ਮੈਟਰੋਪਾਲਿਟਨ



ਮੈਜਿਸਟਰੇਟ ਹਰਵਿੰਦਰ ਸਿੰਘ ਨੇ ਕੇਂਦਰੀ ਮੰਤਰੀ ਨੂੰ ਮੁਲਜ਼ਮ ਵਜੋਂ ਸੰਮਨ ਭੇਜਣ ਦੀ ਅਪੀਲ ਨੂੰ ਖ਼ਾਰਜ ਕਰਦਿਆਂ ਕਿਹਾ ਕਿ ਸ਼ਿਕਾਇਤ ਦਾਖ਼ਲ ਕਰਨ ਲਈ ਕਰੀਬ 11 ਸਾਲਾਂ ਦਾ ਸਮਾਂ ਲਾ ਦਿੱਤਾ ਗਿਆ। ਫ੍ਰੀਲਾਂਸ ਪੱਤਰਕਾਰ ਅਹਿਮਰ ਖ਼ਾਨ ਨੇ ਇਰਾਨੀ ਖ਼ਿਲਾਫ਼ ਸ਼ਿਕਾਇਤ ਦਿੱਤੀ ਸੀ ਕਿ ਉਸ ਨੇ 2004, 2011 ਅਤੇ 2014 ’ਚ ਚੋਣ ਕਮਿਸ਼ਨ ਮੂਹਰੇ ਦਾਖ਼ਲ ਹਲਫ਼ਨਾਮੇ ’ਚ ਆਪਣੀ ਵਿਦਿਅਕ ਯੋਗਤਾ ਬਾਰੇ ਗ਼ਲਤ ਜਾਣਕਾਰੀ ਦਿੱਤੀ ਸੀ।

# 31 ਅਕਤੂਬਰ 1984 ਹੁਣ ਵੱਡੇ ਸਿਨਮੇ ’ਤੇ

## ਇਕ ਸਿੱਖ ਪਰਿਵਾਰ ਦੀ ਅਸਲ ਕਹਾਣੀ ’ਤੇ ਅਧਾਰਿਤ ਹੈ ਇਹ ਫਿਲਮ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਅਕਤੂਬਰ 1984 ਦਾ ਘੱਲੂਘਾਰਾ ਜਿਨ੍ਹਾਂ ਨੇ ਆਪਣੇ ਪਿੰਡੇ ’ਤੇ ਹੰਢਾਇਆ ਉਹ ਤਾਂ ਅੱਜ ਵੀ ਉਨ੍ਹਾਂ ਦ੍ਰਿਸ਼ਾਂ ਨੂੰ ਨਹੀਂ ਭੁੱਲੇ ਹੋਣਗੇ ਪਰ ਬਹੁਤਾਤ ਦੁਨੀਆ ਖਾਸ ਕਰ ਨਵੀਂ ਪੀੜੀ ਨੂੰ ਇਸ ਬਾਰੇ ਜਿਆਦਾ ਜਾਣਕਾਰੀ ਨਹੀਂ। ਹੁਣ ਇਕ ਨੈਸ਼ਨਲ ਐਵਾਰਡ ਜੇਤੂ ਫਿਲਮ ਨਿਰਦੇਸ਼ਕ ਸ੍ਰੀ ਸ਼ਿਵਾਜੀ




ਲੋਟਨ ਪਾਟਿਲ ਨੇ 31 ਅਕਤੂਬਰ ਨੂੰ ਇੰਦਰਾ ਗਾਂਧੀ ਦੇ ਕਤਲ ਬਾਅਦ ਇਕ ਸਿੱਖ ਪਰਿਵਾਰ ਨਾਲ ਬੀਤੀ ਘਟਨਾ ਨੂੰ ਵੱਡੇ ਪਰਦੇ ’ਤੇ ਪੇਸ਼ ਕਰਨ ਦਾ ਉਦਮ ਕੀਤਾ ਹੈ। ਫਿਲਮ ਐਕਟ੍ਰੈਸ ਸੋਹਾ ਅਲੀ ਖਾਨ ਅਤੇ ਐਕਟਰ ਵੀਰਦਾਸ ਵੱਲੋਂ ਇਸ ਸਿੱਖ ਪਰਿਵਾਰ ਦੀ ਭੂਮਿਕਾ ਨਿਭਾਈ ਗਈ ਹੈ। ਇਹ ਫਿਲਮ 21 ਅਕਤੂਬਰ ਨੂੰ ਰਿਲੀਜ਼ ਹੋ ਰਹੀ ਹੈ। ਫਿਲਮ ਦੀ ਕਹਾਣੀ ਇਕ ਸਿੱਖ ਪਰਿਵਾਰ ਨੂੰ ਦੂਜੇ ਧਰਮ ਦੇ ਲੋਕਾਂ ਵੱਲੋਂ ਬਚਾਉਣ ਦੀ ਕਹਾਣੀ ਹੈ। ਹਿੰਦੂ ਅਤੇ ਮੁਸਲਿਮ ਭਾਈਚਾਰਾ ਵੱਲੋਂ ਨਿਭਾਏ ਰੋਲ ਨੂੰ ਬਾਖੂਬੀ ਵਿਖਾਇਆ ਗਿਆ ਹੈ। ਇਹ ਫਿਲਮ ਨੈਸ਼ਨਲ ਐਵਾਰਡ ਵਿਚ ਜਾਣ ਦੇ ਕਾਬਿਲ ਮੰਨੀ ਜਾ ਰਹੀ ਹੈ। ਫਿਲਮ ਦਾ ਗੀਤ ’ਉਮੀਦ’ ਬੱਬੂ ਮਾਨ ਨੇ ਗਾਇਆ ਹੈ ਜਦ ਕਿ ਬਾਕੀ ਗਾਇਕਾਂ ਵਿਚ ਸੋਨੂ ਨਿਗਮ, ਆਸ਼ਾ ਭੌਂਸਲੇ, ਹਰਸ਼ਦੀਪ ਕੌਰ, ਜਾਵੇਦ ਅਲੀ ਤੇ ਹੋਰ ਕਈ ਕਲਾਕਾਰ ਸ਼ਾਮਿਲ ਹਨ। ਫਿਲਮ ਦਾ ਨਿਰਮਾਣ ਹੈਰੀ ਸੱਚਦੇਵਾ ਨੇ ਕੀਤਾ ਹੈ। ਪਟਿਆਲੇ ਤੋਂ ਲੱਖਵਿੰਦਰ ਸਿੰਘ ਲੱਖੇ ਦਾ ਵੀ ਇਸ ਵਿਚ ਖਾਸ ਰੋਲ ਹੈ।

ਹਫਤਾਵਾਰੀ ਅਖਬਾਰ ‘ਦੇਸ਼ ਦੁਆਬਾ’ ਵਿਚ ਹੁਣ ਤੱਕ ਮੁਫਤ ਮੈਟਰੀਮੋਨੀਅਲ ਛਾਪੇ ਗਏ ਹਨ, ਜਿਸਨੂੰ ਅਸੀਂ ਦਸੰਬਰ 2016 ਤੱਕ ਜਾਰੀ ਰੱਖਾਂਗੇ। ਚਾਹਵਾਨ ਸੱਜਣ ਮੁਫਤ ਮੈਟਰੀਮੋਨੀਅਲ ਛਪਾਉਣ ਲਈ ਸਾਨੂੰ ਹਰੇਕ ਹਫਤੇ ਸਨਿਚਰਵਾਰ ਤੱਕ ਜਾਣਕਾਰੀ ਭੇਜਣ ਦੀ ਕ੍ਰਿਪਾਲਤਾ ਕਰਨ।

**– ਸੰਪਾਦਕ**

# ਉੜੀ ਹਮਲਾ: ਪੌੜੀ ਨਾਲ ਕੰਡਿਆਲੀ ਤਾਰ ਟੱਪੀ ਸੀ ਅਤਿਵਾਦੀਆਂ ਨੇ

**ਨਵੀਂ ਦਿੱਲੀ–** ਉੜੀ ਵਿੱਚ ਪਿਛਲੇ ਮਹੀਨੇ ਫੌਜੀ ਕੈਂਪ ਉਪਰ, ਜਿਨ੍ਹਾਂ ਚਾਰ ਪਾਕਿਸਤਾਨੀ ਅਤਿਵਾਦੀਆਂ ਨੇ ਹਮਲਾ ਕੀਤਾ ਸੀ, ਨੇ ਕੰਟਰੋਲ ਰੇਖਾ ਉਪਰ ਬਿਜਲੀ ਦੇ ਕਰੰਟ ਵਾਲੀ ਕੰਡਿਆਲੀ ਤਾਰ ਪੌੜੀ ਨਾਲ ਪਾਰ ਕੀਤੀ ਸੀ। ਇਸ ਹਮਲੇ ਵਿੱਚ 19 ਭਾਰਤੀ ਫੌਜੀ ਸ਼ਹੀਦ ਹੋ ਗਏ ਸਨ।

ਸੂਤਰਾਂ ਮੁਤਾਬਕ ਥਲ ਸੈਨਾ ਨੇ ਇਨ੍ਹਾਂ ਚਾਰਾਂ ਅਤਿਵਾਦੀਆਂ ਦੇ ਘੁਸਪੈਠ ਦੇ ਰਾਹ ਦੀ ਪਛਾਣ ਲਈ ਜਾਂਚ ਕੀਤੀ ਅਤੇ ਉਹ ਇਸ ਸਿੱਟੇ ਉਪਰ ਪੁੱਜੀ ਕਿ ਸਲਾਮਾਬਾਦ ਨਾਲੇ ਨੇੜੇ ਪੌੜੀਆਂ ਦੀ ਵਰਤੋਂ ਕੀਤੀ ਗਈ ਸੀ। ਇਨ੍ਹਾਂ ਚਾਰਾਂ ਵਿੱਚੋਂ ਇਕ ਸਲਾਮਾਬਾਦ ਨਾਲੇ ਨੇੜੇ ਕੰਡਿਆਲੀ ਤਾਰ ਵਿਚਲੀ ਵਿੱਥ ਵਿੱਚੋਂ ਨਿਕਲ ਕੇ ਭਾਰਤ ਵਿੱਚ ਦਾਖਲ ਹੋ ਗਿਆ ਤੇ ਉਸ ਨੇ ਬਾਕੀ ਤਿੰਨਾਂ ਲਈ ਪੌੜੀ ਲਗਾ ਦਿੱਤੀ, ਜਦ ਕਿ ਦੂਜੇ ਪਾਸੇ ਖੜ੍ਹੇ ਤਿੰਨਾਂ ਅਤਿਵਾਦੀਆਂ ਨੇ ਵੀ ਦੂਜੇ ਪਾਸੇ ਤੋਂ ਪੌੜੀ ਲਗਾ ਦਿੱਤੀ। ਦੋਵਾਂ ਪੌੜੀਆਂ ਨੂੰ ਜੋੜ ਕੇ ਰਾਹ ਬਣਾ ਲਿਆ ਗਿਆ। ਸ੍ਰੀਨਗਰ ਤੋਂ ਕਰੀਬ 102 ਕਿਲੋਮੀਟਰ ਦੂਰ ਉੜੀ ਵਿੱਚ ਇਨ੍ਹਾਂ ਚਾਰਾਂ ਨੇ ਫੌਜੀ ਕੈਂਪ ਉਪਰ ਹਮਲਾ ਕਰ ਦਿੱਤਾ। ਸੂਤਰਾਂ ਨੇ ਕਿਹਾ ਕਿ ਜਿਸ ਥਾਂ ਤੋਂ ਪਹਿਲਾ ਅਤਿਵਾਦੀ ਲੰਘਿਆ ਉਸ ਥਾਂ ਤੋਂ ਬਾਕੀ ਤਿੰਨਾਂ ਦਾ ਨਿਕਲਣਾ ਔਖਾ ਸੀ ਕਿਉਂਕਿ ਉਨ੍ਹਾਂ ਕੋਲ ਭਾਰੀ ਮਾਤਰਾ ਵਿੱਚ ਹਥਿਆਰ ਤੇ ਖਾਣ–ਪੀਣ ਦੇ ਸਾਮਾਨ ਵਾਲੇ ਬੈਗ ਸਨ। ਚਾਰਾਂ ਨੇ ਭਾਰਤ ਵਿੱਚ ਘੁਸਪੈਠ ਕਰਨ ਬਾਅਦ ਦੋਵੇਂ ਪੌੜੀਆਂ ਆਪਣੇ ਦੋ ਗਾਈਡਾਂ ਮੁਹੰਮਦ ਕਬੀਰ ਅਵਾਨ ਤੇ ਬਸ਼ਾਰਤ ਨੂੰ ਮੋੜ ਦਿੱਤੀਆਂ। ਇਹ ਦੋਵੇਂ ਇਨ੍ਹਾਂ ਨਾਲ ਕੰਟਰੋਲ ਰੇਖਾ ਤੱਕ ਆਏ ਸਨ। ਫੌਜ ਗੋਹਲਾਂ ਅਤੇ ਨੇੜੇ ਜਲਬਾਹ ਪਿੰਡ ਵਿੱਚ ਜਾਂਚ ਕਰ ਰਹੀ ਹੈ, ਕਿਉਂਕਿ ਉਸ ਨੂੰ ਸ਼ੱਕ ਹੈ ਕਿ ਹਮਲਾ ਕਰਨ ਤੋਂ ਇਕ ਦਿਨ ਪਹਿਲਾਂ ਅਤਿਵਾਦੀ ਇਥੇ ਰੁਕੇ ਸਨ। ਇਹ ਜਾਂਚ ਸਮਾਂਬੱਧ ਢੰਗ ਨਾਲ ਪੂਰੀ ਹੋਵੇਗੀ ਤੇ ਇਸ ਵਿੱਚ ਭਵਿੱਖ ਦੌਰਾਨ ਅਜਿਹੇ ਹਮਲੇ ਰੋਕਣ ਦੇ ਉਪਾਅ ਦੱਸੇ ਜਾਣਗੇ। ਜਾਂਚ ਦੌਰਾਨ ਪਤਾ ਲੱਗਿਆ ਕਿ ਕੈਂਪ ਦੁਆਲੇ ਲੱਗੀ ਕੰਡਿਆਲੀ ਤਾਰ ਨੂੰ ਕੱਟ ਕੇ ਅਤਿਵਾਦੀ ਅੰਦਰ ਦਾਖਲ ਹੋਏ। ਵਾਰਦਾਤ ਦੇ ਅੰਦਾਜ਼ ਤੋਂ ਸਾਫ਼ ਹੈ ਕਿ ਅਤਿਵਾਦੀਆਂ ਨੂੰ ਕੈਂਪ ਬਾਰੇ ਪੂਰੀ ਤਰ੍ਹਾਂ ਜਾਣਕਾਰੀ ਸੀ। ਇਸ ਲਈ ਉਨ੍ਹਾਂ ਨੇ ਰਸੋਈ ਤੇ ਸਟੋਰ ਨੂੰ ਬਾਹਰੋਂ ਬੰਦ ਕਰ ਦਿੱਤਾ ਸੀ ਤਾਂ ਜੋ ਉਥੇ ਮੌਜੂਦ ਫੌਜੀ ਅੱਗ ਲਾਏ ਜਾਣ ਬਾਅਦ ਬਾਹਰ ਨਾ ਨਿਕਲ ਸਕਣ। ਜਾਂਚ ਤੋਂ ਪਤਾ ਲੱਗਿਆ ਹੈ ਕਿ ਅਤਿਵਾਦੀ 16–17 ਸਤੰਬਰ ਦੀ ਰਾਤ ਨੂੰ ਮਕਬੂਜ਼ਾ ਕਸ਼ਮੀਰ ਦੇ ਸੱਖੜ ਪਿੰਡ ਵਿੱਚ ਠਹਿਰੇ ਹੋਣਗੇ, ਜਿਥੋਂ ਉਨ੍ਹਾਂ ਨੇ ਫੌਜੀ ਕੈਂਪ ਉਪਰ ਪੂਰੀ ਨਜ਼ਰ ਰੱਖੀ।

# ਪੰਜਾਬੀ ਕਲਚਰਲ ਸੁਸਾਇਟੀ ਮਿਸ਼ੀਗਨ ਵਲੋਂ ਪੰਜਾਬੀ ਕਵੀ ਦਰਬਾਰ ਕਰਵਾਇਆ ਗਿਆ



**ਡਾ.ਚਰਨਜੀਤ ਸਿੰਘ ਗੁਮਟਾਲਾ**

ਪੰਜਾਬੀ ਕਲਚਰਲ ਸੁਸਾਇਟੀ ਮਿਸ਼ੀਗਨ(ਅਮਰੀਕਾ) ਵਲੋਂ ਗੁਰਦਵਾਰਾ ਮਾਤਾ ਤ੍ਰਿਪਤਾ ਜੀ ਪਲਿਮਥ ਵਿਖੇ ਦੁਪਹਿਰ ਦੇ ਦੀਵਾਨ ਉਪਰੰਤ ਪੰਜਾਬੀ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ ।ਸਮਾਗਮ ਦੀ ਪ੍ਰਧਾਨਗੀ ਆਲ ਇੰਡੀਆ ਰੇਡੀਉ ਜਲੰਧਰ ਦੇ ਪੰਜਾਬੀ ਖ਼ਬਰਾਂ ਦੇ ਸੇਵਾਮੁਕਤ ਐਂਕਰ ਸ. ਸੁਖਵੰਤ ਸਿੰਘ ਗਿੱਲੋਂ,ਗੁਬਚਨ ਮਾਨ ਤੇ ਮਨਜੀਤ ਸਿੰਘ ਗਿੱਲ ਨੇ ਕੀਤੀ।

ਸਭ ਤੋਂ ਪਹਿਲਾਂ ਸੁਖਵੰਤ ਸਿੰਘ ਢਿੱਲੋਂ ਨੇ ਆਪਣੇ ਲਿਖੇ ਗੀਤ, “ ਮੈਂ ਇੱਕ ਬੋਲ ਵਿਹੁਣਾਂ ਗੀਤਾ ਅਣਸੁਣਿਆਂ ਅਣਗਾਇਆ.. “ ਗਾ ਕੇ ਪੇਸ਼ ਕੀਤਾ ਤਾਂ ਸਭ ਸਰੋਤੇ ਅੱਛ ਅੱਛ ਕਰ ਉਠੇ । ਮੰਚ ਸੰਚਾਲਕ ਸੁਰਜੀਤ ਸਿੰਘ ਗਿੱਲ ਨੇ ਸ਼ਿਅਰ ਪੜਿਆ, ਬੋਲ ਸਨ “ਪਿਆਰ ਤਾਂ ਕਮਲਾ ਕਰ ਜਾਂਦਾ ਏ, ਜਿੱਤਿਆ ਬੰਦਾ ਹਰ ਜਾਂਦਾ ਏ ਜਿਹੜੀ ਗੱਲ ਲਕੋਈ ਹੋਵੇ, ਅੱਥਰੂ ਉਹ ਗੱਲ ਕਰ ਜਾਂਦਾ ਏ ।" ਹਾਇਕੂ ਕਵੀ ਗੁਰਮੀਤ ਸਿੰਘ ਸੰਧੂ ਦਾ ਹਾਇਕੂ ਸੀ," ਭਾਦੋਂ ਸਵੇਰੇ ਤਣਿਆਂ, ਸੈਰ ਕਰੇਂਦਿਆਂ, ਕਾਲਾ ਬੱਦਲ ।ਮਨਜੀਤ ਸਿੰਘ ਗਿੱਲ ਨੇ 1999 ਦੇ 300 ਸਾਲਾ ਵਿਸਾਖੀ ਤੇ ਲਿਖੀ ਕਵਿਤਾ, “ਅਨੰਦਪੁਰ ਦੀ ਧਰਤੀ” ਪੂਰੇ ਤਰੰਨੁਮ ਵਿੱਚ ਗਾ ਕੇ ਪੇਸ਼ ਕੀਤੀ ਬੋਲ ਸਨ," ਭਾਗਾਂ ਵਾਲੀਏ ਆਨੰਦਪੁਰੀ ਧਰਤੀਏ ਨੀ, ਇੱਕ ਇੱਕ ਜ਼ਰ੍ਹੇ ਨੂੰ ਲੱਖ ਲੱਖ ਵਾਰ ਚੁੰਮਾਂ।"

ਤਿਲਕ ਸ਼ਰਮਾ, ਇਕਬਾਲ ਸਿੰਘ ਬਾਲੀ ਭਾਨ, ਪ੍ਰੋਫੈਸਰ ਸਤਪਾਲ ਗੋਇਲ, ਪ੍ਰਫੈਸਰ ਰੇਸ਼ਮ ਸਿੰਘ ਸੈਣੀ, ਇਕਬਾਲ ਸਿੰਘ ਬਲੀ ਭਾਨ ਨੇ ਵੀ ਆਪਣੀਆਂ ਕਵਿਤਾਵਾਂ ਸੁਣਾਈਆਂ।ਗੁਰਮੀਤ ਸਿੰਘ ਸੰਧੂ ਨੇ ਆਪਣਾ ਹਾਇਗਾ ਸੰਗ੍ਰਹਿ ’ਰੰਗ–ਹਰਫ਼ੀ’ ਡਾ ਚਰਨਜੀਤ ਸਿੰਘ ਗੁਮਟਾਲਾ ਨੂੰ ਪ੍ਰੇਮ ਭੇਟਾ ਕੀਤਾ। ਡਾ ਚਰਨਜੀਤ ਸਿੰਘ ਗੁਮਟਾਲਾ ਨੇ ਪੰਜਾਬੀ ਭਾਸ਼ਾ ਲਈ ਉਚੇਚੇ ਪਰਾਲੇ ਕਰਨ ਲਈ ਕਈ ਕੀਮਤੀ ਸੁਝਾਓ ਦਿੱਤੇ। ਨਵੰਬਰ ਦੇ ਤੀਸਰੇ ਐਤਵਾਰ ਅਗਲਾ ਕਵੀ ਦਰਬਾਰ ਦਰਬਾਰ ਕਰਾਉਣ ਦਾ ਐਲਾਨ ਕੀਤਾ ਗਿਆ।

# ਫਰਿਜ਼ਨੋ ਵਿਖੇ ਇਕ ਸ਼ਾਮ ਗੀਤਕਾਰ ਜਸਵੀਰ ਗੁਣਾਚੌਰੀਆਂ ਦੇ ਨਾਮ ਯਾਦਗਾਰੀ ਹੋ ਨਿਬੜੀ





ਜਸਵੀਰ ਗੁਣਾਚੌਰੀਆਂ ਗੀਤਕਾਰ (ਮੁੱਖ ਮਹਿਮਾਨ)



ਧਰਮਵੀਰ ਥਾਂਦੀ (ਗੀਤਕਾਰ ਅਤੇ ਗਾਇਕ)

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਉੱਭੀ ਧਾਲੀਆਂ / ਨੀਟਾ ਮਾਛੀਕੇ):** ਪੰਜਾਬੀ ਗੀਤਕਾਰੀ ਨੂੰ ਸਮਰਪਤ ਇੱਕ ਸ਼ਾਮ ਦਾ ਆਯੋਜਨ ਪ੍ਰਸਿੱਧ ਗਾਇਕ ਅਤੇ ਗੀਤਕਾਰ ਧਰਮਵੀਰ ਥਾਂਦੀ, ਪਿੰਦਾ ਚੀਮਾਂ ਅਤੇ ਗੁੱਲੂ ਸਿੱਧੂ ਬਰਾੜ ਨੇ ਕਲੋਵਸ ਸ਼ਹਿਰ ਦੇ ਆਲੀਸ਼ਾਨ ਰੈਸ਼ਟੋਰੇਟ 'ਐਲੀਫੈਂਟ ਲੋਗ' ਵਿੱਚ ਕੀਤਾ। ਜਿਸ ਵਿੱਚ ਬਤੌਰ ਮੁੱਖ ਮਹਿਮਾਨ ਪੰਜਾਬੀ ਗਾਇਕੀ ਦੇ ਜਾਣੇ-ਪਛਾਣੇ ਲੇਖਕ ਜਸਵੀਰ ਗੁਣਾਚੌਰੀਆਂ ਨੇ ਹਾਜ਼ਰੀ ਭਰੀ। ਇਸ ਪ੍ਰੋਗਰਾਮ ਦੌਰਾਨ ਸਾਫ-ਸੁੱਥਰੀ ਸੱਭਿਆਚਾਰਕ ਗੀਤਕਾਰੀ ਅਤੇ ਗਾਇਕੀ 'ਤੇ ਭਰਪੂਰ ਵਿਚਾਰਾ ਹੋਈਆਂ। ਇਸ ਤੋਂ ਇਲਾਵਾ ਇਕ ਸ਼ਾਨਦਾਰ ਮਹਿਫਲ ਦਾ ਆਗਾਜ਼ ਵੀ ਕੀਤਾ ਗਿਆ। ਇਸ ਸਮੇਂ ਜਸਵੀਰ ਗੁਣਾਚੌਰੀਆਂ ਨੇ ਪੰਜਾਵੀ ਬੋਲੀ ਦੇ ਵਿਕਾਸ ਦੀ ਗੱਲ ਕਰਦਿਆ ਪੁਰਾਤਨ ਗੀਤਕਾਰੀ ਅਤੇ ਅੱਜ ਦੇ ਸਮੇਂ ਅੰਦਰ ਪ੍ਰਚੱਲਤ ਗੀਤਾਂ ਦੀ ਗੱਲ ਕੀਤੀ।

ਉਨ੍ਹਾਂ ਆਪਣੇ ਬਹੁਤ ਸਾਰੇ ਮਕਬੂਲ ਗੀਤ ਸੁਣਾ ਹਾਜ਼ਰੀਨ ਦੀ ਵਾਹ-ਵਾਹ ਖੱਟੀ। ਇਸ ਸਮੇਂ ਪ੍ਰਮੁੱਖ ਬਾਕੀ ਬੁਲਾਰਿਆ ਵਿੱਚ ਪ੍ਰਸਿੱਧ ਗੀਤਕਾਰ ਸੁੱਖੀ ਧਾਲੀਵਾਲ, ਕਵੀ ਜਨਾਬ ਹਰਜਿੰਦਰ ਕੰਗ, ਅਵਤਾਰ ਗੌਦਾਰਾ, ਸੰਤੋਖ ਮਿਨਹਾਸ, ਗੈਰੀ ਢੇਸੀ, ਵਿੱਕੀ ਹੀਰ, ਬਲਵੀਰ ਢਿੱਲੋਂ, ਜਸਵੰਤ ਮਹਿਮੀ, ਦਿਲਬਾਗ ਬੰਗੜ, ਕੁਲਵੰਤ ਉੱਭੀ, ਪਿੰਦਾ ਚੀਮਾਂ, ਗੁੱਲੂ ਸਿੱਧੂ ਬਰਾੜ, ਅਵਤਾਰ ਲਾਖਾ, ਕੁਲਵੰਤ ਸੇਖੋਂ, ਪਾਲ ਧਾਲੀਵਾਲ, ਪ੍ਰਦੀਪ ਮਿਨਹਾਸ, ਬਹਾਦਰ ਸਿੰਘ ਚੀਮਾਂ, ਭਜਨ ਸਿੰਘ ਲੰਬੜਦਾਰ ਆਦਿਕ ਨੇ ਵਿਚਾਰਾ ਦੀ ਸਾਂਝ ਪਾਉਦੇ ਹੋਏ ਅਜੋਕੇ ਸਮੇਂ ਦੌਰਾਨ ਵੀਡੀਉ ਦੇ ਯੁੱਗ ਵਿੱਚ ਪੱਛਮੀ ਪ੍ਰਭਾਵ ਅਧੀਨ ਗਿਰਾਵਟ ਵੱਲ ਜਾ ਰਹੀ ਗਾਇਕੀ 'ਤੇ ਚਿੰਤਾਂ ਪ੍ਰਗਟ ਕੀਤੀ। ਸਮੁੱਚੇ ਪ੍ਰੋਗਰਾਮ ਦੌਰਾਨ ਸਟੇਜ਼ ਸੰਚਾਲਨ ਦੀ ਸੇਵਾ ਜਸਵੰਤ ਸਿੰਘ ਸਾਦ ਨੇ ਬਾਖ਼ੂਬੀ ਨਿਭਾਈ।

ਜਦ ਕਿ ਦੇਰ ਰਾਤ ਤੱਕ ਚੱਲੀ ਇਸ ਮਹਿਫਲ ਵਿੱਚ ਹਾਜ਼ਰੀਨ ਕਵੀਆ ਦੁਆਰਾ ਆਪਣੀਆਂ ਕਵਿਤਾਵਾ ਪੇਸ਼ ਕੀਤੀਆ ਗਈਆਂ ਅਤੇ ਪੰਜਾਬੀ ਪਰਿਵਾਰਕ ਗਾਇਕੀ ਰਾਹੀ ਧਰਮਵੀਰ ਥਾਂਦੀ ਨੇ ਹਾਜ਼ਰੀਨ ਨੂੰ ਕੀਲੀ ਰੱਖਿਆ। ਇਸ ਸਾਮ ਦਾ ਅੰਤ ਰਾਤਰੀ ਦੇ ਖਾਣੇ ਦੀ ਦਾਅਵਤ ਨਾਲ ਯਾਦਗਾਰੀ ਹੋ ਨਿਬੜਿਆ।

# ਪੰਜਾਬ ਵਿਚ ਸ਼ਰਾਬ ਮਾਫੀਆ ਦੇ ਹੱਥੋਂ ਇਕ ਹਫਤੇ ਵਿਚ ਤੀਜਾ ਕਤਲ

## ਮੁਹੱਲੇ ਵਿਚ ਸ਼ਰਾਬ ਵੇਚਣ ਤੋਂ ਰੋਕਿਆ ਤਾਂ ਸੜਕ ਤੇ ਦੌੜਾਇਆ ਅਤੇ ਕੱਟ ਮਾਰਿਆ

**ਜਲੰਧਰ–** ਸ਼ਰਾਬ ਮਾਫੀਆ ਨੇ ਇਕ ਹੋਰ ਲੜਕੇ ਦੀ ਵੱਢ ਕੇ ਜਾਨ ਲੈ ਲਈ। ਇਕ ਹਫਤੇ ਵਿਚ ਤੀਜਾ ਕਤਲ। ਤਾਜ਼ਾ ਘਟਨਾ ਜਲੰਧਰ ਸਥਿਤ ਬਸਤੀ ਸ਼ੇਖ ਇਲਾਕੇ ਵਿਚ ਜਨਕਨਗਰ ਦੀ ਹੈ। 28 ਸਾਲ ਦਾ ਮਨੀਸ਼ ਲੁਥਰਾ ਇਲਾਕੇ ਵਿਚ ਸ਼ਰਾਬ ਵੇਚਣ ਦਾ ਵਿਰੋਧ ਕਰਦਾ ਸੀ। ਇਹੀ ਗੱਲ ਮਾਫੀਆ ਨੂੰ ਬੁਰੀ ਲੱਗੀ ਅਤੇ ਉਸਨੇ ਬੁੱਧਵਾਰ ਰਾਤ ਨੂੰ ਮਨੀਸ਼ ਨੂੰ ਭਜਾ ਭਜਾ ਕੇ ਕੱਟ ਦਿੱਤਾ। ਪਰਿਵਾਰ ਦੇ ਇਕਲੌਤੇ ਚਿਰਾਗ ਮਨੀਸ਼ ਦਾ 16 ਜਨਵਰੀ ਨੂੰ ਵਿਆਹ ਹੋਇਆ ਸੀ। ਉਸ ਦੇ ਪਿਤਾ ਰਾਜਕੁਮਾਰ ਲੁਥਰਾ ਬਿਜਲੀ ਵਿਭਾਗ ਵਿਚ ਸੀਨੀਅਰ ਲਾਈਨਮੈਨ ਹਨ। ਪੁਲਿਸ ਨੇ ਸ਼ਰਾਬ ਮਾਫੀਆ ਦੇ ਕੁਝ ਲੋਕ ਪਕੜੇ ਹਨ। ਮਨੀਸ਼ ਦੇ ਪਿਤਾ ਰਾਜਕੁਮਾਰ ਨੇ ਦੱਸਿਆ ਕਿ ਬੁੱਧਵਾਰ ਰਾਤ ਉਜਾਗਰ ਅਤੇ ਉਸਦੇ ਸਾਥੀ ਮਨੀਸ਼ ਨੂੰ ਘੇਰ ਕੇ ਖੜ੍ਹੇ ਹੋ ਗਏ। ਉਜਾਗਰ ਦੇ ਹੱਥਾਂ ਵਿਚ ਕਿਰਪਾਨ, ਉਸਦੇ ਬੇਟੇ ਦੇ ਹੱਥ ਵਿਚ ਛੁਰਾ, ਸਾਲੇ ਪਵਨ, ਸਾਥੀ ਪਹਾੜੀ ਦੇ ਹੱਥ ਵਿਚ ਡੰਡੇ ਸਨ। ਉਹਨਾਂ ਨੇ ਮਨੀਸ਼ ਤੇ ਕਿਰਪਾਨ ਨਾਲ ਹਮਲਾ ਕਰ ਦਿੱਤਾ। ਉਹ ਜਾਨ ਬਚਾ ਕੇ ਦੌੜਨ ਲੱਗਿਆ ਤਾਂ ਪਵਨ ਨੇ ਸਿਰ ਤੇ ਲਾਠੀ ਮਾਰੀ। ਮਨੀਸ਼ ਦੇ ਜ਼ਮੀਨ 'ਤੇ ਡਿੱਗਦੇ ਹੀ ਚਾਰੇ ਦੋਸ਼ੀ ਉਸ ਤੇ ਬੈਠ ਗਏ। ਮਨੀਸ਼ ਦੇ ਪੇਟ ਤੇ ਉਜਾਗਰ ਦੇ ਸਾਥੀ ਨੇ ਹਮਲਾ ਕੀਤਾ। ਤਾਂ ਉਜਾਗਰ ਦੀ ਪਤਨੀ ਬੋਲੀ ਗੌਰਵ ਕੀ ਦੇਖ ਰਹੇ ਹੋ? ਇੰਨਾ ਸੁਣਦੇ ਹੀ ਗੌਰਵ ਨੇ ਮਨੀਸ਼ ਦੇ ਪੇਟ ਵਿਚ ਛੁਰਾ ਮਾਰ ਦਿੱਤਾ।



### ਪੁਲਿਸ ਨਾਲ ਸੈਟਿੰਗ

ਉਜਾਗਰ ਸਿੰਘ ਤੋਂ ਲੋਕ ਪ੍ਰੇਸ਼ਾਨ ਸਨ ਪਰ ਸਿੱਧੇ ਤੌਰ ਤੇ ਉਸਦਾ ਕੋਈ ਵਿਰੋਧ ਨਹੀਂ ਕਰਦਾ ਸੀ। ਇਹੀ ਕਾਰਨ ਸੀ ਕਿ ਉਹ 20 ਮਹੀਨੇ ਤੋਂ ਸ਼ਰਾਬ ਵੇਚ ਰਿਹਾ ਸੀ ਅਤੇ ਪੁਲਿਸ ਉਸਨੂੰ ਪਕੜ ਨਹੀਂ ਰਹੀ ਸੀ। ਲੋਕ ਕਹਿੰਦੇ ਹਨ ਕਿ ਇਹ ਸਭ ਸੈਟਿੰਗ ਦੇ ਕਾਰਨ ਸੀ। ਹਾਲਾਂਕਿ ਸਿੱਧੇ ਤੌਰ ਤੇ ਉਜਾਗਰ ਦਾ ਕੋਈ ਰਾਜਨੀਤਿਕ ਸਬੰਧ ਸਾਹਮਣੇ ਨਹੀਂ ਆਇਆ ਪਰ ਉਹ ਫੈਸਟੀਵਲ ਸੀਜਨ ਵਿਚ ਲੱਗਣ ਵਾਲੇ ਹੋਰਡਿੰਗ ਵਿਚ ਨਜ਼ਰ ਆਉਂਦਾ ਸੀ।

# ਸਿੱਖ ਨੂੰ ਮੁਸਲਮਾਨ ਸਮਰਥਕ ਦੱਸ ਰਹੇ ਨੇ ਟਰੰਪ ਦੇ ਪ੍ਰਚਾਰਕ

**(ਸਫਾ 1 ਦੀ ਬਾਕੀ)**

ਹੈ ਕਿ ਸਿੱਖ ਕੌਣ ਹਨ? ਉਹ ਦਾੜ੍ਹੀ ਕਿਉਂ ਰੱਖਦੇ ਹਨ ਅਤੇ ਕਿਉਂ ਪੱਗ ਬੰਨ੍ਹਦੇ ਹਨ? ਇਸ ਕਮੇਟੀ ਦਾ ਮਕਸਦ ਅਮਰੀਕੀਆਂ ਨੂੰ ਇਹ ਦੱਸਣਾ ਹੈ ਕਿ ਸਿੱਖ ਧਰਮ ਦੁਨੀਆਂ ਦੇ ਹੋਰ ਧਰਮਾਂ ਨਾਲੋਂ ਵੱਖਰਾ ਹੈ। ਉਨ੍ਹਾਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਅਮਰੀਕੀ ਸਿਆਸਤਦਾਨਾਂ ਤੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਨੂੰ ਦੱਸਿਆ ਜਾਵੇ ਕਿ ਸਿੱਖਾਂ ਤੇ ਮੁਸਲਮਾਨਾਂ ਵਿੱਚ ਅੰਤਰ ਹੈ।

### ਉੱਤਰੀ ਕੈਰੋਲੀਨਾ 'ਚ ਰਿਪਬਲਿਕਨ ਪਾਰਟੀ ਦਾ ਦਫ਼ਤਰ ਫੂਕਿਆ

ਉੱਤਰੀ ਕੈਰੋਲੀਨਾ ਵਿੱਚ ਰਿਪਬਲਿਕਨ ਪਾਰਟੀ ਦੇ ਦਫ਼ਤਰ ਨੂੰ ਕਿਸੇ ਨੇ ਅੱਗ ਲਗਾ ਕੇ ਸਾੜ ਦਿੱਤਾ ਅਤੇ ਇਕ ਨੇੜਲੀ ਕੰਧ ਉਤੇ ਰਿਪਬਲਿਕਨ ਵਿਰੋਧੀ ਨਾਅਰੇ 'ਨਾਜ਼ੀ ਰਿਪਬਲਿਕਨ' ਲਿਖ ਦਿੱਤੇ। ਅਧਿਕਾਰੀਆਂ ਨੇ ਦੱਸਿਆ ਕਿ ਕੱਲ੍ਹ ਰਾਤ ਔਰੇਂਜ ਕਾਊਂਟੀ ਰਿਪਬਲਿਕਨ ਪਾਰਟੀ ਦੇ ਹੈੱਡਕੁਆਰਟਰਜ਼ ਉਤੇ ਬਾਰੀ ਥਾਣੀਂ ਜਲਣਸ਼ੀਲ ਪਦਾਰਥ ਨਾਲ ਭਰੀਆਂ ਬੋਤਲਾਂ ਸੁੱਟੀਆਂ ਗਈਆਂ। ਇਸ ਕਾਰਨ ਅੱਗ ਲੱਗ ਗਈ ਪਰ ਇਸ ਘਟਨਾ ਵਿੱਚ ਕੋਈ ਜ਼ਖ਼ਮੀ ਨਹੀਂ ਹੋਇਆ।

ਅਧਿਕਾਰੀਆਂ ਨੇ ਦੱਸਿਆ ਕਿ ਦਫ਼ਤਰ ਨੇੜਲੀ ਇਕ ਇਮਾਰਤ ਦੀ ਕੰਧ ਉਤੇ ਲਿਖਿਆ ਹੋਇਆ ਸੀ 'ਨਾਜ਼ੀ ਰਿਪਬਲਿਕਨ ਸ਼ਹਿਰ ਛੱਡੋ ਵਰਨਾ'। ਸਟੇਟ ਰਿਪਬਲਿਕਨ ਕਾਰਜਕਾਰੀ ਡਾਇਰੈਕਟਰ ਡੱਲਾਸ ਵੁੱਡਹਾਊਸ ਨੇ ਇਸ ਘਟਨਾ ਨੂੰ 'ਸਿਆਸੀ ਅਤਿਵਾਦ' ਕਰਾਰ ਦਿੰਦਿਆਂ ਕਿਹਾ ਕਿ ਕਈ ਵਾਰ ਵਰਕਰ ਦੇਰ ਤੱਕ ਕੰਮ ਕਰਦੇ ਹਨ ਪਰ ਖੁਸ਼ਕਿਸਮਤੀ ਨਾਲ ਇਸ ਘਟਨਾ ਵਿੱਚ ਕੋਈ ਫੱਟੜ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਜਿੱਥੇ ਬੋਤਲ ਬੰਬ ਸੁੱਟਿਆ ਗਿਆ ਸੀ ਉਥੇ ਕਈ ਵਾਰ ਵਰਕਰ ਸੌਂ ਜਾਂਦੇ ਹਨ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਸਥਿਤ ਰਿਪਬਲਿਕਨ ਦਫ਼ਤਰਾਂ ਦੀ ਸੁਰੱਖਿਆ ਦੀ ਮੁੜ ਸਮੀਖਿਆ ਕੀਤੀ ਜਾ ਰਹੀ ਹੈ। ਰਾਸ਼ਟਰਪਤੀ ਦੇ ਅਹੁਦੇ ਲਈ ਡੈਮੋਕਰੈਟਿਕ ਉਮੀਦਵਾਰ ਹਿਲੇਰੀ ਕਲਿੰਟਨ ਨੇ ਟਵੀਟ ਕੀਤਾ, 'ਇਹ ਬੇਹੱਦ ਭਿਆਨਕ ਤੇ ਨਾਬਰਦਾਸ਼ਤਯੋਗ ਹਮਲਾ ਹੈ। ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਸਾਰੇ ਸੁਰੱਖਿਅਤ ਹਨ।' ਰਿਪਬਲਿਕਨ ਉਮੀਦਵਾਰ ਡੋਨਲਡ ਟਰੰਪ ਨੇ ਇਸ ਨੂੰ ਹਮਲੇ ਲਈ ਡੈਮੋਕਰੈਟਾਂ ਨੂੰ ਦੋਸ਼ੀ ਠਹਿਰਾਇਆ। ਉਨ੍ਹਾਂ ਸਥਾਨਕ ਰਿਪਬਲਿਕਨਾਂ ਨੂੰ ਉਤਸ਼ਾਹਿਤ ਕਰਦਿਆਂ ਕਿਹਾ, 'ਤੁਸੀਂ ਇਸ ਨੂੰ ਕਦੇ ਵੀ ਨਹੀਂ ਭੁੱਲੋਗੇ। ਹੁਣ ਸਾਨੂੰ ਜਿੱਤਣਾ ਪਵੇਗਾ। ਤੁਹਾਡੇ ਸਾਰਿਆਂ ਉਤੇ ਮਾਣ ਹੈ।'

### ਭਾਰਤੀ ਅਮਰੀਕੀਆਂ ਦਾ ਝੁਕਾਅ ਰਿਪਬਲਿਕਨਾਂ ਵੱਲ

ਵਾਸ਼ਿੰਗਟਨ– ਹਾਲ ਹੀ ਦੌਰਾਨ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨਲਡ ਟਰੰਪ ਵੱਲੋਂ ਕੀਤੀ ਗਈ ਚੋਣ ਰੈਲੀ ਵਿੱਚ ਭਾਰਤੀਆਂ ਦੀ ਵੱਡੀ ਸ਼ਮੂਲੀਅਤ ਤੋਂ ਸਾਫ਼ ਹੈ ਕਿ ਇਸ ਪਾਰਟੀ ਨੇ ਡੈਮੋਕਰੈਟਾਂ ਦੇ ਭਾਰਤੀ ਅਮਰੀਕੀ ਵੋਟ ਬੈਂਕ ਨੂੰ ਢਾਹ ਲਗਾ ਦਿੱਤੀ ਹੈ। ਰਿਪਬਲਿਕਨ ਪਾਰਟੀ ਦੇ ਸੂਤਰਾਂ ਮੁਤਾਬਕ ਭਾਰਤੀਆਂ ਦੇ ਬਦਲ ਰਹੇ ਇਸ ਰੁਖ਼ ਦਾ ਭਾਵੇਂ ਇਸ ਵਾਰ ਰਿਪਬਲਿਕਨ ਉਮੀਦਵਾਰ ਨੂੰ ਬਹੁਤਾ ਲਾਭ ਨਾ ਹੋਵੇ ਪਰ ਅਗਲੇ ਸਾਲਾਂ ਵਿੱਚ ਡੈਮੋਕਰੈਟਿਕ ਪਾਰਟੀ ਨੂੰ ਭਾਰਤੀ ਵੋਟਾਂ ਉਸ ਦੇ ਹੱਥੋਂ ਖਿਸਕਣ ਦਾ ਨੁਕਸਾਨ ਹੋ ਸਕਦਾ ਹੈ। ਟਰੰਪ ਨੇ ਐਡੀਸਨ ਵਿੱਚ ਭਾਰਤੀ ਅਮਰੀਕੀਆਂ ਦੀ ਰੈਲੀ ਵਿੱਚ ਕਿਹਾ ਸੀ ਕਿ ਉਹ ਹਿੰਦੂਆਂ ਤੇ ਭਾਰਤ ਦੇ ਵੱਡੇ ਪ੍ਰਸ਼ੰਸਕ ਹਨ ਤੇ ਜੇ ਉਹ ਰਾਸ਼ਟਰਪਤੀ ਬਣ ਗਏ ਤਾਂ ਭਾਰਤ ਤੇ ਅਮਰੀਕਾ ਪੱਕੇ ਮਿੱਤਰ ਬਣ ਜਾਣਗੇ। ਰਿਪਬਲਿਕਨ ਸਮਰਥਕ ਸੰਪਤ ਸ਼ਿਵਾਂਗੀ ਨੇ ਕਿਹਾ ਕਿ ਟਰੰਪ ਦਾ ਇਹ ਬਿਆਨ ਕਾਫ਼ੀ ਅਹਿਮੀਅਤ ਰੱਖਦਾ ਹੈ। ਇਸ ਰੈਲੀ ਵਿੱਚ ਪੰਜ ਹਜ਼ਾਰ ਦੇ ਕਰੀਬ ਭਾਰਤੀ ਅਮਰੀਕੀ ਸਨ। ਟੀਵੀ ਪੱਤਰਕਾਰ ਰੋਹਿਤ ਵਿਆਸ ਨੇ ਸ੍ਰੀ ਸ਼ਿਵਾਂਗੀ ਨਾਲ ਸਹਿਮਤੀ ਜਤਾਉਂਦਿਆਂ ਕਿਹਾ ਕਿ ਰਿਪਬਲਿਕਨ ਪਾਰਟੀ ਵੱਲ ਭਾਰਤੀਆਂ ਦਾ ਝੁਕਾਅ ਵੱਧ ਰਿਹਾ ਹੈ। ਦੂਜੇ ਪਾਸੇ ਡੈਮੋਕਰੈਟਿਕ ਪਾਰਟੀ ਵੱਲੋਂ ਹਿਲੇਰੀ ਕਲਿੰਟਨ ਦੀ ਮੁਹਿੰਮ ਚਲਾਉਣ ਵਾਲਿਆਂ ਨੇ ਇਸ ਗੱਲ ਨੂੰ ਰੱਦ ਕੀਤਾ ਹੈ ਕਿ ਭਾਰਤੀ ਮੂਲ ਦੇ ਲੋਕ ਰਿਪਬਲਿਕਨ ਪਾਰਟੀ ਵੱਲ ਵੱਧ ਰਹੇ ਹਨ। ਉਨ੍ਹਾਂ ਦਾ ਦਾਅਵਾ ਹੈ ਕਿ ਹਿਲੇਰੀ ਦੇ ਭਾਰਤ ਨਾਲ ਚੰਗੇ ਤੇ ਮਜ਼ਬੂਤ ਸਬੰਧ ਹਨ। ਟਰੰਪ ਦੇ ਹਾਲ ਹੀ ਦੌਰਾਨ ਸਾਹਮਣੇ ਆਏ ਸਾਲ 2005 ਦੇ ਵੀਡੀਓ ਬਾਰੇ ਉਨ੍ਹਾਂ ਦੀ ਪਤਨੀ ਮਲਾਨੀਆ ਨੇ ਚੁੱਪ ਤੋੜੀ ਹੈ। ਇਸ ਵੀਡੀਓ ਵਿੱਚ ਟਰੰਪ ਔਰਤਾਂ ਬਾਰੇ ਭੱਦੀਆਂ ਟਿੱਪਣੀਆਂ ਕਰ ਰਹੇ ਹਨ। ਮਲੇਨੀਆ ਨੇ ਕਿਹਾ ਹੈ ਕਿ ਉਨ੍ਹਾਂ ਦੇ ਪਤੀ ਨੂੰ ਅਜਿਹੀਆਂ ਗੱਲਾਂ ਕਰਨ ਲਈ ਉਕਸਾਇਆ ਗਿਆ ਸੀ। ਟਰੰਪ ਨੇ ਹਿਲੇਰੀ 'ਤੇ ਦੋਸ਼ ਲਾਇਆ ਹੈ ਕਿ ਉਸ ਦਾ ਮਾਫੀਆ ਨਾਲ ਗਠਜੋੜ ਹੈ ਤੇ ਉਹ ਸਰਕਾਰ ਨੂੰ ਨਿੱਜੀ ਹਿੱਤਾਂ ਲਈ ਵਰਤਣ ਲਈ ਤਰਲੋ ਮੱਛੀ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਉਹ ਚੋਣਾਂ ਵਿੱਚ ਮੀਡੀਆ ਦੀ ਵਰਤੋਂ ਵੀ ਲੋਕਾਂ ਦੇ ਮਨਾਂ ਅੰਦਰ ਜ਼ਹਿਰ ਘੋਲਣ ਲਈ ਕਰ ਰਹੀ ਹੈ।

### ਟਰੰਪ ਤੋਂ ਬਹੁਤ ਅੱਗੇ ਨਿਕਲੀ ਹਿਲੇਰੀ

ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਤਾਜ਼ਾ ਸਰਵੇਖਣ ਵਿੱਚ ਡੈਮੋਕਰੈਟਿਕ ਪਾਰਟੀ ਦੀ ਉ-ਮੀਦਵਾਰ ਹਿਲੇਰੀ ਕਲਿੰਟਨ ਨੇ ਆਪਣੇ ਵਿਰੋਧੀ ਡੋਨਲਡ ਟਰੰਪ ਉਪਰ 9 ਅੰਕਾਂ ਦੀ ਲੀਡ ਲੈ ਲਈ ਹੈ। ਔਰਤਾਂ ਬਾਰੇ ਮਾਮਲੇ ਵਿੱਚ ਘਿਰਨ ਬਾਅਦ ਸੀਬੀਐਸ ਨਿਊਜ਼ ਵੱਲੋਂ ਕਰਵਾਏ ਸਰਵੇਖਣ ਵਿੱਚ ਹਿਲੇਰੀ ਨੂੰ 47 ਫੀਸਦ ਤੇ ਟਰੰਪ ਨੂੰ 38 ਫੀਸਦ ਵੋਟਾਂ ਮਿਲੀਆਂ। ਇਸ ਤਰ੍ਹਾਂ ਹਿਲੇਰੀ ਨੌਂ ਅੰਕ ਅੱਗੇ ਨਿਕਲ ਗਈ। ਉਨ੍ਹਾਂ ਨੇ ਇਹ ਲੀਡ ਚਾਰ ਉਮੀਵਾਰਾਂ ਵਿੱਚ ਕਰਵਾਏ ਸਰਵੇਖਣ ਦੌਰਾਨ ਲਈ, ਜਦ ਕਿ ਦੋ ਉਮੀਦਵਾਰ ਵਿਚਾਲੇ ਕਰਵਾਏ ਸਰਵੇਖਣ ਵਿੱਚ ਉਨ੍ਹਾਂ ਨੇ 11 ਅੰਕਾਂ ਦੀ ਲੀਡ ਲਈ ਅਤੇ ਇਹ ਪਹਿਲੀ ਵਾਰ ਹੈ ਜਦੋਂ ਵੋਟਰਾਂ ਵਿੱਚ ਹਿਲੇਰੀ ਦੀ ਮਕਬੂਲੀਅਤ 51 ਫੀਸਦ ਨੂੰ ਪਾਰ ਕਰ ਗਈ।

# ਸਰਬੱਤ ਖ਼ਾਲਸਾ ਬਾਰੇ ਫ਼ੈਸਲਾ ਲੈਣ ਲਈ 13 ਮੈਂਬਰੀ ਕਮੇਟੀ ਬਣਾਈ

***(ਸਫਾ 1 ਦੀ ਬਾਕੀ)***

### ਸਹਿਮਤੀ ਲਈ ਹਵਾਰਾ ਨਾਲ ਮੁਲਾਕਾਤ ਦਾ ਫ਼ੈਸਲਾ

ਸਰਬੱਤ ਖ਼ਾਲਸਾ ਨੂੰ ਲੈ ਕੇ ਪੰਥਕ ਧਿਰਾਂ 'ਚ ਪੈਦਾ ਹੋਏ ਵਖਰੇਵੇਂ ਨੂੰ ਖ਼ਤਮ ਕਰਨ ਲਈ ਪੰਥਕ ਆਗੂਆਂ ਵੱਲੋਂ ਜਗਤਾਰ ਸਿੰਘ ਹਵਾਰਾ ਨਾਲ ਮੁਲਾਕਾਤ ਦਾ ਫ਼ੈਸਲਾ ਲਿਆ ਗਿਆ ਹੈ। 'ਸਰਬੱਤ ਖਾਲਸਾ-2015' ਦੀਆਂ ਪ੍ਰਬੰਧਕ ਧਿਰਾਂ ਨੇ ਪੰਜ ਪਿਆਰਿਆਂ ਦੀ ਮੀਟਿੰਗ ਤੋਂ ਦੂਰੀ ਬਣਾ ਕੇ ਰੱਖੀ। ਪ੍ਰਬੰਧਕਾਂ ਵਿੱਚ ਸ਼ਾਮਲ ਯੂਨਾਈਟਿਡ ਅਕਾਲੀ ਦਲ ਦੇ ਜਨਰਲ ਸਕੱਤਰ ਗੁਰਦੀਪ ਸਿੰਘ ਬਠਿੰਡਾ ਨੇ ਦੱਸਿਆ ਕਿ ਬੀਤੇ ਦਿਨ ਪਿੰਡ ਬਰਗਾੜੀ ਵਿੱਚ ਪੰਜ ਪਿਆਰਿਆਂ ਨਾਲ ਹੋਈ ਮੀਟਿੰਗ ਸਮੇਂ ਸਪੱਸ਼ਟ ਕੀਤਾ ਗਿਆ ਸੀ ਕਿ ਪੰਜ ਪਿਆਰੇ ਆਪਸੀ ਰਲੇਵੇਂ ਤੋਂ ਪਹਿਲਾਂ ਨਵੰਬਰ 2015 ਵਿੱਚ ਕੀਤੇ ਸਰਬੱਤ ਖ਼ਾਲਸਾ ਨੂੰ ਮਾਨਤਾ ਦੇਣ। ਸਰਬੱਤ ਖ਼ਾਲਸਾ ਵਿੱਚ ਚੁਣੇ ਜਥੇਦਾਰਾਂ ਅਤੇ ਪਾਸ ਕੀਤੇ ਮਤਿਆਂ ਨੂੰ ਵੀ ਪ੍ਰਵਾਨ ਕਰਨ, ਪਰ ਫਿਲਹਾਲ ਉਨ੍ਹਾਂ ਨੇ ਇਸ ਬਾਰੇ ਕੋਈ ਸਹਿਮਤੀ ਨਹੀਂ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਅੱਜ ਪ੍ਰਬੰਧਕੀ ਧਿਰਾਂ ਵਿੱਚ ਸ਼ਾਮਲ ਸਿਮਰਨਜੀਤ ਸਿੰਘ ਮਾਨ, ਭਾਈ ਮੋਹਕਮ ਸਿੰਘ ਸਮੇਤ ਮੁਤਵਾਜ਼ੀ ਜਥੇਦਾਰ ਤੇ ਹੋਰ ਕੋਈ ਵੀ ਇਸ ਮੀਟਿੰਗ ਵਿੱਚ ਸ਼ਾਮਲ ਨਹੀਂ ਹੋਇਆ ਹੈ। ਉਨ੍ਹਾਂ ਦੱਸਿਆ ਕਿ ਦੋਵਾਂ ਧਿਰਾਂ ਤੇ ਤਾਲਮੇਲ 'ਚ ਆਈ ਖੜੋਤ ਨੂੰ ਤੋੜਣ ਲਈ ਜਲਦੀ ਹੀ ਜਗਤਾਰ ਸਿੰਘ ਹਵਾਰਾ ਨਾਲ ਮੀਟਿੰਗ ਕੀਤੀ ਜਾਵੇਗੀ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਦਲਿਤਾਂ ਉਤੇ ਜਾਤ-ਪਾਤ ਦੇ ਨਾਂ 'ਤੇ ਢਾਹਿਆ ਜਾ ਰਿਹਾ ਹੈ ਜ਼ੁਲਮ

**(ਸਫਾ 1 ਦੀ ਬਾਕੀ)**

ਸੀ ਕਿ ਇਸਰਾਈਲ ਨੇ ਇਹ ਕੀਤਾ ਹੈ। ਦੇਸ਼ ਨੇ ਦੇਖਿਆ ਹੈ ਕਿ ਭਾਰਤੀ ਫ਼ੌਜ ਕਿਸੇ ਤੋਂ ਘੱਟ ਨਹੀਂ ਹੈ।

ਇਸਰਾਈਲ ਨੂੰ ਦੁਸ਼ਮਣ ਮੁਲਕਾਂ ਤੇ ਅਤਿਵਾਦੀ ਜਥੇਬੰਦੀਆਂ ਖ਼ਿਲਾਫ਼ ਸਰਜੀਕਲ ਹਮਲਿਆਂ ਲਈ ਜਾਣਿਆ ਜਾਂਦਾ ਹੈ। ਪ੍ਰਧਾਨ ਮੰਤਰੀ ਹਿਮਾਚਲ ਪ੍ਰਦੇਸ਼ ਵਿੱਚ ਇਕ ਰੈਲੀ ਨੂੰ ਸੰਬੋਧਨ ਕਰ ਰਹੇ ਸਨ, ਜਿਥੇ ਉਨ੍ਹਾਂ ਤਿੰਨ ਪਣ-ਬਿਜਲੀ ਪ੍ਰਾਜੈਕਟਾਂ ਦਾ ਉਦਘਾਟਨ ਕੀਤਾ। ਸਰਜੀਕਲ ਹਮਲੇ ਬਾਰੇ ਵਿਰੋਧੀ ਧਿਰਾਂ ਦੋਸ਼ ਲਗਾ ਰਹੀਆਂ ਹਨ ਕਿ ਭਾਜਪਾ ਤੇ ਇਸ ਦੀ ਸਰਕਾਰ ਵੱਲੋਂ ਇਸ ਹਮਲੇ ਨੂੰ ਰਾਜਸੀ ਲਾਭ ਲਈ ਪ੍ਰਚਾਰਿਆ ਜਾ ਰਿਹਾ ਹੈ। ਭਾਜਪਾ ਵੱਲੋਂ ਇਹ ਦੋਸ਼ ਰੱਦ ਕੀਤੇ ਜਾਂਦੇ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਫ਼ੌਜ ਦਾ ਮਨੋਬਲ ਵਧਾਉਣ ਤੇ ਪ੍ਰਧਾਨ ਮੰਤਰੀ ਦੀ ਮਜ਼ਬੂਤ ਇੱਛਾ ਸ਼ਕਤੀ ਨੂੰ ਉਭਾਰਨ ਲਈ ਇਸ ਮੁੱਦੇ ਨੂੰ ਜਨਤਾ ਤਕ ਲਿਜਾ ਰਹੇ ਹਨ।

ਸੁਰੱਖਿਆ ਬਲਾਂ ਦੀ ਭਲਾਈ ਪ੍ਰਤੀ ਆਪਣੀ ਵਚਨਬੱਧਤਾ ਦੀ ਗੱਲ ਕਰਦਿਆਂ ਸ੍ਰੀ ਮੋਦੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਸੇਵਾਮੁਕਤ ਸੈਨਿਕਾਂ ਲਈ 'ਇਕ ਰੈਂਕ-ਇਕ ਪੈਨਸ਼ਨ' ਦੇ ਵਾਅਦੇ ਨੂੰ ਪੂਰਾ ਕੀਤਾ ਹੈ, ਜੋ 40 ਸਾਲ ਤੋਂ ਵੱਧ ਸਮੇਂ ਤੋਂ ਲਟਕ ਰਿਹਾ ਸੀ।

ਇਸ ਦੌਰਾਨ ਪ੍ਰਧਾਨ ਮੰਤਰੀ ਦੀ ਇਥੇ ਰੈਲੀ ਵਿੱਚ ਹਿਮਾਚਲ ਪ੍ਰਦੇਸ਼ ਦੇ ਸਾਰੇ ਸਿਖ਼ਰਲੇ ਨੇਤਾ ਮੌਜੂਦ ਸਨ ਪਰ ਪੋਸਟਰਾਂ ਵਿੱਚ ਸਥਾਨਕ ਨੇਤਾਵਾਂ ਦੇ ਚਿਹਰੇ ਨਜ਼ਰ ਨਹੀਂ ਆਏ।

# ਆਦਿਵਾਸੀ-ਦਲਿਤਾਂ ਦੇ ਲਈ ਮਿਲੀ ਝਾਰਖੰਡ ਨੂੰ ਵਿਸ਼ੇਸ਼ ਸਹੂਲਤ - ਆਦਿ ਧਰਮ ਹੀ ਸਾਡਾ ਅਸਲ ਧਰਮ

**ਰਾਂਚੀ–** ਜਨਜਾਤੀ ਸਲਾਹਕਾਰੀ ਪਰਿਸ਼ਦ ਦੇ ਮੈਂਬਰ ਰਤਨ ਤਿਰਕੀ ਨੇ ਬੀਤੇ ਸੋਮਵਾਰ ਜਾਗਰਣ ਵਿਚਾਰ ਵਟਾਂਦਰਾ ਵਿਚ ਧਰਮ ਤਬਦੀਲੀ ਦੇ ਮੁੱਦੇ ਤੇ ਆਪਣੀ ਬੇਬਾਕ ਰਾਇ ਰੱਖੀ। ਉਹਨਾਂ ਕਿਹਾ ਕਿ ਸਾਨੂੰ ਸੰਵਿਧਾਨ ਦੁਆਰਾ ਮਿਲੇ ਅਧਿਕਾਰਾਂ ਦਾ ਪਾਲਣ ਕਰਨਾ ਚਾਹੀਦਾ ਹੈ।

ਸੰਵਿਧਾਨ ਵਿਚ ਦੇਸ਼ ਦੇ 9 ਰਾਜਾਂ ਨੂੰ ਵਿਸ਼ੇਸ਼ ਸਹੂਲਤ ਪ੍ਰਦਾਨ ਕੀਤੀ ਗਈ ਹੈ, ਇਹਨਾਂ ਵਿਚੋਂ ਝਾਰਖੰਡ ਵੀ ਇਕ ਹੈ। ਪੰਜਵੀਂ ਅਨੁਸੂਚੀ ਹੈ ਅਤੇ ਕਿਤੇ ਨੌਵੀ ਅਨੁਸੂਚੀ। ਇਸ ਦੇ ਤਹਿਤ ਵਿਸ਼ੇਸ਼ ਸਹੂਲਤਾਂ ਇਸ ਕਰਕੇ ਪ੍ਰਦਾਨ ਕੀਤੀਆਂ ਗਏਆਂ ਹਨ ਤਾਂ ਜੋ ਇਹਨਾਂ ਰਾਜਾਂ ਦੇ ਆਦਿਵਾਸੀ-ਪੱਛੜੇ ਅਤੇ ਦਲਿਤਾਂ ਦਾ ਵਿਕਾਸ ਹੋ ਸਕੇ। ਇਹ ਵਿਸ਼ੇਸ਼ ਸਹੂਲਤ ਧਰਮ ਦੇ ਆਧਾਰ 'ਤੇ ਨਹੀਂ ਦਿੱਤੀ ਗਈ ਹੈ। ਸੰਵਿਧਾਨ ਧਰਮ ਦੀ ਆਜ਼ਾਦੀ ਦਾ ਅਧਿਕਾਰ ਦਿੰਦਾ ਹੈ। ਸਾਡੇ ਪੁਰਖਿਆਂ ਦਾ ਧਰਮ ਆਦਿ ਧਰਮ ਹੈ। ਰਤਨ ਨੇ ਕਿਹਾ ਕਿ ਅਖਿਲ ਭਾਰਤੀ ਆਦਿ-ਵਾਸੀ ਵਿਕਾਸ ਪਰਿਸ਼ਦ ਦੇ ਸੰਸਥਾਪਕ ਕਾਰਤਿਕ ਉਰਾਂਵ ਨੇ ਉੜੀਸਾ ਦੇ ਇਕ ਸੰਮੇਲਨ ਵਿਚ ਵੀਹ ਸਾਲ ਦੀ ਕਾਲੀ ਰਾਤ ਨਾਮੀ ਆਪਣੀ ਕਿਤਾਬ ਦੇ ਹਵਾਲੇ ਨਾਲ ਆਦਿ ਧਰਮ ਦੀ ਚਰਚਾ ਕੀਤੀ ਸੀ। ਉਸ ਪੁਸਤਕ ਵਿਚ ਧਾਰਾ 342 ਵਿਚ ਇਸਦੀ ਵਕਾਲਤ ਕੀਤੀ ਹੈ। ਡਾ. ਰਾਮਦਿਆਲ ਮੁੰਡਾ ਨੇ ਵੀ ਆਦਿ ਧਰਮ ਪੁਸਤਕ ਦੀ ਰਚਨਾ ਕੀਤੀ ਅਤੇ ਇਸ ਬਾਰੇ ਵਿਸਥਾਰ ਨਾਲ ਦੱਸਿਆ ਹੈ ਕਿ ਆਦਿਵਾਸੀਆਂ ਦਾ ਧਰਮ ਆਦਿ ਧਰਮ ਕਿਉਂ ਹੋਣਾ ਚਾਹੀਦਾ ਹੈ। ਪੁਸਤਕ ਵਿਚ ਇਕ ਗੀਤ ਹੈ- ਆਦਿ ਧਰਮ ਲੇਕੇ ਰਹੇਂਗੇ। ਸਾਡਾ ਇਤਿਹਾਸ ਅਤੇ ਅਤੀਤ ਇਹੀ ਹੈ। ਡਾ. ਮੁੰਡਾ ਨੇ ਕਿਹਾ ਸੀ ਕਿ ਜੇ ਨਾਚੀ ਸੇ ਬਾਚੀ। ਸਾਡੀ ਪ੍ਰੰਪਰਾ ਇਹੀ ਹੈ। ਅੱਜ ਆਧੁਨਿਕਤਾ ਦੇ ਕਾਰਨ ਅਸੀਂ ਸੰਸਕਾਰਾਂ ਤੋਂ ਦੂਰ ਹੁੰਦੇ ਜਾ ਰਹੇ ਹਾਂ। ਸਾਡੇ ਬੱਚੇ ਅੰਗਰੇਜ਼ੀ ਪੜ੍ਹ ਰਹੇ ਹਨ, ਪੈਰ ਛੂਹਣਾ ਅਤੇ ਲੋਟਾ ਦੇਣਾ ਭੁੱਲਦੇ ਜਾ ਰਹੇ ਹਨ। ਅਸੀਂ ਆਪਣੀ ਮਿੱਟੀ ਅਤੇ ਸੰਸਕ੍ਰਿਤੀ ਤੋਂ ਦੂਰ ਹੋ ਰਹੇ ਹਾਂ। ਅਸੀਂ ਆਪਣੇ ਮੂਲ ਤੋਂ ਉਖੜ ਰਹੇ ਹਾਂ। ਪੜ੍ਹਿਆ-ਲਿਖਿਆ ਵਰਗ ਆਪਣੇ ਪਿੰਡ ਤੋਂ ਦੂਰ ਹੋ ਰਿਹਾ ਹੈ।

ਮੁਸ਼ਕਿਲ ਅਤੇ ਚਿੰਤਾ ਦੀ ਗੱਲ ਇਹ ਹੈ ਕਿ ਵੰਡ ਦੇ ਲਈ ਅਸੀਂ ਹੀ ਜ਼ਿੰਮੇਵਾਰ ਹਾਂ। ਕੋਈ ਵੰਡ ਨਹੀਂ ਰਿਹਾ, ਅਸੀਂ ਖੁਦ ਵੰਡੇ ਜਾ ਰਹੇ ਹਾਂ। ਸਾਡੇ ਲੋਕ ਬੋਲ ਨਹੀਂ ਪਾਉਂਦੇ,ਇਸ ਕਰਕੇ ਮੀਡੀਆ ਦੀ ਜ਼ਿੰਮੇਵਾਰੀ ਹੈ ਕਿ ਉਹ ਸਾਨੂੰ ਦਿਸ਼ਾ ਦਿਖਾਵੇ।

**ਧਰਮ ਨਹੀਂ, ਦੇਸ਼ ਲਈ ਸ਼ਹੀਦ ਹੋਏ ਸਨ ਅਲਬਰਟ ਏਕਾ:**

ਅਲਬਰਟਾ ਏਕਾ ਨੇ ਦੇਸ਼ ਦੇ ਲਈ ਗੋਲੀ ਖਾਧੀ ਸੀ, ਕਿਸੇ ਧਰਮ ਦੇ ਲਈ ਨਹਾਂ। ਉਸ ਨਾਇਕ ਨੂੰ ਅਸੀਂ ਧਰਮ ਤੱਕ ਸੀਮਤ ਨਹੀਂ ਰੱਖ ਸਕਦੇ। ਅਸੀਂ ਪਹਿਲਾਂ ਆਦਿਵਾਸੀ ਹਾਂ। ਇਹੀ ਸਾਡੀ ਪਛਾਣ ਹੈ। ਸਾਡੇ ਖੂਨ ਵਿਚ ਇਹੀ ਆਦਿਵਾਸੀਅਤ ਹੈ। ਧਰਮ ਬਾਅਦ ਦੀ ਚੀਜ਼ ਹੈ। ਮੁੱਖ ਧਾਰਾ ਦੀ ਚਰਚਾ ਅਕਸਰ ਹੁੰਦੀ ਹੈ ਪਰ ਅਸੀਂ ਅਜਿਹੀ ਕਿਸੇ ਮੁੱਖ ਧਾਰਾ ਵਿਚ ਸ਼ਾਮਲ ਹੋਣਾ ਨਹੀਂ ਚਾਹੁੰਦੇ ਜਿਸ ਵਿਚ ਸਾਡੀ ਸਮੂਹਿਕਤਾ ਖਤਮ ਹੋ ਜਾਵੇ।

## ਆਖਰ ਕਦੋਂ ਨਸੀਬ ਹੋਵੇਗੀ ਪੱਛੜੇ ਸਮਾਜ ਨੂੰ ਮੁਫਤ ਬਿਜਲੀ ਦੀ ਸਹੂਲਤ?

### ਨੋਟੀਫਿਕੇਸ਼ਨ ਜਾਰੀ ਕਰਨ ਦੀ ਬਜਾਏ ਅਖਬਾਰਾਂ ਵਿਚ ਇਸ਼ਤਿਹਾਰ ਦੇਣ ਲੱਗੀ ਸਰਕਾਰ

**ਭਿੱਖੀਵਿੰਡ (ਭੁਪਿੰਦਰ ਸਿੰਘ)–** ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਨੂੰ ਮੁੱਖ ਰੱਖਦਿਆਂ ਅਕਾਲੀ-ਭਾਜਪਾ ਸਰਕਾਰ ਵੱਲੋਂ ਪੱਛੜੇ ਸਮਾਜ ਦੀਆਂ ਵੋਟਾਂ ਬਟੋਰਣ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਕੁਝ ਮਹੀਨੇ ਪਹਿਲਾਂ 200 ਯੂਨਿਟ ਬਿਜਲੀ ਮੁਫਤ ਦਾ ਐਲਾਨ ਕੀਤਾ ਗਿਆ ਸੀ ਤਾਂ ਅਕਾਲੀ ਲੀਡਰਾਂ ਵੱਲੋਂ ਅਖਬਾਰੀ ਬਿਆਨਾਂ ਰਾਂਹੀ ਪੱਛੜੇ ਸਮਾਜ ਦੇ ਲੋਕਾਂ ਨੂੰ ਮੁਫਤ ਬਿਜਲੀ ਦੇਣ ਦੇ ਸੋਹਲੇ ਗਾਏ ਗਏ ਸਨ, ਪਰ ਕਈ ਦਿਨ ਬੀਤ ਜਾਣ ਦੇ ਬਾਵਜੂਦ ਵੀ ਬਿਜਲੀ ਮੁਫਤ ਦਾ ਨੋਟੀਫਿਕੇਸ਼ਨ ਜਾਰੀ ਨਹੀ ਹੋਇਆ।

ਹੁਣ ਅਕਾਲੀ-ਭਾਜਪਾ ਸਰਕਾਰ ਵੱਲੋਂ ਅਖਬਾਰਾਂ ਵਿਚ ਇਸ਼ਤਿਹਾਰ ਦੇ ਕੇ ਪੱਛੜੇ ਸਮਾਜ ਨੂੰ 200 ਬਿਜਲੀ ਮੁਫਤ ਦੇਣ ਦਾ ਐਲਾਨ ਕੀਤਾ ਜਾ ਰਿਹਾ ਹੈ, ਜਦੋਂ ਕਿ ਇਸ ਸਹੂਲਤ ਸੰਬੰਧੀ ਪੰਜਾਬ ਸਰਕਾਰ ਵੱਲੋਂ ਪਾਵਰਕਾਮ ਦੇ ਦਫਤਰਾਂ ਨੂੰ ਅਜੇ ਤੱਕ ਕੋਈ ਵੀ ਲਿਖਤੀ ਨੋਟਿਸ (ਆਡਰ) ਜਾਰੀ ਨਹੀ ਕੀਤੇ ਗਏ। ਪੱਛੜੇ ਸਮਾਜ ਨੂੰ 200 ਯੂਨਿਟ ਬਿਜਲੀ ਮੁਫਤ ਸੰਬੰਧੀ ਜਦੋਂ ਪਾਵਰਕਾਮ ਦਫਤਰ ਭਿੱਖੀਵਿੰਡ ਦੇ ਐਸ.ਡੀ.ਓ ਜਸਪਾਲ ਸਿੰਘ ਨੂੰ ਪੁੱਛਿਆ ਤਾਂ ਉਹਨਾਂ ਨੇ ਕਿਹਾ ਕਿ ਸਰਕਾਰ ਵੱਲੋਂ ਸਹੂਲਤ ਦੇਣ ਸੰਬੰਧੀ ਸਾਡੇ ਕੋਲ ਕਿਸੇ ਕਿਸਮ ਦੇ ਆਡਰ ਨਹੀ ਆਏ।

## ਕਤਲੇਆਮ '84: ਜੱਜ ਵੱਲੋਂ ਸੱਜਣ ਕੁਮਾਰ ਦੀ ਝਾੜ-ਝੰਬ

**ਨਵੀਂ ਦਿੱਲੀ–** ਦਿੱਲੀ ਹਾਈ ਕੋਰਟ ਨੇ ਕਿਹਾ ਕਿ ਉਹ 'ਵਿਲੱਖਣ' ਦਿਨ ਹੋਵੇਗਾ ਜਦੋਂ ਪਟੀਸ਼ਨਰ ਫ਼ੈਸਲਾ ਲੈਣਗੇ ਕਿ ਉਨ੍ਹਾਂ ਦੇ ਕੇਸ ਉਤੇ ਕਿਹੜਾ ਜੱਜ ਸੁਣਵਾਈ ਕਰੇਗਾ। ਕਾਂਗਰਸੀ ਆਗੂ ਤੇ ਹੋਰਾਂ ਵੱਲੋਂ ਡਿਵੀਜ਼ਨ ਬੈਂਚ ਦੇ ਇਕ ਜੱਜ ਉਤੇ ਪੱਖਪਾਤੀ ਹੋਣ ਦੇ ਦੋਸ਼ ਲਗਾ ਕੇ 1984 ਦੇ ਸਿੱਖ ਕਤਲੇਆਮ ਸਬੰਧੀ ਕੇਸ ਨੂੰ ਤਬਦੀਲ ਕਰਨ ਲਈ ਪਾਈ ਅਪੀਲ ਉਤੇ ਸੁਣਵਾਈ ਦੌਰਾਨ ਅਦਾਲਤ ਨੇ ਇਹ ਗੱਲ ਕਹੀ। ਜਸਟਿਸ ਪੀ ਐਸ ਤੇਜੀ ਅਤੇ ਜਸਟਿਸ ਗੀਤਾ ਮਿੱਤਲ ਦੇ ਬੈਂਚ ਨੇ ਕਿਹਾ, 'ਉਹ ਇਤਿਹਾਸ ਵਿੱਚ ਨਿਰਾਲਾ ਦਿਨ ਹੋਵੇਗਾ ਜਦੋਂ ਕਿਸੇ ਕੇਸ ਨਾਲ ਸਬੰਧਤ ਧਿਰਾਂ ਫ਼ੈਸਲਾ ਕਰਨਗੀਆਂ ਕਿ ਕਿਹੜਾ ਜੱਜ ਉਨ੍ਹਾਂ ਦੇ ਕੇਸ ਉਤੇ ਸੁਣਵਾਈ ਕਰੇਗਾ।' ਬੈਂਚ ਨੇ ਕਿਹਾ ਕਿ ਉਹ 1984 ਦੇ ਕਤਲੇਆਮ ਤੋਂ ਵੀ ਪਹਿਲਾਂ ਦੇ ਕੇਸਾਂ ਉਤੇ ਸੁਣਵਾਈ ਕਰਨ ਲਈ ਸੰਘਰਸ਼ ਕਰ ਰਹੇ ਹਨ ਤਾਂ ਜੋ ਇਨਸਾਫ਼ ਦੀ ਉਡੀਕ ਵਿੱਚ ਬੈਠੇ ਲੋਕਾਂ ਨੂੰ ਹੋਰ ਇੰਤਜ਼ਾਰ ਨਾ ਕਰਨਾ ਪਵੇ। ਇਸ ਬੈਂਚ ਵੱਲੋਂ 1987 ਹਾਸ਼ਿਮਪੁਰਾ ਕਤਲੇਆਮ ਉਤੇ ਵੀ ਸੁਣਵਾਈ ਕੀਤੀ ਜਾ ਰਹੀ ਹੈ। ਅਦਾਲਤ ਨੇ ਕਿਹਾ, 'ਅੱਜ ਕੱਲ੍ਹ ਹਰੇਕ ਮੁਸ਼ਕਿਲ ਕੇਸ ਵਿੱਚ ਅਜਿਹੀਆਂ ਅਰਜ਼ੀਆਂ ਦਾਖ਼ਲ ਕੀਤੀਆਂ ਜਾਂਦੀਆਂ ਹਨ ਪਰ ਪਟੀਸ਼ਨਰ ਇਸ ਗੱਲ ਨੂੰ ਨਹੀਂ ਸਮਝਦੇ ਕਿ ਅਜਿਹੀਆਂ ਕਾਰਵਾਈਆਂ ਨਾਲ ਅਦਾਲਤਾਂ ਦਾ ਕਿੰਨਾ ਸਮਾਂ ਖ਼ਰਾਬ ਹੁੰਦਾ ਹੈ।' ਇਸ ਕੇਸ ਉਤੇ ਭਲਕੇ ਵੀ ਬਹਿਸ ਜਾਰੀ ਰਹੇਗੀ। ਸੱਜਣ ਕੁਮਾਰ ਤੇ ਸਾਬਕਾ ਵਿਧਾਇਕ ਮਹਿੰਦਰ ਯਾਦਵ ਵੱਲੋਂ ਜਸਟਿਸ ਪੀਐਸ ਤੇਜੀ ਉਤੇ ਪੱਖਪਾਤੀ ਹੋਣ ਦੇ ਦੋਸ਼ ਲਾਉਣ ਵਾਲੀ ਅਪੀਲ ਦਾ ਵਿਰੋਧ ਕਰਦਿਆਂ ਪੀੜਤ ਧਿਰ ਵੱਲੋਂ ਪੇਸ਼ ਹੋਏ ਸੀਨੀਅਰ ਐਡਵੋਕੇਟ ਐਚ ਐਸ ਫੂਲਕਾ ਨੇ ਕਿਹਾ ਕਿ ਅਦਾਲਤ ਨੂੰ ਅਜਿਹੇ ਦੋਸ਼ਾਂ ਉਤੇ ਸੁਣਵਾਈ ਨਹੀਂ ਕਰਨੀ ਚਾਹੀਦੀ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'

ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:

www.deshdoaba.com www.ambedkartimes.com

## ਐਂਟੀ ਕ੍ਰਾਈਮ ਬਿਊਰੋ ਵਲੋਂ ਸ਼ੋਭਾ ਯਾਤਰਾ ਦਾ ਭਰਵਾਂ ਸਵਾਗਤ

### ਸੰਗਤਾਂ ਲਈ ਦੀ ਦੁੱਧ ਦਾ ਲੰਗਰ ਲਗਾਇਆ

**ਫਗਵਾੜਾ (ਬੀ ਕੇ ਰੱਤੂ)–** ਇੰਡੀਆ ਐਂਟੀ ਕ੍ਰਾਇਮ ਬਿਊਰੋ ਹਦੀਆਬਾਦ ਫ਼ਗਵਾੜਾ ਵਲੋਂ ਚੇਅਰਮੈਨ ਸੰਨੀ ਕੁਮਾਰ ਦੀ ਅਗਵਾਈ ਚ ਭਗਵਾਨ ਵਾਲਮੀਕਿ ਮਹਾਰਾਜ ਜੀ ਦੇ ਪੱਵਿਤਰ ਪ੍ਰਕਾਸ਼ ਦਿਹਾੜੇ ਦੇ ਸਬੰਧ ਚ ਸਜਾਈ ਗਈ ਵਿਸ਼ਾਲ ਸ਼ੋਭਾ



ਯਾਤਰਾ ਦਾ ਗੁਰਦੁਆਰਾ ਗਿਆਨਸਰ ਸਾਹਮਣੇ ਭਰਵਾਂ ਸਵਾਗਤ ਕੀਤਾ ਗਿਆ। ਉਥੇ ਹੀ ਸੰਸਤਾਂ ਲਈ ਦੁੱਧ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਸਨੀ ਕੁਮਾਰ ਨੇ ਭਗਵਾਨ ਵਾਲਮੀਕਿ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਮੁਬਾਰਕਾਂ ਦਿੰਦੇ ਹੋਏ ਕਿਹਾ ਕਿ ਸਾਨੂੰ ਭਗਵਾਨ ਵਾਲਮੀਕਿ ਜੀ ਦੀਆਂ ਸਿਖਿਆਵਾਂ ਤੇ ਚੱਲ ਕੇ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਵਿੱਦਿਆ ਦਾ ਗਿਆਨ ਦੇਣਾ ਚਾਹੀਦਾ ਹੈ। ਇਸ ਮੌਕੇ ਵਾਈਸ ਚੇਅਰਮੈਨ ਅਮਰਜੀਤ ਕੌਲ,ਲਹਿੰਬਰ ਰਾਮ ਸ਼ਹਿਰੀ ਪ੍ਰਧਾਨ, ਹਰਪ੍ਰੀਤ ਸਿੰਘ ਜਿਲ੍ਹਾ ਪ੍ਰਧਾਨ, ਪੂਰਨ ਸਿੰਘ, ਪਵਨਜੀਤ ਸਿੰਘ, ਅਕਾਸ਼ ਸ਼ੁਭਵ, ਵਿਨੇ ਬਜਾਜ, ਮਨੀਸ਼ ਕਲਸੀ, ਲਵਲੀ ਕੌਲ, ਸੰਦੀਪ ਕੌਲ,ਅਸ਼ਵਨੀ ਕੁਮਾਰ, ਅਮਿਤ ਕੁਮਾਰ, ਪਵਨਜੀਤ ਕੌਲ, ਬਲਬੀਰ ਸਿੰਘ ਹੈਡ ਗ੍ਰੰਥੀ, ਰਾਮ ਕਿਸ਼ਨ ਆਦਿ।




MAJESTIC HOMES


PRICE REDUCED

$1,655,555


7112 Westmoorland Dr Berkeley

GORGEOUS HOME IN BERKELEY HILLS

Gorgeous 4000+ sqft home in Claremont Hills with 4 Bedrooms and 3.5 bathrooms. Stunning bay, & city lights views. Beautiful hardwood floors throughout. Granite counters, stainless steel appliance in the kitchen. Bonus room and a bar. Fire sprinklers, intercom and many upgrades. Court location. Just minutes away from the City. You have to see it to appreciate this GEM









JUST LISTED

$329,900

3314 Canim Ct Antioch

3 Bedrooms and 2 Bathrooms - Best Deal in Antioch

Cozy 3 Bedrooms, 2 bath and 2 car garage in a court location on a 6600 sqft lot. Granite counter tops in kitchen. Fresh paint inside. Dual pane windows. Fire place in living room. Central heating and air conditioning. Storage shed in the backyard, new fence. Possible RV parking. Single story home. Court location.



COMING SOON

3201 Magicwoods Ct Sacramento

$278,888

3 Bedrooms and 2 Bathrooms - Home in Sacramento

Seller got tired of leasing 3 Bedrooms, 2 bath and 2 car garage. Over 10,000 sqft lot, big enough to add a pool. Central heating and air conditioning. Needs some TLC. Single story home. Court location.

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ ਵਿਚ ਵੀ ਗੱਲ ਕਰ ਸਕਦੇ ਹੋ।



Ramesh Suman, Broker
BRE - 00871752 GRI, CDPE, RCS-D
RES.NET AMP REO Certified
HAFA Short Sale Sepcialist
Director - East Bay Regional Data, Inc.
925) 779-1234



Deo Raj "Dave" Singh, Realtor
BRE License - 01789784
Direct: (925)766-3280
E-mail: Dave@MajesticHomes.us



Rajbir S. Sarkaria, Realtor
BRE License - 01499991
Direct: (925)766-5784
E-mail: Raj@MajesticHomes.us

2006 A Street, Suite 219, Antioch, CA 94509

Service Excellence - Experience the Difference

WWW.MajesticHomes.US Email: Ramesh@RameshSuman.com


ਦੇਸ਼ ਦੁਆਬਾ

## ਪੰਜਾਬ ਚੋਣਾਂ

# ਮਿਆਰੀ ਰਾਜਨੀਤੀ ਤੋਂ ਕਿਨਾਰਾਕਸ਼ੀ

ਭਾਰਤ-ਪਾਕਿਸਤਾਨ ਤਣਾਅ ਮੱਠਾ ਪੈਣ ਤੋਂ ਬਾਅਦ ਪੰਜਾਬ ਵਿਚ ਚੋਣਾਂ ਦਾ ਮਾਹੌਲ ਫਿਰ ਗਰਮਾਅ ਗਿਆ ਹੈ। ਭਾਵੇਂ ਇਸ ਵਾਰ ਦੀਆਂ ਚੋਣਾਂ ਬਹੁ-ਧਿਰੀਆਂ ਹਨ ਪਰ ਇਸ ਵਾਰ ਪੰਜਾਬ ਵਿਚ ਮਿਆਰੀ ਰਾਜਨੀਤੀ ਦਾ ਪੈਮਾਨਾ ਹੋਰ ਹੇਠਾਂ ਆ ਗਿਆ ਹੈ। ਸਿਆਸਤਦਾਨ ਜਨਤਕ ਮੁਸ਼ਕਿਲਾਂ, ਜਨਤਾ ਦੀਆਂ ਲੋੜਾਂ ਅਤੇ ਇੱਛਾਵਾਂ ਬਾਰੇ ਦਰੁੱਸਤ ਵਾਅਦਿਆਂ ਦੀ ਥਾਂ ਤੇ ਵਾਦਿਆਂ ਦੇ ਭੰਡਾਰੇ ਅਤੇ ਵਾਅਦਿਆਂ ਦੀਆਂ ਝੜੀਆਂ ਲਗਾ ਰਹੇ ਹਨ, ਜਿਹਨਾਂ ਬਾਰੇ ਸਭ ਜਾਣਦੇ ਹਨ ਕਿ ਇਹ ਪੂਰੇ ਕਰਨੇ ਇੰਨੇ ਆਸਾਨ ਨਹੀਂ, ਜਿਵੇਂ ਕਿ ਦਾਅਵੇ ਕੀਤੇ ਜਾਂਦੇ ਹਨ। ਪੰਜਾਬ ਭਾਰਤ ਦੇ ਪੰਜ ਸਭ ਤੋਂ ਵੱਧ ਕਰਜਾਈ ਸੂਬਿਆਂ ਵਿਚੋਂ ਇਕ ਹੈ। ਇੱਥੋਂ ਦਾ ਰਵਾਇਤੀ ਖੇਤੀਬਾੜੀ ਦਾ ਧੰਦਾ ਚੌਪਟ ਹੋਣ ਕਿਨਾਰੇ ਹਨ ਅਤੇ ਅਰਥਚਾਰੇ ਨੂੰ ਸ਼ਰਾਬ ਵਰਗੇ ਨਸ਼ਿਆਂ ਅਤੇ ਸਰਕਾਰੀ ਜਾਇਦਾਦਾਂ ਵੇਚਣ ਦਾ ਹੀ ਸਹਾਰਾ ਰਹਿ ਗਿਆ ਹੈ। ਅਜਿਹੇ ਮਾਹੌਲ ਵਿਚ ਪੰਜਾਬ ਅਪਰਾਧਾਂ ਵੱਲ ਵੀ ਤੇਜ਼ੀ ਨਾਲ ਵਧਦਾ ਜਾ ਰਿਹਾ ਹੈ। ਹਰ ਰੋਜ਼ ਕਿਤੇ ਨਾ ਕਿਤੇ ਕਤਲ, ਲੁੱਟਮਾਰ ਅਤੇ ਸੰਨ੍ਹਮਾਰੀ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਗੁੰਡਾਗਰਦੀ ਅਤੇ ਗੈਂਗ ਬਣਾ ਕੇ ਲੁੱਟਾਂ-ਖੋਹਾਂ ਦਾ ਰੁਝਾਨ ਵੱਧ ਰਿਹਾ ਹੈ। ਬੁਨਿਆਦੀ ਢਾਂਚੇ ਦੀ ਹਾਲਤ ਹਾਲੇ ਵੀ ਜ਼ਿਆਦਾ ਦਰੁੱਸਤ ਨਹੀਂ ਹੋਈ ਪਰ ਸਿਆਸਤਦਾਨ ਇਹਨਾਂ ਮੁਸ਼ਕਿਲਾਂ ਤੋਂ ਦੂਰ ਇਕ-ਦੂਜੇ ਨੂੰ ਜੇਲ੍ਹ ਵਿਚ ਡੱਕਣ, ਮੁਕੱਦਮੇ ਦਰਜ ਕਰਨ ਦੀਆਂ ਗੱਲਾਂ ਕਰਕੇ ਜਨਤਕ ਭਾਵਨਾਵਾਂ ਨੂੰ ਭੜਕਾਅ ਰਹੇ ਹਨ। ਕਾਂਗਰਸ ਕਹਿੰਦੀ ਹੈ ਕਿ ਅਸੀਂ ਬਾਦਲਾਂ ਨੂੰ ਅੰਦਰ ਕਰ ਦਿਆਂਗੇ। ਕੇਜਰੀਵਾਲ ਦੀ ਪਾਰਟੀ ਵੀ ਇਹੀ ਕੁਝ ਕਹਿੰਦੀ ਹੈ, ਇੱਧਰ ਸੱਤਾਧਾਰੀ ਬਾਦਲ ਦਲ ਦਾਅਵੇ ਕਰ ਰਿਹਾ ਹੈ ਕਿ ਉਹ ਉਹਨਾਂ ਦੇ ਹੱਥ ਆਉਣ ਵਾਲੇ ਨਹੀਂ, ਬਲਕਿ ਤੀਜੀ ਵਾਰ ਸੱਤਾ ਪ੍ਰਾਪਤ ਕਰਨਗੇ। 'ਡੰਡੇ ਦੇ ਜ਼ੋਰ ਨਾਲ, ਛਿੱਤਰਾਂ ਦੀ ਬਰਸਾਤ' ਕਰਕੇ ਬਾਦਲਾਂ ਨੂੰ ਭਜਾਉਣ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ। ਅਜਿਹੀਆਂ ਸ਼ਬਦਾਵਲੀਆਂ ਅਤੇ ਫੋਕੇ ਦਾਅਵਿਆਂ ਦੇ ਕਾਰਨ ਸਿਆਸਤ ਦਾ ਮਿਆਰ ਬਿਲਕੁਲ ਨੀਵੇਂ ਪੱਧਰ ਤੇ ਆ ਗਿਆ ਹੈ। ਕੌਣ ਜੇਲ੍ਹ ਜਾਵੇਗਾ ਅਤੇ ਕਿਹੜਾ ਬਾਹਰ ਆਵੇਗਾ, ਇਹ ਕੰਮ ਕਾਨੂੰਨ ਵਿਵਸਥਾ ਦਾ ਹੈ। ਜੇਕਰ ਕੋਈ ਗਲਤੀ ਕਰੇਗਾ ਤਾਂ ਉਸ ਲਈ ਜੇਲ੍ਹ ਦਾ ਦਰਵਾਜ਼ਾ ਤਿਆਰ ਹੈ। ਕਾਨੂੰਨ ਵਿਵਸਥਾ ਨੂੰ ਦਰੁੱਸਤ ਕਰਨ ਦੇ ਵਾਅਦਿਆਂ ਤੋਂ ਦੂਰ ਇਕ-ਦੂਜੇ ਨੂੰ ਅੰਦਰ ਡੱਕਣ ਦੀਆਂ ਗੱਲਾਂ ਕਰਕੇ ਸਿਆਸਤਦਾਨ ਆਖਿਰ ਜਨਤਕ ਭਾਵਨਾਵਾਂ ਨਾਲ ਖਿਲਵਾੜ ਕਿਉਂ ਕਰ ਰਹੇ ਹਨ। ਅਮਨ-ਕਾਨੂੰਨ ਵਿਵਸਥਾ ਵਿਚ ਭ੍ਰਿਸ਼ਟਾਚਾਰ ਅਤੇ ਸਿਆਸਤਦਾਨਾਂ ਦੀ ਦਖਲਅੰਦਾਜ਼ੀ ਖਤਮ ਕਰਨ ਦੀ ਗੱਲ ਕੋਈ ਨਹੀਂ ਕਰਦਾ। ਭਾਰਤ ਇਕ ਕਲਿਆਣਕਾਰੀ ਰਾਜ ਹੈ ਅਤੇ ਅਜਿਹੇ ਕਲਿਆਣਕਾਰੀ ਰਾਜ ਵਿਚ ਜਨਤਾ ਦਾ ਕਲਿਆਣ ਹੀ ਸਭ ਤੋਂ ਅਹਿਮ ਟੀਚਾ ਹੋਣਾ ਚਾਹੀਦਾ ਹੈ। ਇਸ ਕਰਕੇ ਬਿਹਤਰ ਹੋਵੇਗਾ ਕਿ ਸਿਆਸਤਦਾਨ ਅਜਿਹੀਆਂ ਭੜਕਾਊ ਗੱਲਾਂ ਦੀ ਥਾਂ ਪੰਜਾਬ ਦੀਆਂ ਅਸਲ ਮੁਸ਼ਕਿਲਾਂ ਨੂੰ ਸਾਹਮਣੇ ਲਿਆਉਣ ਅਤੇ ਇਹਨਾਂ ਨੂੰ ਹੱਲ ਕਰਨ ਦਾ ਤਰੀਕਾ ਜਨਤਾ ਮੂਹਰੇ ਪੇਸ਼ ਕਰਨ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ



## ਪੁਣਛਾਣ

### ਸਿਆਸਤ ਦੀ ਪੁਣਛਾਣ

# ਸਿਆਸੀ ਲੋਕ ਤਾਂ ਅੱਥਰੂਆਂ 'ਚੋਂ ਵੀ ਨਫਾ ਲੱਭਦੇ ਹਨ

## 'ਆਪ ਦਾ ਹਸ਼ਰ ਵੀ ਪੀਪਲਜ਼ ਪਾਰਟੀ ਵਰਗਾ ਹੋ ਸਕਦੈ !



ਪੰਮੀ ਲਾਲੋ ਮਜਾਰਾ
91-95011-43755

2011 ਵਿਚ ਮਨਪ੍ਰੀਤ ਬਾਦਲ ਨੇ ਭਗਵੰਤ ਮਾਨ ਤੇ ਚਰਨਜੀਤ ਬਰਾੜ (ਜੋ ਕਿ ਮੌਜੂਦਾ ਉਪ ਮੁੱਖ ਮੰਤਰੀ ਦਾ ਓ. ਐਸ. ਡੀ. ਹੈ) ਨਾਲ ਮਿਲ ਕੇ ਪੰਜਾਬ ਪੀਪਲਜ਼ ਪਾਰਟੀ ਬਣਾਈ ਤਾਂ ਖਾਸ ਕਰਕੇ ਐਨ. ਆਰ. ਆਈਜ਼ ਲੋਕਾਂ ਨੇ ਮਨਪ੍ਰੀਤ ਬਾਦਲ ਤੇ ਭਗਵੰਤ ਮਾਨ ਨੂੰ ਵਿਦੇਸ਼ਾਂ ਵਿਚ ਸੱਦ ਕੇ ਬੜਾ ਮਾਣ ਸਤਿਕਾਰ ਬਖਸ਼ਿਆ। ਇੱਥੋਂ ਤੱਕ ਕਿ ਡਾਲਰਾਂ ਦੀ ਐਨੀ ਬਰਸਾਤ ਹੋਈ ਕਿ ਹਾਲੇ ਤੱਕ ਉਹਦੇ ਵਰਗੀ ਬਰਸਾਤ ਪੰਜਾਬ ਵਿਚ ਵੀ ਨਹੀਂ ਹੋਈ। ਜਿਹੜੇ ਸਟੇਡੀਅਮ ਉਥੇ ਗੁਰਦਾਸ ਮਾਨ ਵੀ ਸੁਣਨ ਲਈ ਸਰੋਤਿਆਂ ਨਾਲ ਨਹੀਂ ਸੀ ਕਦੇ ਭਰੇ, ਉਹ ਸਟੇਡੀਅਮ ਮਨਪ੍ਰੀਤ ਬਾਦਲ ਤੇ ਭਗਵੰਤ ਮਾਨ ਨੂੰ ਸੁਣਨ ਆਏ ਲੋਕਾਂ ਨਾਲ ਭਰੇ ਗਏ। ਉਹਨਾਂ ਦਿਨਾਂ ਦੀਆਂ ਅਖਬਾਰਾਂ ਵਿਚ ਪੀਪਲਜ਼ ਪਾਰਟੀ ਵੱਲੋਂ ਤੁਸੀਂ ਦਿੱਤੇ ਗਏ ਇਸ਼ਤਿਹਾਰ ਖੁਦ ਵੇਖ ਸਕਦੇ ਹੋ। 2012 ਦੀਆਂ ਵਿਧਾਨ ਸਭਾ ਚੋਣਾਂ ਵਿਚ ਮਨਪ੍ਰੀਤ ਬਾਦਲ ਨੂੰ ਐਨਾ ਮਾਣ ਸੀ ਕਿ ਪੰਜਾਬ ਦੀਆਂ ਚੋਣਾਂ ਪਿੱਛੋਂ 'ਬੈਲੈਂਸ ਪਾਵਰ' ਮੇਰੇ ਹੱਕ ਵਿਚ ਹੋਵੇਗੀ। ਪਰ ਬਾਅਦ ਵਿਚ ਸੱਪ ਇਹ ਨਿਕਲਿਆ ਕਿ ਮਨਪ੍ਰੀਤ ਬਾਦਲ ਤੇ ਉਹਦਾ ਪਿਓ ਖੁਦ ਵੀ ਆਪਣੇ ਘਰ ਦਾ ਬੈਲੈਂਸ ਨਹੀਂ ਬਚਾ ਸਕੇ।ਇਹਨਾਂ ਨੂੰ ਇਹ ਮਾਣ ਸੀ ਕਿ ਅਸੀਂ ਅਕਾਲੀ ਦਲ ਵਿਚ ਐਨੀਆਂ ਕੁ ਵੋਟਾਂ ਕੱਟ ਦੇਵਾਂਗੇ ਕਿ ਜੇ ਅਸੀਂ ਨਹੀਂ ਤਾਂ ਘੱਟੋ ਘੱਟ ਕਾਂਗਰਸ ਤਾਂ ਦੁਬਾਰਾ ਵਾਪਸੀ ਕਰ ਹੀ ਲਊ। ਪਰ ਹੋਇਆ ਉਹ ਕੁਝ ਜੋ ਮਨਪ੍ਰੀਤ ਬਾਦਲ ਨੇ ਤਾਂ ਕੀ, ਕੈਪਟਨ ਅਤੇ ਬਾਦਲ ਨੇ ਵੀ ਨਹੀਂ ਸੋਚਿਆ ਸੀ। ਸਰਕਾਰ ਮੁੜ ਕੇ ਅਕਾਲੀ ਦਲ ਦੀ ਬਣ ਗਈ ਤੇ ਪੀਪਲਜ਼ ਪਾਰਟੀ ਖਿੱਲਰ ਗਈ। ਚੋਣਾਂ ਤੋਂ ਪਹਿਲਾਂ ਜਿਹੜਾ ਕੈਪਟਨ ਮਨਪ੍ਰੀਤ ਬਾਦਲ ਨੂੰ ਸਮਝੌਤੇ ਲਈ ਮਿੰਨਤਾਂ ਕਰਦਾ ਸੀ, ਹਾਰ ਕੇ ਉਸੇ ਕੈਪਟਨ ਨਾਲ, ਮਨਪ੍ਰੀਤ ਬਾਦਲ ਨੂੰ ਛੜੇ ਜੇਠ ਨਾਲ ਲਾਉਣ ਵਾਂਗ ਅੱਕ ਚੱਬਣਾ ਪਿਆ। ਪੀਪਲਜ਼ ਪਾਰਟੀ ਦੀ ਇਸ ਤਿੱਕੜੀ (ਮਨਪ੍ਰੀਤ ਬਾਦਲ, ਭਗਵੰਤ ਮਾਨ ਤੇ ਚਰਨਜੀਤ ਬਰਾੜ) ਨੇ ਆਪ ਲੋਕਾਂ ਵਿਚ ਜਾ ਕੇ ਨਾ ਵਿਕਣ ਦੀਆਂ ਕਸਮਾਂ ਖਾਧੀਆਂ ਸੀ। ਹੁਣ ਮਨਪ੍ਰੀਤ ਕਾਂਗਰਸ ਵਿਚ ਘੇਸਲ ਮਾਰੀ ਬੈਠਾ ਹੈ ਤੇ ਚਰਨਜੀਤ ਬਰਾੜ ਤੇ ਜਦ ਬਾਦਲ ਸਰਕਾਰ ਨੇ ਪਰਚੇ ਦਰਜ ਕੀਤੇ ਤਾਂ ਉਹ ਮੁੜ ਅਕਾਲੀ ਸਰਕਾਰ ਵਿਚ ਸ਼ਾਮਲ ਹੋ ਗਿਆ ਤੇ ਅੱਜਕਲ੍ਹ ਨਵਾਂ ਸ਼ਹਿਰ ਤੋਂ ਅਕਾਲੀ ਦਲ ਦੀ ਟਿਕਟ ਪ੍ਰਾਪਤ ਕਰਨ ਲਈ ਹਾੜ੍ਹੇ ਕੱਢ ਰਿਹਾ ਹੈ ਅਤੇ ਭਗਵੰਤ ਮਾਨ ਆਪ ਵਿਚ ਗਿਆ ਤੇ ਸੰਸਦ ਮੈਂਬਰ ਕੀ ਬਣ ਗਿਆ ਕਿ ਆਪਣੇ ਆਪ ਨੂੰ ਪੰਜਾਬ ਦਾ ਸੰਭਾਵੀ ਮੁੱਖ ਮੰਤਰੀ ਹੀ ਸਮਝਣ ਲੱਗ ਪਿਆ। ਜਿਹਨਾਂ ਆਮ ਲੋਕਾਂ ਵਿਚ ਖੜ੍ਹ ਕੇ ਇਹਨਾਂ ਲੋਕਾਂ ਨੇ ਹੱਥ ਜੋੜ ਕੇ ਕਸਮਾਂ ਖਾਧੀਆਂ ਸੀ, ਕੀ ਇਹਨਾਂ ਨੇ ਉਹਨਾਂ ਰੋਂਦੇ ਕੁਰਲਾਉਂਦੇ ਲੋਕਾਂ ਦੀ ਕਦੇ ਸਾਰ ਲਈ। ਇਹਨਾਂ ਦੇ ਮਗਰ ਲੱਗ ਕੇ ਜਿਹਨਾਂ ਨੇ ਸਰਕਾਰ ਨਾਲ ਦੁਸ਼ਮਣੀ ਪਾਈ, ਉਹਨਾਂ ਦੀਆਂ ਅੱਖਾਂ 'ਚੋਂ ਵਹਿੰਦੇ ਅੱਥਰੂਆਂ ਨੂੰ ਕਦੇ ਪੂੰਝਣ ਦੀ ਕੋਸ਼ਿਸ਼ ਕੀਤੀ? ਇਹ ਸਿਆਸੀ ਲੋਕ ਤਾਂ ਅੱਥਰੂਆਂ 'ਚੋਂ ਵੀ ਸਿਆਸੀ ਨਫਾ ਭਾਲਦੇ ਹਨ। ਬਿਲਕੁਲ ਜਿਹੜੇ ਸਬਜ਼ਬਾਗ ਪੰਜਾਬੀਆਂ ਨੂੰ ਪੀ. ਪੀ. ਪੀ. ਨੇ ਦਿਖਾਏ ਸੀ, ਉਹੀ ਸਬਜ਼ਬਾਗ ਹੁਣ ਆਮ ਆਦਮੀ ਪਾਰਟੀ ਦਿਖਾ ਰਹੀ ਹੈ।

ਜਿੰਨਾਂ ਮਾਣ ਸਤਿਕਾਰ ਪੀ. ਪੀ. ਪੀ. ਨੂੰ ਐਨ. ਆਰ. ਆਈਜ਼ ਲੋਕਾਂ ਨੇ ਦੇ ਕੇ ਡਾਲਰਾਂ ਦੀ ਬਰਸਾਤ ਕੀਤੀ ਸੀ, ਉਹੀ ਮਾਣ ਤੇ ਮੋਹ ਹੁਣ ਉਹੀ ਐਨ. ਆਰ. ਆਈ. ਇਸ ਆਪ ਵਰਗੀ ਪਾਰਟੀ ਨੂੰ ਅੱਖਾਂ ਮੀਟ ਕੇ ਦੇ ਰਹੇ ਹਨ। ਇਹ ਪ੍ਰਵਿਰਤੀ ਮੈਂ ਆਪ ਵੀ ਵੇਖੀ ਸੀ ਜਦ ਮੈਂ ਇਸੇ ਸਾਲ ਮਈ ਵਿਚ ਕਨੇਡਾ ਗਿਆ ਸੀ। ਕੀ ਐਨ. ਆਰ. ਆਈ. ਲੋਕ ਮੁੜ ਕੇ ਉਹੀ ਗਲਤੀ ਤਾਂ ਨਹੀਂ ਕਰ ਰਹੇ, ਜਿਹੜੀ ਉਹਨਾਂ ਨੇ ਮਨਪ੍ਰੀਤ ਬਾਦਲ ਦੇ ਸਬੰਧ ਵਿਚ ਕੀਤੀ ਸੀ।

ਅਸੀਂ ਇਹ ਨਹੀਂ ਕਹਿੰਦੇ ਕਿ ਐਨ. ਆਰ. ਆਈ. ਲੋਕ ਪੰਜਾਬ 'ਚ ਦਿਲਚਸਪੀ ਨਾ ਲੈਣ। ਜੁੱਗ-ਜੁੱਗ ਦਿਲਚਸਪੀ ਲੈਣ। ਪੰਜਾਬ ਨੂੰ ਤੁਹਾਡੇ ਤੇ ਮਣਾਂ ਮੂੰਹੀ ਮਾਣ ਹੈ। ਪੰਜਾਬ ਨੂੰ ਅੱਗੇ ਲੈ ਕੇ ਜਾਣ ਵਿਚ ਪ੍ਰਵਾਸੀਓ ਤੁਹਾਡਾ ਵੀ ਬਹੁਤ ਵੱਡਾ ਹੱਥ ਹੈ। ਪਰ ਇਹਦਾ ਮਤਲਬ ਇਹ ਤਾਂ ਨਹੀਂ ਹੈ ਕਿ ਸਮੁੰਦਰਾਂ ਤੋਂ ਪਾਰ ਬੈਠ ਕੇ ਜੋ ਤੁਸੀਂ ਸੋਚਦੇ ਹੋ, ਉਹ ਸਭ ਠੀਕ ਹੀ ਹੈ। ਪਰ ਜਿਹਨਾਂ ਨੂੰ ਤੁਸੀਂ ਅੱਖਾਂ ਮੀਟ ਕੇ ਸਾਡੇ ਸਿਰ 'ਤੇ ਚੜ੍ਹਾ ਰਹੇ ਹੋ, ਉਹਨਾਂ ਦੀ ਪੰਜਾਬ ਨੂੰ ਦੇਣ ਕੀ ਹੈ? ਉਹਨਾਂ ਨੂੰ ਸਾਡੇ ਕਲਚਰ ਬਾਰੇ ਗਿਆਨ ਕਿੰਨਾ ਕੁ ਹੈ। ਜ਼ਰਾ ਇਹ ਵੀ ਆਪੋ ਆਪਣੇ ਸਰੋਤਾਂ ਰਾਹੀਂ ਪਤਾ ਕਰ ਲਿਓ ਕਿ ਹੁਣ ਤੱਕ ਜਿਹਨਾਂ-ਜਿਹਨਾਂ ਲੋਕਾਂ ਨੂੰ ਟਿਕਟਾਂ ਦਿੱਤੀਆਂ ਗਈਆਂ, ਉਹਨਾਂ 'ਚੋਂ ਕੋਈ ਆਮ ਆਦਮੀ ਵੀ ਹੈ ਕਿ ਸਾਰੇ ਉਦਯੋਗਪਤੀ, ਵੱਡੇ-ਵੱਡੇ ਕਾਰੋਬਾਰੀ ਤੇ ਟਰਾਂਸਪੋਰਟਰ ਹੀ ਹਨ। ਟਿਕਟਾਂ ਦੇਣ ਤੋਂ ਇਲਾਵਾ ਬਦਚਲਣੀ ਵਰਗੇ ਇਲਜ਼ਾਮ ਇਸ ਪਾਰਟੀ 'ਤੇ ਹੀ ਕਿਉਂ ਲੱਗ ਰਹੇ ਹਨ? ਆਪ ਦੀ ਆਪ-ਹੁਦਰੀਆਂ ਹਰਕਤਾਂ ਨੇ ਆਪਣਾ ਸਿਆਸੀ ਨੁਕਸਾਨ ਆਪ ਹੀ ਕਰ ਲਿਆ ਹੈ, ਇਸ ਪਾਰਟੀ ਨੂੰ ਕਿਸੇ ਦੁਸ਼ਮਣ ਦੀ ਜ਼ਰੂਰਤ ਹੀ ਨਹੀਂ ਪਈ। ਹਾਰਨ ਲਈ ਤਾਂ ਚੰਦ ਵੋਟਾਂ ਹੀ ਬਹੁਤ ਹੁੰਦੀਆਂ ਹਨ, ਜਿੱਤਣ ਲਈ ਤਾਂ ਸ਼ਾਇਦ ਆਖਰੀ ਦਮ ਤੱਕ ਲੜਾਈ ਲੜਨੀ ਵੀ ਨਾਕਾਫੀ ਹੁੰਦੀ ਹੈ। ਸੱਤਾ ਦਾ ਜੋ ਸੁਪਨਾ ਆਪ ਨੇ ਆਪਣੀ ਨੈਣਾਂ ਵਿਚ ਸੰਜੋਇਆ ਸੀ, ਉਹ ਲੱਗਭੱਗ ਚਕਨਾਚੂਰ ਹੋ ਕੇ ਰਹਿ ਗਿਆ ਹੈ। ਹਾਂ ਜੇ ਵਿਰੋਧੀ ਧਿਰ 'ਚ ਬੈਠਣ ਜੋਗੀਆਂ ਸੀਟਾਂ ਜਿੱਤ ਜਾਵੇ ਤਾਂ ਅਤਿਕਥਨੀ ਹੋਵੇਗੀ। ਵੈਸੇ ਵੀ ਵਿਰੋਧੀ ਧਿਰ ਨੂੰ ਪੁੱਛਦਾ ਹੀ ਕੌਣ ਹੈ, ਵਿਰੋਧੀ ਧਿਰ ਜਿੰਨਾ ਮਰਜ਼ੀ ਬੈਂਚਾਂ ਨੂੰ ਥਪਥਪਾ ਕੇ ਸਿਆਸੀ ਡਾਂਸ ਕਰੀ ਜਾਵੇ। ਪੰਜਾਬ ਵਿਚ 10 ਸਾਲ ਕਾਂਗਰਸ ਨੂੰ ਵਿਰੋਧੀ ਧਿਰ ਦੀ ਭੂਮਿਕਾ ਨਿਭਾਉਂਦੀ ਨੂੰ ਹੋ ਹੀ ਗਿਆ ਹੈ, ਕੀ ਹਾਸਲ ਕਰ ਲਿਆ। ਕੇਂਦਰ ਵਿਚ ਵੀ ਵਿਰੋਧੀ ਧਿਰ ਦਾ ਇਹੀ ਹਾਲ ਹੈ। ਆਪ ਪੰਜਾਬ ਲਈ ਵਰਦਾਨ ਹੈ ਕਿ ਸ਼ਰਾਪ ਹੈ, ਇਹ ਤਾਂ ਵਕਤ ਹੀ ਤਹਿ ਕਰੇਗਾ, ਪਰ ਪੰਜਾਬੀਆਂ ਦੀ ਮੁੱਢ ਕਦੀਮੋਂ ਹੀ ਦਿੱਲੀ ਨਾਲ ਵੈਰ ਰਿਹਾ ਹੈ। ਕਿਉਂਕਿ ਦਿੱਲੀ ਨੇ ਹਮੇਸ਼ਾ ਹੀ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨਾਲ ਮਤਰੇਆ ਸਲੂਕ ਹੀ ਕੀਤਾ ਹੈ। ਦਿੱਲੀ ਦੀ ਇਹ ਪਾਰਟੀ ਪੰਜਾਬ ਨਾਲ ਕੀ ਵਤੀਰਾ ਕਰਦੀ ਹੈ? ਤੇ ਪੰਜਾਬ ਦੇ ਲੋਕ ਇਸ ਪਾਰਟੀ ਦੇ ਵਿਖਾਏ ਜਾ ਰਹੇ ਸਿਆਸੀ ਸਬਜ਼ਬਾਗਾਂ ਤੇ ਕਿੰਨਾ ਕੁ ਯਕੀਨ ਕਰਦੇ ਹਨ, ਇਹ ਵਕਤ ਦੇ ਗਰਭ ਵਿਚ ਪਲ ਰਿਹਾ ਸਿਆਸੀ ਭਰੂਣ ਹੀ ਤਹਿ ਕਰੇਗਾ, ਕਿਉਂਕਿ ਪੰਜਾਬੀਆਂ ਕੋਲ ਆਪ ਤੋਂ ਇਲਾਵਾ ਹੋਰ ਵੀ ਕਈ ਸਿਆਸੀ ਸੁਲਝੇ ਹੋਏ ਬਦਲ ਹਨ। ਵੋਟ ਤੁਹਾਡੀ ਹੈ, ਪੰਜਾਬ ਤੁਹਡਾ ਹੈ, ਤੇ ਤੁਸੀਂ ਪੰਜਾਬ ਦੇ ਵਾਰਸ ਹੋ। ਪੰਜਾਬ ਬਾਰੇ ਜੋ ਤੁਸੀਂ ਜਾਣਦੇ ਹੋ, ਉਨਾ ਕੋਈ ਬਾਹਰੀ ਵਿਅਕਤੀ ਨਹੀਂ ਜਾਣ ਸਕਦਾ। ਅੰਤ ਫੈਸਲਾ ਪੰਜਾਬ ਦੇ ਭਵਿੱਖ ਦਾ ਤੁਹਾਡੇ ਹੱਕ ਵਿਚ ਹੈ। ਪਰ ਇੰਨਾ ਜ਼ਰੂਰ ਯਾਦ ਰੱਖ ਲਿਓ ਕਿ ਜਿਹੜੀ ਪਾਰਟੀ ਅੰਨਾ ਹਜ਼ਾਰੇ ਤੇ ਯੁਗੇਂਦਰ ਯਾਦਵ ਦੀ ਸਕੀ ਨਹੀਂ ਹੋਈ, ਜਿਸ ਪਾਰਟੀ ਨੇ ਪ੍ਰਸ਼ਾਂਤ ਭੂਸ਼ਣ ਤੇ ਸੁੱਚਾ ਸਿੰਘ ਛੋਟੇਪੁਰ ਵਰਗਿਆ ਦੀ ਕੁਰਬਾਨੀ ਦਾ ਮੁੱਲ ਕੌਡੀ ਵੀ ਨਾ ਪਾਇਆ, ਉਹ ਪਾਰਟੀ ਤੁਹਾਡੀ ਕੀ ਹੋਵੇਗੀ?

# ਮਾਦੇ ਤੋਂ ਮਨੁੱਖ ਤੱਕ (ਜੀਵ ਵਿਕਾਸ ਦੀ ਕਹਾਣੀ)



ਮੇਘ ਰਾਜ ਮਿੱਤਰ
+91-98887-87440

(ਪੰਜਵੀ ਕਿਸਤ)

**ਸਾਡਾ ਗ੍ਰਹਿ ਮੰਡਲ**

ਸਾਡੇ ਗ੍ਰਹਿ ਮੰਡਲ ਦਾ ਮੁਖੀਆ ਸੂਰਜ ਹੈ। ਇਹ ਇੱਕ ਦਰਮਿਆਨੇ ਆਕਾਰ ਦਾ ਤਾਰਾ ਹੈ। ਸਾਡੇ ਸਾਰੇ ਗ੍ਰਹਿ ਇਸ ਦੇ ਦੁਆਲੇ ਨਿਸ਼ਚਿਤ ਸਮਿਆਂ ਵਿੱਚ ਚੱਕਰ ਕੱਟਦੇ ਹਨ। ਪ੍ਰਿਥਵੀ ਦੇ ਨਜ਼ਦੀਕ ਹੋਣ ਕਰਕੇ ਹੀ ਇਹ ਸਿਰਫ ਦੂਸਰੇ ਤਾਰਿਆਂ ਦੇ ਮੁਕਾਬਲੇ ਚਮਕਦਾਰ ਤੇ ਵੱਡਾ ਨਜ਼ਰ ਆਉਂਦਾ ਹੈ। ਇਸਦੀ ਧਰਤੀ ਤੋਂ ਦੂਰੀ ਪੰਦਰਾਂ ਕਰੋੜ ਕਿਲੋਮੀਟਰ ਹੈ ਤੇ ਸੂਰਜ ਤੋਂ ਚੱਲਿਆ ਹੋਇਆ ਪ੍ਰਕਾਸ਼ ਧਰਤੀ ਤੇ 8 ਮਿੰਟ 20 ਸੈਕਿੰਡ ਵਿਚ ਪੁੱਜਦਾ ਹੈ। ਇਸਦਾ ਅਰਧ ਵਿਆਸ 6,96,000 ਕਿਲੋਮੀਟਰ ਹੈ ਤੇ ਧਰਤੀ ਦਾ ਅਰਧ ਵਿਆਸ 6378 ਕਿਲੋਮੀਟਰ ਹੈ। ਇਸ ਤਰਖ਼ਾਂ ਸੂਰਜ ਧਰਤੀ ਨਾਲੋਂ ਆਕਾਰ ਵਿਚ ਤੇਰਾਂ ਲੱਖ ਗੁਣਾ ਵੱਡਾ ਹੈ ਪਰ ਇਸਦਾ ਭਾਰ ਧਰਤੀ ਤੋਂ 3,30,000 ਗੁਣਾ ਹੀ ਵੱਧ ਹੈ।

ਜਿਵੇਂ ਅਸੀਂ ਜਾਣਦੇ ਹਾਂ ਕਿ ਬ੍ਰਹਿਮੰਡ ਵਿੱਚ ਸਾਰੇ ਤਾਰੇ, ਗ੍ਰਹਿ ਤੇ ਉਪ ਗ੍ਰਹਿ ਘੁੰਮ ਰਹੇ ਹਨ ਇਸ ਤਰਖ਼ਾਂ ਸੂਰਜ ਵੀ ਆਪਣੇ ਪ੍ਰੀਵਾਰ ਸਮੇਤ ਆਪਣੀ ਆਕਾਸ਼ ਗੰਗਾ ਦੇ ਕੇਂਦਰ ਦੁਆਲੇ ਚੱਕਰ ਲਾਉਂਦਾ ਰਹਿੰਦਾ ਹੈ। ਇਸਨੂੰ ਇੱਕ ਚੱਕਰ ਪੂਰਾ ਕਰਨ ਵਿੱਚ 24 ਕਰੋੜ ਸਾਲ ਲੱਗ ਜਾਂਦੇ ਹਨ। ਧਰਤੀ ਤੇ ਮਨੁੱਖ ਜਾਤੀ ਦੇ ਪੈਦਾ ਹੋਣ ਤੋਂ ਬਾਅਦ ਸੂਰਜ ਨੇ ਆਪਣੀ ਧੁਰੀ ਦੁਆਲੇ ਇੱਕ ਵੀ ਚੱਕਰ ਪੂਰਾ ਨਹੀਂ ਕੀਤਾ ਹੈ। ਸੂਰਜ ਦੇ ਕੇਂਦਰ ਦਾ ਤਾਪਮਾਨ ਲਗਭੱਗ 50 ਲੱਖ ਡਿਗਰੀ ਸੈਲਸੀਅਸ ਤੋਂ ਵੀ ਵੱਧ ਹੈ। ਇਸ ਦੀ ਬਾਹਰਲੀ ਪਰਤ ਦਾ ਤਾਪਮਾਨ ਲਗਭੱਗ 6000 ਦਰਜੇ ਸੈਲਸੀਅਸ ਹੈ। ਇਸ ਤਰਖ਼ਾਂ ਧਰਤੀ ਤੇ ਉਪਲਬਧ ਕੋਈ ਵੀ ਵਸਤੂ ਸੂਰਜ ਤੇ ਠੋਸ ਹਾਲਤ ਵਿੱਚ ਨਹੀਂ ਰਹਿ ਸਕਦੀ ਹੈ। ਸੂਰਜ ਸਾਡੇ ਗ੍ਰਹਿਮੰਡਲ ਵਿੱਚ ਸਿਰਫ ਧਰਤੀ ਤੇ ਹੀ ਉਪਲਬਧ ਜੀਵ ਜੰਤੂਆਂ ਦਾ ਪਾਲਣਹਾਰਾ ਹੈ। ਸੂਰਜ ਤੋਂ ਬਿਨਾਂ ਧਰਤੀ ਤੇ ਜ਼ਿੰਦਗੀ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਹੈ।

ਸੂਰਜ ਮੰਡਲ ਦਾ ਜਨਮ ਕਿਵੇਂ ਹੋਇਆ? ਸੂਰਜੀ ਪਰਿਵਾਰ ਵਿੱਚ ਸੂਰਜ ਸਮੇਤ 9 ਗ੍ਰਹਿ, ਕੋਈ ਢਾਈ ਦਰਜ਼ਨ ਉਪਗ੍ਰਹਿ, 1600 ਦੇ ਕਰੀਬ ਛੋਟੇ ਗ੍ਰਹਿ, ਪੂਛਲ ਤਾਰੇ ਤੇ ਉਲਕਾਵਾਂ ਸ਼ਾਮਿਲ ਹਨ। ਸੂਰਜੀ ਪ੍ਰੀਵਾਰ ਦੇ ਸਾਰੇ ਮੈਂਬਰ ਇੱਕੋ ਹੀ ਦਿਸ਼ਾ ਵਿੱਚ ਸੂਰਜ ਦੁਆਲੇ ਚੱਕਰ ਲਾਉਂਦੇ ਹਨ। ਸੂਰਜੀ ਪ੍ਰੀਵਾਰ ਦਾ ਜਨਮ ਗੈਸ ਤੇ ਗਰਦ ਦੇ ਭਰੇ ਇੱਕ ਬਹੁਤ ਵੱਡੇ ਬੱਦਲ ਤੋਂ ਹੋਇਆ ਹੈ। ਗੁਰੂਤਾ ਆਕਰਸ਼ਣ ਕਾਰਣ ਇਸ ਬੱਦਲ ਦੇ ਕਣ ਲੱਖਾਂ ਸਾਲਾਂ ਬਾਅਦ ਇੱਕ ਦੂਜੇ ਦੇ ਨੇੜੇ ਆਉਣੇ ਸ਼ੁਰੂ ਹੋ ਗਏ। ਸਮੇਂ ਅਨੁਸਾਰ ਇਹ ਬੱਦਲ ਇੱਕ ਤਵੇ ਦੇ ਰੂਪ ਵਿੱਚ ਬਦਲ ਗਿਆ ਅਤੇ ਆਪਣੀ ਧੁਰੀ ਦੁਆਲੇ ਚੱਕਰ ਕੱਟਦਾ ਰਿਹਾ। ਕੁਝ ਹੋਰ ਸਾਲਾਂ ਬਾਅਦ ਇਸ ਤਵੇ ਦੇ ਕੇਂਦਰ ਵਿੱਚ ਇਕੱਠਾ ਹੋ ਗਿਆ। ਰਹਿੰਦਾ 10ਗ ਭਾਗ ਛੱਲਿਆਂ ਰੂਪ ਵਿੱਚ ਇਸ ਤਵੇ ਦੇ ਕੇਂਦਰ ਦੁਆਲੇ ਚੱਕਰ ਕੱਟਣ ਲੱਗ ਪਿਆ। ਤਵੇ ਦੇ ਕੇਂਦਰ ਵਾਲਾ ਪਦਾਰਥ ਗੋਲਾ ਸੂਰਜ ਬਣ ਗਿਆ ਤੇ ਬਾਕੀ ਛੱਲੇ ਗ੍ਰਹਿ ਦੇ ਰੂਪ ਵਿਚ ਹੋਂਦ ਵਿਚ ਆ ਗਏ। ਗੁਰੂਤਾ ਆਕਰਸ਼ਣ ਕਾਰਨ ਹੀ ਇਹ ਗੋਲਾ ਹੋਰ ਸੁੰਗੜਨ ਲੱਗ ਪਿਆ ਸਿੱਟੇ ਵਜੋਂ ਇਸਦੇ ਕੇਂਦਰ ਵਿੱਚ ਦਬਾਉ ਤੇ ਤਾਪਮਾਨ ਦਾ ਵਾਧਾ ਹੋ ਗਿਆ। ਜਿਵੇਂ ਅਸੀਂ ਜਾਣਦੇ ਹਾਂ ਕਿ ਵੱਧ ਤਾਪਮਾਨ ਤੇ ਦਬਾਉ ਤੇ ਹਾਈਡ੍ਰੋਜਨ ਬੰਬਾਂ ਦੇ ਬਣਨ ਵਾਲੀ ਕ੍ਰਿਆ ਸ਼ੁਰੂ ਹੋ ਜਾਂਦੀ ਹੈ। ਇਸ ਕਿਰਿਆ ਨੂੰ ਵਿਗਿਆਨਕ ਸ਼ਬਦਾਵਲੀ ਵਿੱਚ ਨਿਉਕਲੀ ਸੰਯੋਜਨ ਵੀ ਆਖਿਆ ਜਾਂਦਾ ਹੈ। ਇਸ ਨਿਉਕਲੀ ਕਿਰਿਆ ਕਰਕੇ ਸੂਰਜ ਦੀ ਹਾਈਡ੍ਰੋਜਨ ਹੀਲੀਅਮ ਵਿਚ ਬਦਲਣੀ ਸ਼ੁਰੂ ਹੋ ਗਈ। ਸਿੱਟੇ ਵਜੋਂ ਵੱਡੀ ਮਾਤਰਾ ਵਿੱਚ ਊਰਜਾ ਨਿਕਲਣੀ ਸ਼ੁਰੂ ਹੋ ਗਈ। ਉਪਰੋਕਤ ਕਾਰਨਾਂ ਕਰਕੇ ਹੀ ਸੂਰਜ ਪ੍ਰਕਾਸ਼ ਤੇ ਊਰਜਾ ਦਾ ਸੋਮਾ ਬਣਿਆ ਹੈ।

**ਸੂਰਜੀ ਪ੍ਰੀਵਾਰ**

ਜਿਵੇਂ ਪਹਿਲਾ ਹੀ ਵਰਨਣ ਕੀਤਾ ਜਾ ਚੁੱਕਿਆ ਹੈ ਕਿ ਸੂਰਜੀ ਪ੍ਰੀਵਾਰ ਵਿੱਚ 9 ਗ੍ਰਹਿ, 30 ਉਪਗ੍ਰਹਿ, 1600 ਤੋਂ ਵੱਧ ਲਘੂ ਗ੍ਰਹਿ, ਪੂਛਲ ਤਾਰੇ ਤੇ ਉਲਕਾਵਾਂ ਸ਼ਾਮਿਲ ਹਨ ਇਹ ਸਾਰੇ ਗ੍ਰਹਿ ਸੂਰਜ ਦੁਆਲੇ ਨਿਸ਼ਚਿਤ ਸਮੇਂ ਵਿੱਚ ਚੱਕਰ ਲਾਉਂਦੇਠੋਹਿੰਦੇ ਹਨ। ਆਉ ਹੁਣ ਅਸੀਂ ਇਹਨਾਂ ਬਾਰੇ ਕੁਝ ਜਾਣਕਾਰੀ ਪ੍ਰਾਪਤ ਕਰੀਏ।

**ਬੁੱਧ-** ਇਹ ਗ੍ਰਹਿ ਸੂਰਜ ਦੇ ਸਭ ਤੋਂ ਨੇੜੇ ਹੈ। ਇਹ ਸੂਰਜ ਦੁਆਲੇ 88 ਦਿਨ ਵਿੱਚ ਇੱਕ ਚੱਕਰ ਲਾਉਂਦਾ ਤੇ ਆਪਣੀ ਧੁਰੀ ਦੁਆਲੇ ਵੀ ਇਹ ਚੱਕਰ 88 ਦਿਨ ਵਿੱਚ ਹੀ ਪੂਰਾ ਕਰਦਾ ਹੈ। ਇਸ ਲਈ ਇਸਦਾ ਇਕ ਸਾਲ ਧਰਤੀ ਦੇ 88 ਦਿਨ ਦੇ ਬਰਾਬਰ ਹੁੰਦਾ ਹੈ। ਇਸ ਤਰਖ਼ਾਂ ਬੁੱਧ ਹੀ ਸਾਡੇ ਗ੍ਰਹਿ ਮੰਡਲ ਦਾ ਇੱਕੋ ਇੱਕ ਅਜਿਹਾ ਗ੍ਰਹਿ ਹੈ ਜਿਥੇ ਦਿਨ ਤੇ ਸਾਲ ਦਾ ਸਮਾਂ ਬਰਾਬਰ ਹੁੰਦਾ ਹੈ। ਸੂਰਜ ਦੇ ਬਹੁਤ ਨੇੜੇ ਹੋਣ ਕਾਰਨ ਇਸ ਤੇ ਗਰਮੀ ਬਹੁਤ ਜ਼ਿਆਦਾ ਪੈਂਦੀ ਹੈ। ਪਾਣੀ ਤੇ ਆਕਸੀਜਨ ਦਾ ਵੀ ਨਾਮੋ ਨਿਸ਼ਾਨ ਨਹੀਂ ਹੈ। (ਚਲਦਾ)

Postal Address of Desh Doaba : 5101 Doe Hollow Pl, Antelope, CA. 95843

The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)-4

## ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥?



ਅਵਤਾਰ ਸਿੰਘ ਮਿਸ਼ਨਰੀ
510-432-5827

ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥(ਜਪੁਜੀ) ਗੁਰਬਾਣੀ ਦੇ ਚਾਨਣ ਵਿੱਚ "ਕਿਵ ਸਚਿਆਰਾ ਹੋਵੀਐ ਕਿਵ ਕੂੜੈ ਤੁਟੈ ਪਾਲਿ" ਦੀ ਲੜੀ ਵਿੱਚ ਅੱਜ ਚਤੁਰਾਈ ਸਿਆਣਪਾਂ ਦੀ ਗੱਲ ਕਰਦੇ ਹਾਂ ਜੋ ਕੂੜ ਦੀ ਪਾਲ ਵਿੱਚ ਸ਼ਾਮਲ ਹਨ। ਸਹਸ ਸੰਸਕ੍ਰਿਤ ਦਾ ਸ਼ਬਦ ਤੇ ਅਰਥ ਹੈ ਹਜਾਰਾਂ। ਸਿਆਣਪਾਂ-ਮਨ ਦੀਆਂ ਚਤਰਾਈਆਂ।

ਭਾਵੇਂ ਹਜਾਰਾਂ ਲੱਖਾਂ ਕਰਮਕਾਂਡੀ ਮਨ ਦੀਆਂ ਚਲਾਕੀਆਂ-ਚਤਰਾਈਆਂ ਹੋਣ ਇੱਕ ਵੀ ਸਚਿਆਰੇ ਜੀਵਨ ਵਾਸਤੇ ਕੰਮ ਨਹੀਂ ਆਉਂਦੀ ਭਾਵ ਜੀਵਨ ਮਨੋਰਥ ਦੀ ਪ੍ਰਾ-ਪਤੀ ਤੋਂ ਬਿਨਾ ਹੀ ਅਨਮੋਲ ਜਿੰਦਗੀ ਵਿਅਰਥ ਚਲੀ ਜਾਂਦੀ ਹੈ। ਨੋਟ-ਇੱਥੇ ਸਿਆਣੇ ਅਤੇ ਗਿਆਨਵਾਨ ਬਣਨ ਦੀ ਵਿਰੋਧਤਾ ਨਹੀਂ ਸਗੋਂ ਵਿਆਰਥ ਚਲਾਕੀਆਂ-ਚਤਰਾਈਆਂ ਦੀ ਨਿਖੇਧੀ ਕੀਤੀ ਗਈ ਹੈ।

ਧਰਮ ਦੇ ਨਾਂ ਤੇ ਕੀਤੀਆਂ ਜਾਂਦੀਆਂ ਹਜਾਰਾਂ ਰੀਤਾਂ ਰਸਮਾਂ ਸਿਆਣਪਾਂ ਵੀ ਰੱਬੀ ਰਾਹ ਵਿੱਚ ਕੰਮ ਨਹੀਂ ਆਉਂਦੀਆਂ-ਸੰਜਮ ਸਹਸ ਸਿਆਣਪਾ ਪਿਆਰੇ ਇੱਕ ਨ ਚਲੀ ਨਾਲਿ॥(੬੪੧) ਇਸ ਕਰਕੇ ਫੋਕੀਆਂ ਕਰਮਕਾਂਡੀ ਰੀਤਾਂ ਰਸਮਾਂ ਵਾਲੀਆ ਸਿਆਣਪਾਂ ਚਲਾਕੀਆਂ ਛੱਡ ਕੇ, ਭਲੇ ਪੁਰਖ ਭਾਵ ਸਾਧ ਗੁਰੂ ਨੂੰ ਮਿਲ ਕੇ ਇਨ੍ਹਾਂ ਫੋਕੀਆਂ ਚਤੁਰਾਈਆਂ ਦਾ ਹੰਕਾਰ ਤਿਆਗ ਦੇ-ਛੋਡਿ ਸਗਲ ਸਿਆਣਪਾ ਮਿਲਿ ਸਾਧ ਤਿਆਗੀ ਗੁਮਾਨੁ॥(੧੦੦੬) ਕਿਉਂਕਿ ਇਨ੍ਹਾਂ ਨੇ ਸਚਿਆਰੇ ਜੀਵਨ ਵਾਸਤੇ ਕੰਮ ਨਹੀਂ ਆਉਣਾ-ਚਤੁਰਾਈ ਸਿਆਣਪਾ ਕਿਤੈ ਕਾਮਿ ਨ ਆਈਐ॥ (੩੯੬) ਮਨ ਦੀਆਂ ਚਲਾਕੀਆਂ ਹੰਕਾਰ ਦੀ ਅੱਗ ਵਿੱਚ ਸੜ ਜਾਂਦੀਆਂ ਨੇ ਤੇ ਮਨੁੱਖ ਆਪਣੇ ਰੋਣੇ ਰੋਂਦਾ ਹੀ ਇਸ ਸੰਸਾਰ ਤੋਂ ਤੁਰ ਜਾਂਦਾ ਹੈ-ਜਲੀਆ ਸਭ ਸਿਅਣਪਾ ਉਠੀ ਚਲਿਆ ਰੋਇ॥(੧੭)

ਮੇਰਾ ਪ੍ਰਮਾਤਮਾਂ ਸਾਡੇ ਅੰਦਰਲੇ ਬਾਰੇ ਸਭ ਕਿਛ ਜਾਣਦਾ ਹੈ ਪਰ ਦੇਖੋ! ਧਰਮ ਦੇ ਨਾਂ ਤੇ ਕੀਤੇ ਸੰਜਮ ਭਾਵ ਬਾਹਰੀ ਕਰਮਕਾਂਡ, ਰੀਤਾਂ ਰਸਮਾਂ ਵਿਅਰਥ ਰਹੇ ਜਾਂਦੀਆਂ ਹਨ-ਸਭਿ ਸੰਜਮ ਰਹੇ ਸਿਆਵਪਾ॥

ਮੇਰਾ ਪ੍ਰਭੁ ਸਭੁ ਕਿਛੁ ਜਾਣਦਾ॥ (੭੨) ਸੋ ਅਸਲ ਜੀਵਨ ਮਨੋਰਥ ਨੂੰ ਛੱਡ ਕੇ, ਰੀਤਾਂ, ਰਸਮਾਂ, ਕਰਮਕਾਂਡਾਂ, ਚਲਾਕੀਆਂ, ਚਤੁਰ-ਾਈਆਂ ਦੇ ਹੰਕਾਰ ਵਾਲੀਆਂ ਫੋਕੀਆਂ ਸਿਆਣਪਾਂ ਵੀ ਸਾਡੇ ਤੇ ਪ੍ਰਮਾਤਮਾਂ ਦੇ ਰਾਹ ਵਿੱਚ ਕੂੜ ਦੀ ਪਾਲ ਹੀ ਹਨ ਜੋ ਸਾਨੂੰ ਸਚਿਆਰਾ ਨਹੀਂ ਹੋਣ ਦੇਂਦੀਆਂ।

(ਚਲਦਾ)

# ਕਰਮ-ਭੂਮੀ ਦੀਆਂ ਖੁਸ਼ਹਾਲੀਆਂ ਦੀ ਲਾਲੀ, ਕਿਤੇ ਜਨਮ ਭੂਮੀ ਦੇ 'ਮਾਲੀ' ਬਣਨਾ ਨਾ ਭੁਲਾ ਦੇਵੇ!





**ਸੈਨਹੋਜ਼ੇ (ਤਰਲੋਚਨ ਸਿੰਘ ਦੁਪਾਲਪੁਰ)-** ਪੰਜਾਬੀ ਸੱਭਿਆਚਾਰ ਦੇ ਬਹੁ-ਪੱਖੀ ਪ੍ਰਚਾਰ-ਪ੍ਰਸਾਰ ਵਿਚ ਸਰਗਰਮੀ ਨਾਲ ਜੁਟੀ ਹੋਈ ਸੰਸਥਾ ਪੰਜਾਬੀ ਸੱਥ ਦੇ ਰੂਹੇ-ਰਵਾਂ ਡਾ. ਨਿਰਮਲ ਸਿੰਘ ਲਾਂਬੜਾ ਬੀਤੇ ਕੱਲ੍ਹ ਕੈਲੇਫੋਰਨੀਆ ਪ੍ਰਾਂਤ ਦੇ ਸੈਨਹੋਜ਼ੇ ਸ਼ਹਿਰ ਵਿਚ ਪ੍ਰਵਾਸੀ ਪੰਜਾਬੀਆਂ ਦੇ ਰੂਬਰੂ ਹੋਏ। ਆਪਣੀ ਸੰਖੇਪ ਜਿਹੀ ਪਰਿਵਾਰਕ ਫੇਰੀ 'ਤੇ ਆਏ ਹੋਏ ਡਾ. ਲਾਂਬੜਾ ਡਾਕਟਰ ਗੁਰਮੀਤ ਸਿੰਘ ਬਰਸਾਲ ਦੇ ਘਰ ਪਹੁੰਚੇ, ਜਿੱਥੇ ਸਥਾਨਕ ਸਾਹਿਤ-ਪ੍ਰੇਮੀਆਂ ਨਾਲ ਉਹਨਾਂ ਖੁੱਲ੍ਹਾ ਵਿਚਾਰ-ਵਟਾਂਦਰਾ ਕੀਤਾ। ਪੰਜਾਬੀ ਸੱਥ ਦੀ ਸਥਾਪਨਾ ਦੇ ਸ਼ੁਰੂਆਤੀ ਦੌਰ ਤੋਂ ਲੈ ਕੇ ਹੁਣ ਤੱਕ ਕੀਤੀਆਂ ਪ੍ਰਾਪਤੀਆਂ ਬਾਰੇ ਡਾ. ਲਾਂਬੜਾ ਨੇ ਬੜੇ ਫਖਰ ਨਾਲ ਦੱਸਿਆ ਕਿ ਸੱਥ ਦੇ ਯਤਨਾਂ ਸਦਕਾ ਹੁਣ ਲਾਹੌਰ ਵਿਚ ਵੀ ਗੁਰਮੁਖੀ ਲਿੱਪੀ ਵਿਚ ਕਿਤਾਬਾਂ ਛਪਣੀਆਂ ਸ਼ੁਰੂ ਹੋ ਗਈਆਂ ਹਨ। ਤਕਰੀਬਨ ਦੁਨੀਆਂ ਦੇ ਹਰ ਕੋਨੇ ਵਿਚ ਸਥਾਪਤ ਹੋ ਚੁੱਕੀਆਂ ਸੱਥਾਂ ਦੇ ਸੰਚਾਲਕਾਂ ਦੀ ਸ਼ਲਾਘਾ ਕਰਦਿਆਂ ਉਹਨਾਂ ਇੰਗਲੈਂਡ ਨਿਵਾਸੀ ਮੋਤਾ ਸਿੰਘ ਸਰਾਏ ਦਾ ਉਚੇਚਾ ਜ਼ਿਕਰ ਕਰਦਿਆਂ ਆਖਿਆ ਕਿ ਭਾਰਤ ਦੇ ਨਾਲ ਨਾਲ ਵਿਦੇਸ਼ਾਂ ਵਿਚ ਸੱਥਾਂ ਦੀ ਕਾਰਗੁਜ਼ਾਰੀ ਵਿਚ ਉਸਦਾ ਵੱਡਾ ਯੋਗਦਾਨ ਹੁੰਦਾ ਹੈ। ਇਸੇ ਤਰ੍ਹਾਂ ਉਹਨਾਂ ਆਸਟ੍ਰੇਲੀਆ ਅਤੇ ਅਮਰੀਕਨ ਸੱਥਾਂ ਦਾ ਵੀ ਬੜੇ ਮਾਣ ਨਾਲ ਵੇਰਵਾ ਦਿੱਤਾ।

ਸਹਿਜ-ਸਾਦਗੀ ਅਤੇ ਸੁਹਜ ਭਰਪੂਰ ਜੀਵਨ ਜਿਊਣ ਦੇ ਮੁਦਈ ਡਾ. ਲਾਂਬੜਾ ਨੇ ਆਪਣੀ ਜ਼ਿੰਦਗੀ ਦੇ ਖੱਟੇ-ਮਿੱਠੇ ਤਜਰਬੇ ਸਾਂਝੇ ਕਰਦਿਆਂ ਕਿਹਾ ਕਿ ਪੰਜਾਬ ਦੀ ਅਜੋਕੀ ਦਰਦਰਨਾਕ ਦਸ਼ਾ ਕਦੇ ਅਜਿਹੀ ਨਾ ਹੁੰਦੀ ਜੇ ਇੱਥੇ ਸੌੜੀਆਂ ਸਿਆਸਤਾਂ ਨਾ ਖੇਡੀਆਂ ਗਈਆਂ ਹੁੰਦੀਆਂ। ਪੰਜਾਬ 'ਚੋਂ ਲਗਾਤਾਰ ਵਿਦੇਸ਼ਾਂ ਨੂੰ ਹੋ ਰਹੇ ਪਲਾਇਨ ਬਾਰੇ ਉਹਨਾਂ ਬੜੇ ਕਰੁਣਾਮਈ ਸ਼ਬਦਾਂ ਵਿਚ ਆਖਿਆ ਕਿ ਵਰਤਮਾਨ ਦੌਰ ਵਾਂਗ ਪੰਜਾਬੀ ਕਦੇ ਭਾਂਜਵਾਦੀ ਨਹੀਂ ਬਣੇ ਸਗੋਂ ਸਿਰੜ ਤੇ ਸਿਦਕ ਨਾਲ ਪੰਜਾਬ ਲਈ ਮਰ-ਮਿਟਣਾ ਸਾਡਾ ਇਤਿਹਾਸ ਰਿਹਾ ਹੈ। ਪਰ ਹੁਣ ਅਸੀਂ ਜੰਮਣ-ਭੂਮੀ ਤੋਂ ਨਿਰਮੋਹੇ ਹੋ ਕੇ ਵਿਦੇਸ਼ਾਂ ਨੂੰ ਦੌੜੇ ਜਾ ਰਹੇ ਹਾਂ।

ਇਕ ਸਵਾਲ ਦੇ ਜਵਾਬ ਵਿਚ ਉਹਨਾਂ ਕਿਹਾ ਕਿ ਜੀ ਸਦਕੇ ਵਿਦੇਸ਼ਾਂ ਵਿਚ ਕਾਰੋਬਾਰ ਵਧਾਓ, ਕਮਾਈ ਕਰੋ ਪਰ ਤ੍ਰਾਸਦੀਆਂ ਮਾਰੇ ਪੰਜਾਬ ਦੇ ਉਜੜ ਰਹੇ ਬਾਗਾਂ ਦੇ ਮਾਲੀ ਬਣਨਾ ਵੀ ਨਾ ਭੁਲਾ ਦਿਓ। ਉਹਨਾਂ ਸੁਲਤਾਨਪੁਰ ਲੋਧੀ ਵਾਲੀ ਇਤਿਹਾਸਕ ਵੇਈਂ ਦੀ ਮਿਸਾਲ ਦਿੰਦਿਆਂ ਕਿਹਾ ਕਿ ਜੇ ਬਦਬੂ ਮਾਰਦੀ ਵੇਈਂ ਨੂੰ ਹਿੰਮਤ ਅਤੇ ਲਗਨ ਨਾਲ ਸਾਫ ਕਰਕੇ, ਉਸਨੂੰ ਮੁੜ ਸਵੱਛ ਅਤੇ ਨਿਰਮਲ ਬਣਾਇਆ ਜਾ ਸਕਦਾ ਹੈ ਤਾਂ ਹੁਣ ਗੰਧਲੇ ਪੰਜਾਬ ਦੇ ਵਾਤਾਵਰਣ ਨੂੰ ਵੀ ਸੁਧਾਰਿਆ ਜਾ ਸਕਦਾ ਹੈ। ਡਾ. ਲਾਂਬੜਾ ਨੇ ਕਈ ਹੱਡਬੀਤੀਆਂ ਸੁਣਾਉਂਦਿਆਂ ਕਿਹਾ ਕਿ ਸਰਕਾਰਾਂ ਦੀ ਨੀਂਦ ਵੀ ਉਦੋਂ ਹੀ ਖੁੱਲ੍ਹਦੀ ਹੈ ਜਦੋਂ ਆਮ ਲੋਕ ਕਾਫਲੇ ਬੰਨ੍ਹ ਕੇ ਕਿਸੇ ਨੇਕ ਕਾਰਜ ਲਈ ਤੁਰ ਪੈਂਦੇ ਹਨ।

ਇਸ ਮੌਕੇ ਡਾ. ਲਾਂਬੜਾ ਨੇ ਚੋਣਵੇ ਲੇਖਕਾਂ ਨੂੰ ਸੱਥ ਵੱਲੋਂ ਪ੍ਰਕਾਸ਼ਿਤ ਕਿਤਾਬਾਂ ਵੀ ਭੇਂਟ ਕੀਤੀਆਂ। ਇਕ ਦੋ ਸ਼ਾਇਰਾਂ ਨੇ ਆਪਣੇ ਕਲਾਮ ਸੁਣਾ ਕੇ ਮਹਿਫਲ ਵਿਚ ਕਾਵਿਕ ਮਾਹੌਲ ਸਿਰਜਿਆ। ਇਸ ਇਕੱਠ ਵਿਚ ਰੁਪਿੰਦਰ ਕੌਰ, ਸੁਖਦੀਪ ਕੌਰ ਬਰਸਾਲ, ਰਾਜਵੀਰ ਕੌਰ ਢੀਂਡਸਾ, ਮਝੈਲ ਸਿੰਘ ਸਰਾਂ, ਅਵਤਾਰ ਸਿੰਘ ਮਿਸ਼ਨਰੀ, ਗੁਰਦਿਆਲ ਸਿੰਘ ਨੂਰਪੁਰੀ, ਚਰਨਜੀਤ ਸਿੰਘ ਪੰਨੂ, ਜਸਪਾਲ ਸਿੰਘ ਰੇਡੀਓ ਹੋਸਟ, ਤਰਲੋਚਨ ਸਿੰਘ ਦੁਪਾਲਪੁਰ, ਤਰਨਜੀਤ ਸਿੰਘ ਟਿਵਾਣਾ, ਡਾ. ਗੁਰਮੀਤ ਸਿੰਘ ਬਰਸਾਲ, ਬਜ਼ੁਰਗ ਆਜ਼ਾਦ ਜਲੰਧਰੀ, ਈਸ਼ਰ ਸਿੰਘ ਮੋਮਨ ਅਤੇ ਨਗਿੰਦਰ ਸਿੰਘ ਬਰਸਾਲ ਆਦਿ ਸਾਹਿਤ ਪ੍ਰੇਮੀ ਸ਼ਾਮਲ ਹੋਏ। ਸਮਾਪਤੀ ਤੇ ਸਾਰਿਆਂ ਨੇ ਪ੍ਰੀਤੀ ਭੋਜ ਦਾ ਆਨੰਦ ਮਾਣਿਆ।

# ਸਿੱਖ ਗੁਰਦੁਆਰਾ ਸੈਨਹੋਜ਼ੇ ਵਿਖੇ ਧਾਰਮਿਕ ਕਵੀ-ਦਰਬਾਰ ਸਜਾਇਆ ਗਿਆ



**ਸੈਨਹੋਜ਼ੇ (ਪ੍ਰਮਿੰਦਰ ਸਿੰਘ ਪ੍ਰਵਾਨਾ)-** ਸਿੱਖ ਗੁਰਦੁਆਰਾ ਸਾਹਿਬ ਸੈਨਹੋਜ਼ੇ ਵਿਖੇ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਧਾਰਮਿਕ ਕਵੀ ਦਰਬਾਰ ਸਜਾਇਆ ਗਿਆ। ਪ੍ਰਮਿੰਦਰ ਸਿੰਘ ਪ੍ਰਵਾਨਾ ਵੱਲੋਂ ਮੰਚ ਸੰਭਾਲਦਿਆਂ ਧਾਰਮਿਕ ਕਵੀ ਦਰਬਾਰਾਂ ਦਾ ਮਨੋਰਥ ਦ੍ਰਿੜ੍ਹ ਕਰਵਾਇਆ। ਸ਼ਾਮਲ ਕਵੀਆਂ ਨੇ ਗੁਰਮਤਿ ਗੁਰੂ ਕਾਲ, ਗੁਰ-ਇਤਿਹਾਸ ਨਾਲ ਜੁੜੀਆਂ ਰਚ-ਨਾਵਾਂ ਨਾਲ ਸਾਂਝ ਪਾਈ ਜਿਹਨਾਂ ਵਿਚ ਮਹਿੰਦਰ ਸਿੰਘ ਰਾਜਪੂਤ, ਗੁਰਦਿਆਲ ਸਿੰਘ ਨੂਰਪੁਰੀ, ਤਰਸੇਮ ਸਿੰਘ ਸੁੰਮਨ, ਜਸਦੀਪ ਸਿੰਘ ਫਰੀਮਾਂਟ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ ਸ਼ਾਮਲ ਸਨ। ਪ੍ਰਬੰਧਕਾਂ ਵੱਲੋਂ ਖੁਸ਼ੀ ਜ਼ਾਹਿਰ ਕਰਦਿਆਂ ਪ੍ਰੋਗਰਾਮ ਦੀ ਸ਼ਲਾਘਾ ਕੀਤੀ ਗਈ।

## ਪੰਜਾਬੀ ਸਾਹਿਤ ਸਭਾ ਸਟਾਕਟਨ ਦੀ ਤਿਮਾਹੀ ਇਕੱਤ੍ਰਤਾ 23 ਅਕਤੂਬਰ ਨੂੰ

**ਸਟਾਕਟਨ/ ਨਿਊਜ਼ ਬਿਊਰੋ:** ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ 23 ਅਕਤੂਬਰ ਦਿਨ ਐਤਵਾਰ ਨੂੰ ਨੇੜਲੇ ਕਸਬੇ ਫਰੈਂਚ ਕੈਂਪ ਵਿਚ ਆਪਣੀ ਤਿਮਾਹੀ ਇਕੱਤ੍ਰਤਾ ਕਰਵਾਈ ਜਾ ਰਹੀ ਹੈ। ਜੋ ਦਪਹਿਰ 2.00 ਵਜੇ ਤੋਂ ਸ਼ਾਮ 5.00 ਵਜੇ ਤੱਕ ਚੱਲੇਗੀ। ਪ੍ਰੋਗਰਾਮ ਦੀ ਰੂਪ ਰੇਖਾ ਅਨੁਸਾਰ ਇਸ ਵਿਚ ਇਕੱਤ੍ਰ ਹੋ ਰਹੇ ਵਿਦਵਾਨ ਅਤੇ ਸਹਿਤਕਾਰ ਵਿਚਾਰ ਚਰਚਾ ਲਈ ਚੁਣੇ ਗਏ ਮੁੱਖ ਵਿਸ਼ੇ 'ਵਿਸ਼ਵੀਕਰਣ ਦੇ ਦੌਰ ਵਿਚ ਸਾਹਿਤ ਸਭਿਆਚਾਰ ਅਤੇ ਆਮ ਲੋਕ' ਬਾਰੇ ਆਪਣੇ ਸਾਰਥਕ ਵਿਚਾਰ ਸਾਂਝੇ ਕਰਨਗੇ। ਇਸ ਤੋਂ ਬਾਅਦਕਹਾਣੀ ਦਰਬਾਰ ਹੋਵੇਗਾ ਜਿਸ ਵਿਚਪੜ੍ਹੀਆਂ ਗਈਆਂ ਕਹਾਣੀਆਂ ਬਾਰੇ ਅਲੋਚਨਾਤਮਕ ਨਜ਼ਰੀਏ ਤੋਂ ਗਲਬਾਤ ਕੀਤੀ ਜਾਵੇਗੀ। ਇਸ ਉਪਰੰਤ ਗੀਤ, ਸੰਗੀਤ ਅਤੇ ਕਵਿਤਾਵਾਂ ਦਾ ਖੂਬਸੂਰਤ ਦੌਰ ਚਲੇਗਾ। ਇਹ ਸਾਹਿਤਕ ਇਕਤ੍ਰਤਾ ਦੇ ਸਥਾਨ ਦਾ ਪੂਰਾ ਪਤਾ ਹੈ: India Taj Cuisine, 7400 South Eldorado St. French Camp CA 95231। ਵਧੇਰੇ ਜਾਣਕਾਰੀ ਲਈ ਦਿਤੇ ਗਏ ਫੋਨ ਨੰਬਰ ਤੇ ਸੰਪਰਕ ਕੀਤਾ ਜਾ ਸਕਦਾ ਹੈ: ਹਰਜਿੰਦਰ ਪੰਧੇਰ ( 209-610- 5055)।




# ਫਿਲਮ-ਸਟਾਰ ਅਕਸ਼ੈ ਕੁਮਾਰ ਨੇ ਫਿਲਮ '30 ਮਿਨਟ' ਦਾ ਟਰੇਲਰ ਅਤੇ ਸੰਗੀਤ ਲਾਂਚ ਕੀਤਾ

**ਨਵੀਂ ਦਿੱਲੀ–** ਸੁਪਰ ਸਟਾਰ ਅਕਸ਼ੈ ਕੁਮਾਰ ਨੇ ਹਾਲ ਵਿੱਚ ਹੀ ਮੁੰਬਈ ਵਿੱਚ ਆਯੋਜਤ ਇੱਕ ਪ੍ਰਭਾਵਸ਼ਾਲੀ ਸਮਾਗਮ ਵਿੱਚ ਪੂਰੀ ਲੰਬਾਈ ਦੀ ਫੀਚਰ ਫਿਲਮ '30 ਮਿਨਟ' ਦਾ ਟਰੇਲਰ ਤੇ ਸੰਗੀਤ ਜਾਰੀ ਕੀਤਾ। ਇਸ ਮੌਕੇ ਤੇ ਫਿਲਮ-ਸਟਾਰ ਅਕਸ਼ੈ ਕੁਮਾਰ ਨੇ ਕਿਹਾ ਕਿ ਉਨ੍ਹਾਂ ਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਈ ਹੈ ਕਿ ਇਸ ਫਿਲਮ ਦੀ ਕਹਾਣੀ 'ਸਮੇਂ ਦੀ ਪਾਬੰਧੀ' ਵਿਸ਼ੈ ਪੁਰ ਅਧਾਰਤ ਹੈ ਤੇ ਭਾਰਤੀ ਫਿਲਮ ਇਤਿਹਾਸ ਵਿੱਚ ਇਸਤੋਂ ਪਹਿਲਾਂ ਕਿਸੇ ਵੀ ਫਿਲਮਕਾਰ ਨੇ ਇਸ ਵਿਸ਼ੈ ਨੂੰ ਨਹੀਂ ਛੋਹਿਆ। ਉਨ੍ਹਾਂ ਨੂੰ ਵਿਸ਼ਵਾਸ ਹੈ ਕਿ ਵਿਸ਼ੈ ਦਾ ਨਵਾਂਪਨ ਅਤੇ ਦਿਲਚਸਪ ਫਿਲਮਾਂਕਨ ਇਸ ਫਿਲਮ ਨੂੰ ਭਾਰੀ ਸਫਲਤਾ ਦੁਆਇਗਾ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਦਸਿਆ ਗਿਆ ਹੈ ਕਿ ਇਹ ਫਿਲਮ ਸੰਸਾਰ ਭਰ ਵਿੱਚ 11 ਨਵੰਬਰ ਨੂੰ ਰਿਲੀਜ਼ ਹੋਣ ਜਾ ਰਹੀ ਹੈ।





ਇਸ ਮੌਕੇ ਤੇ ਫਿਲਮ ਦੇ ਨਿਰਦੇਸ਼ਕ-ਨਿਰਮਾਤਾ ਯੇਸੁਦਾਸ ਬੀ ਸੀ ਨੇ ਦਸਿਆ ਕਿ 'ਸਮੇਂ ਦੀ ਪਾਬੰਧੀ' ਵਿਸ਼ੈ ਨੇ ਉਨ੍ਹਾਂ ਨੂੰ ਵਿਸ਼ੇਸ਼ ਰੂਪ ਵਿੱਚ ਪ੍ਰਭਾਵਤ ਕੀਤਾ ਹੈ, ਕਿਉਂਕਿ ਅਜੇ ਤਕ ਕਿਸੇ ਨੇ ਵੀ ਇਸ ਵਿਸ਼ੈ ਦੇ ਸੰਬੰਧ ਵਿੱਚ ਸੋਚਣ ਦੀ ਲੋੜ ਹੀ ਨਹੀਂ ਸਮਝੀ, ਵਿਸ਼ੇਸ਼ ਰੂਪ ਵਿੱਚ ਭਾਰਤ ਵਿੱਚ। ਇਹ ਵਿਸ਼ਾ ਬਹੁਤ ਹੀ ਸਿੱਧਾ ਹੈ ਅਤੇ ਇਸ ਸੰਬੰਧ ਵਿੱਚ ਸਕੂਲਾਂ ਤੇ ਦਫਤਰਾਂ ਵਿੱਚ ਲਗਾਤਾਰ ਉਪਦੇਸ਼ ਦਿੱਤਾ ਜਾਂਦਾ ਰਹਿੰਦਾ ਹੈ, ਪ੍ਰੰਤੂ ਅੱਜ ਤਕ ਇਹ ਉਪਦੇਸ਼ ਤੋਂ ਵੱਧ ਹੋਰ ਕੁਝ ਨਹੀਂ ਬਣ ਸਕਿਆ। ਜਦੋਂ ਤਕ ਇਸ ਵਿਸ਼ੈ ਨੂੰ ਦਿਲਚਸਪ ਢੰਗ ਨਾਲ ਪੇਸ਼ ਨਾ ਕੀਤਾ ਜਾਏ, ਤਦ ਤਕ ਇਹ ਦਰਸ਼ਕਾਂ ਨੂੰ ਆਪਣੇ ਵਲ ਖਿਚ ਨਹੀਂ ਸਕਦਾ। ਇਸਦੇ ਨਾਲ ਹੀ ਇਸਦਾ ਕੋਈ ਸਥਾਈ ਤੇ ਪੱਕਾ ਪ੍ਰਭਾਵ ਨਹੀਂ ਪੈ ਸਕਦਾ। ਇਹੀ ਕਾਰਣ ਹੈ ਕਿ ਉਨ੍ਹਾਂ ਦੇ ਦਿਲ ਵਿੱਚ '30 ਮਿਨਟ', ਇੱਕ ਦਿਲਚਸਪ ਗੇਮ (ਖੇਡ) ਦੇ ਅਧਾਰ ਤੇ ਫਿਲਮ ਬਨਾਣ ਦਾ ਵਿਚਾਰ ਆਇਆ ਤਾਂ ਜੋ ਹਰ ਵਿਅਕਤੀ ਦੇ ਦਿਲ ਪੁਰ ਸਮੇਂ ਦੀ ਪਾਬੰਧੀ ਦਾ ਸਦੀਵੀ ਪ੍ਰਭਾਵ ਪੈ ਸਕੇ।

ਉਨ੍ਹਾਂ ਦਸਿਆ ਕਿ ਇਸ ਫਿਲਮ ਦੀ ਕਹਾਣੀ ਇੱਕ ਪਿਤਾ ਵਲੋਂ ਇੱਕ ਬੱਚੇ ਨੂੰ ਲਗਾਤਾਰ ਤਸੀਹੇ ਦਿੱਤੇ ਜਾਣ ਅਤੇ ਉਸਨੂੰ ਜ਼ਾਲਮਾਨਾ ਤਰੀਕੇ ਨਾਲ ਮਾਰੇ-ਕੁੱਟੇ ਜਾਣ ਦੀਆਂ ਘਟਨਾਵਾਂ ਦੇ ਆਲੇ-ਦੁਆਲੇ ਘੁੰਮਦੀ ਹੈ। ਪਿਤਾ ਬੱਚੇ ਨੂੰ ਇਸ ਕਰਕੇ ਤਸੀਹੇ ਦਿੰਦਾ ਅਤੇ ਮਾਰਦਾ-ਕੁਟਦਾ ਹੈ ਤਾਂ ਜੋ ਬੱਚਾ 'ਸਮੇਂ ਦੀ ਪਾਬੰਧੀ' ਦਾ ਸਖਤੀ ਨਾਲ ਪਾਲਣ ਕਰੇ। ਇਥੋਂ ਤਕ ਕਿ ਛੋਟੇ ਅਤੇ ਬੇਲੋੜੇ ਕੰਮਾਂ ਦੇ ਮਾਮਲੇ ਵਿੱਚ ਵੀ। ਜਿਉਂ-ਜਿਉਂ ਬੱਚਾ ਵੱਡਾ ਹੁੰਦਾ ਜਾਂਦਾ ਹੈ, ਬਚਪਨ ਦੀਆਂ ਭਿਆਨਕ ਯਾਦਾਂ ਉਸਦੀ ਸਮੁਚੀ ਸ਼ਖਸੀਅਤ ਪੁਰ ਪੂਰੀ ਉਮਰ ਲਈ ਸਮਸਿਆ ਪੈਦਾ ਕਰਦੀਆਂ ਰਹਿੰਦੀਆਂ ਹਨ। ਰੋਜ਼-ਦਿਨ ਦੇ ਜੀਵਨ ਵਿੱਚ ਉਹ ਇੱਕ ਆਮ ਵਿਅਕਤੀ ਹੈ ਅਤੇ ਇੱਕ ਨਿਜੀ ਕੰਪਨੀ ਵਿੱਚ ਪੂਰੀ ਸਮਰਥਾ ਅਤੇ ਨਿਸ਼ਠਾ ਨਾਲ ਕੰਮ ਕਰਦਾ ਹੈ। ਉਸਦੇ ਦਫਤਰ ਵਿੱਚ ਕੰਮ ਕਰਨ ਵਾਲੀ ਇੱਕ ਲੜਕੀ ਨਾਲ ਉਸਦੀ ਪ੍ਰੇਮ ਕਹਾਣੀ ਸ਼ੁਰੂ ਹੋ ਜਾਂਦੀ ਹੈ। ਪ੍ਰੰਤੂ ਬਚਪਨ ਦੀਆਂ ਡਰਾਵਣੀਆਂ ਯਾਦਾਂ ਕਾਰਣ, ਕਈ ਮੌਕਿਆਂ 'ਤੇ ਉਸਦੇ ਲਈ ਕਈ ਗੰਭੀਰ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ। ਉਹ ਵਾਰ-ਵਾਰ ਹੋਣ ਵਾਲੀਆਂ ਅਜਿਹੀਆਂ ਸਮੱਸਿਆਵਾਂ ਤੋਂ ਛੁਟਕਾਰਾ ਹਾਸਲ ਕਰਨ ਲਈ '30 ਮਿਨਟ' ਨਾਮਕ ਇੱਕ ਬਹੁਤ ਹੀ ਦਿਲਚਸਪ ਅਤੇ ਖਤਰਨਾਕ ਖੇਡ ਖੇਡਣ ਦੀ ਯੋਜਨਾ ਬਣਾ ਲੈਂਦਾ ਹੈ।

ਫਿਲਮ ਦੇ ਕਾਰਜਕਾਰੀ ਨਿਰਮਾਤਾ ਅਮਰਜੀਤ ਸਿੰਘ ਕੋਹਲੀ ਦੇ ਅਨੁਸਾਰ, ਸਮੇਂ ਦੀ ਪਾਬੰਦੀ ਤੋਂ ਇਲਾਵਾ ਇਹ ਫਿਲਮ ਬੱਚਿਆਂ ਨੂੰ ਜ਼ਾਲਮਾਨਾ ਢੰਗ ਨਾਲ ਮਾਰੇ-ਕੁਟੇ ਜਾਣ ਅਤੇ ਤਸੀਹੇ ਦਿੱਤੇ ਜਾਣ ਜਿਹੀ ਗੰਭੀਰ ਸਮੱਸਿਆ ਨੂੰ ਵੀ ਪ੍ਰਭਾਵਸ਼ਾਲੀ ਤਰੀਕੇ ਨਾਲ ਉਭਾਰਦੀ ਹੈ। ਭਾਰਤੀ ਪਰਿਵਾਰਾਂ ਵਿੱਚ ਇਹ ਬੁਰਾਈ ਵੱਡੇ ਪੈਮਾਨੇ ਤੇ ਘਰ ਕਰ ਗਈ ਹੋਈ ਹੈ। ਮਾਤਾ-ਪਿਤਾ ਵਲੋਂ ਆਪਣੀ ਪੰਸਦ, ਨਾ ਪਸੰਦ, ਸਨਕ ਅਤੇ ਇੱਛਾ ਨੂੰ ਬੱਚਿਆਂ ਦੇ ਮਾਸੂਮ ਦਿਲ ਪੁਰ ਥੋਪਣ ਕਾਰਣ ਹੋਣ ਵਾਲੇ ਖਤਰਨਾਕ ਨਤੀਜਿਆਂ ਤੋਂ ਕਾਫੀ ਹਦ ਤਕ ਅਨਜਾਣ ਹਨ। ਇਸ ਫਿਲਮ ਵਿੱਚ ਸਮੇਂ ਦੀ ਪਾਬੰਧੀ ਅਤੇ ਬੱਚਿਆਂ ਪੁਰ ਹੋਣ ਵਾਲੀ ਹਿੰਸਾ ਨੂੰ '30 ਮਿਨਟ' ਨਾਮੀ ਇੱਕ ਦਿਲਚਸਪ ਅਤੇ ਮਜ਼ੇਦਾਰ ਗੇਮ ਰਾਹੀਂ ਬਹੁਤ ਹੀ ਵੱਧੀਆਂ ਢੰਗ ਨਾਲ ਉਭਾਰਿਆ ਗਿਆ ਹੈ। ਇਸ ਫਿਲਮ ਦੇ ਕਲਾਕਾਰਾਂ ਵਿੱਚ ਅਦਾਕਾਰਾ ਹਰਸ਼ਿਤਾ ਭੱਟ, ਹਿਤੇਨ ਪੇਂਟਲ (ਨਾਇਕ ਦੇ ਰੂਪ ਵਿੱਚ ਇਹ ਜਿਸਦੀ ਪਹਿਲੀ ਫਿਲਮ ਹੈ), ਹੰਡੇ-ਵਰਤੇ ਅਭਿਨੇਤਾ ਪੇਂਟਲ, ਚਰਿਤ੍ਰ ਅਭਿਨੇਤਾ - ਹੇਮੰਤ ਪਾਂਡੇ, ਰਾਣਾ ਜੰਗ ਬਹਾਦਰ ਅਤੇ ਸ਼ਿਵ ਕੁਮਾਰ ਵੀ ਸ਼ਾਮਲ ਹਨ। ਇਸ ਫਿਲਮ ਦਾ ਆਈਟਮ ਗੀਤ 'ਕੁੱਤੇ ਫੇਲ', ਜੋ ਅਭਿਨੇਤਰੀ ਰਿਯਾ ਸੇਨ ਤੇ ਫਿਲਮਾਇਆ ਗਿਆ ਹੈ ਅਤੇ ਜਿਸਨੂੰ ਦਿੱਲੀ ਦੀ ਅਨੁਜਾ, ਜੋ ਇਸ ਫਿਲਮ ਰਾਹੀਂ ਪਲੇਬੈਕ ਸਿੰਗਰ ਦੇ ਰੂਪ ਵਿੱਚ ਫਿਲਮਾਂ ਵਿੱਚ ਪ੍ਰਵੇਸ਼ ਕਰ ਰਹੀ ਹੈ, ਨੇ ਗਾਇਆ ਹੈ। ਇਸ ਫਿਲਮ ਦੇ ਪਲੇਬੈਕ ਗਾਇਕਾਂ ਵਿੱਚ ਜਾਣੀ-ਪਛਾਣੀ ਗਾਇਕਾ ਆਸ਼ਾ ਭੌਂਸਲੇ, ਸ਼ਾਨ, ਕੁਣਾਲ ਗੰਜਾਵਾਲਾ, ਜਾਵੇਦ ਅਲੀ, ਨਵੀਂ ਗਾਇਕਾ ਅਨੁਜਾ ਅਤੇ ਲੰਦਨ ਦੇ ਜਸਵਿੰਦਰ ਬੰਟੀ ਸ਼ਾਮਲ ਹਨ। ਸੰਗੀਤ ਨਿਰਦੇਸ਼ਕ ਜਸਪਾਲ ਸੋਨੀ ਨਰੇਸ਼ ਵਕੀਲ ਹਾਰੂਨ ਅਤੇ ਅਸ਼ੋਕ ਸ਼ਰਮਾ ਹਨ। ਇਹ ਫਿਲਮ '30 ਮਿਨਟ' ਸੰਸਾਰ ਭਰ ਵਿੱਚ 11 ਨਵੰਬਰ ਨੂੰ ਪ੍ਰਦਰਸ਼ਤ ਹੋ ਰਹੀ ਹੈ।

# 'ਮਰਜਰ' ਦੇ ਮਸਲੇ ਦੇ ਹੱਲ ਲਈ ਮੁੱਖ ਮੰਤਰੀ ਬਾਦਲ ਖੁਦ ਦੇਣ ਸਿੱਧਾ ਦਖਲ : ਪੰਜਾਬ ਏਡਿਡ ਸਕੂਲ ਟੀਚਰਜ ਯੂਨੀਅਨ

## ਏਡਿਡ ਸਕੂਲਾਂ ਦੇ ਸਟਾਫ ਦਾ ਸਰਕਾਰੀ ਸਕੂਲਾਂ ਵਿਚ "ਮਰਜਰ" ਨਾ ਕਰਨ ਕਾਰਨ ਹਜਾਰਾਂ ਕਰਮਚਾਰੀ ਸੂਬਾ ਸਰਕਾਰ ਤੋਂ ਨਾਰਾਜ

**ਲੁਧਿਆਣਾ–** ਪੰਜਾਬ ਦੇ 484 ਸਰਕਾਰੀ ਸਹਾਇਤਾ ਪ੍ਰਾਪਤ (ਏਡਿਡ) ਸਕੂਲਾਂ ਦੇ ਹਜਾਰਾਂ ਕਰਮਚਾਰੀ ਸੂਬਾ ਸਰਕਾਰ ਵੱਲੋ ਉਨਾਂ ਦੀ ਸਰਕਾਰੀ ਸਕੂਲਾਂ ਵਿਚ ਮਰਜ ਕਰਨ ਦੀ ਮੁੱਖ ਮੰਗ ਅਤੇ ਹੋਰ ਮੰਗਾ ਪ੍ਰਤੀ ਅਵੇਸਲਾਂਪਨ ਵਿਖਾਉਣ ਕਾਰਨ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਤੋ ਨਾਰਾਜ ਹੋ ਗਏ ਹਨ। ਪੰਜਾਬ ਦੀ ਅਕਾਲੀ ਅਤੇ ਭਾਜਪਾ ਪਾਰਟੀਆਂ ਦਾ ਪਿਛਲੇ ਅਨੇਕਾਂ ਸਾਲਾਂ ਤੋਂ ਪਰੰਪਰਾਗਤ ਵੋਟ ਬੈਂਕ ਮਨੇ ਜਾਂਦੇ ਸੂਬੇ ਭਰ ਦੇ 10 ਹਜਾਰ ਤੋ ਵੱਧ ਵਰਤਮਾਨ ਵਿਚ ਏਡਿਡ ਸਕੂਲਾਂ ਵਿਚ ਕੰਮ ਕਰਦੇ ਅਤੇ ਸੇਵਾ ਮੁਕਤ ਹੋ ਚੁੱਕੇ ਕਰਮਚਾਰੀਆਂ ਦਾ ਇਸ ਸਮੇ ਦੀ ਸਰਕਾਰ ਤੋਂ ਨਾਰਾਜ ਹੋਣ ਦਾ ਮੁੱਖ ਕਾਰਨ ਹੈ। ਕਿ ਪਿਛਲੇ 4 ਸਾਲਾਂ ਤੋ ਯੂਨੀਅਨ ਵੱਲੋਂ ਇਨਾਂ ਕਰਮਚਾਰੀਆਂ ਨੂੰ ਸਰਕਾਰੀ ਸਕੂਲਾਂ ਵਿਚ ਮਰਜ ਕਰਨ ਲਈ ਜੋਰਦਾਰ ਅੰਦੋਲਨ ਚਲਾਇਆ ਜਾ ਰਿਹਾ ਹੈ। ਯੂਨੀਅਨ ਵੱਲੋ ਸਮੇਂ-ਸਮੇਂ ਦੀ ਲੋੜ ਅਨੁਸਾਰ ਅੰਦੋਲਨ ਨੂੰ ਕਦੇ ਨਰਮ ਅਤੇ ਗਰਮ ਲੀਹਾਂ ਤੇ ਚਲਾਇਆਂ ਗਿਆ। ਪਰ ਅਜੇ ਤੱਕ ਸੂਬਾ ਸਰਕਾਰ ਦੇ ਕੰਨਾਂ ਤੇ ਜੂੰ ਤੱਕ ਵੀ ਨਹੀ ਸਰਕੀ। ਜੇਕਰ ਅਕਾਲੀ ਅਤੇ ਭਾਜਪਾ ਸਰਕਾਰ ਦੇ ਪ੍ਰਪਰਾਗਤ ਸਾਥੀ ਰਹੇ ਹਜਾਰਾਂ ਪਰਿਵਾਰਾ ਦੇ ਸਮੱਰਥਕ ਇਸ ਤਰੀਕੇ ਨਾਲ ਸੂਬਾ ਸਰਕਾਰ ਤੋ ਮੂੰਹ ਮੋੜਨ ਲੱਗ ਗਏ, ਤਾਂ ਇਹ ਸਰਕਾਰ ਲਈ ਇਕ ਖਤਰੇ ਦੀ ਘੰਟੀ ਸਾਬਤ ਹੋ ਸਕਦੀ ਹੈ। ਕਿਉਕਿ ਗੱਲ ਇਹਨਾਂ 10 ਹਜਾਰ ਤੋ ਵੱਧ ਪਰਿਵਾਰਾਂ ਨਾਲ ਸਿੱਧਾ ਸੰਬਧ ਤਾਂ ਰੱਖਦੀ ਹੀ ਹੈ । ਸੂਬੇ ਭਰ ਦੇ 5 ਲੱਖ ਤੋ ਵੱਧ ਏਡਿਡ ਸਕੂਲਾਂ ਵਿਚ ਪੜਨ ਵਾਲੇ ਵਿਦਿਆਰਥੀ ਵੀ ਇਨਾਂ ਏਡਿਡ ਸਕੂਲ ਅਧਿਆਪਕਾਂ ਅਤੇ ਹੋਰ ਕਰਮਚਾਰੀਆਂ ਨਾਲ ਸਿੱਧੇ ਤੋਰ ਤੇ ਜੁੜੇ ਹੋਏ ਹਨ। ਸੂਬੇ ਭਰ ਵਿਚ ਖਾਲਾਸਾਈ ਸੰਸਥਾਵਾਂ ਡੇ.ਏ.ਵੀ , ਆਰੀਆ, ਸਨਾਤਨ ਧਰਮੀ ਸੰਸਥਾਵਾਂ ਦੇ ਨਾਲ-ਨਾਲ ਮੁਸਲਿਮ ਅਤੇ ਇਸਾਈ ਭਾਈ ਚਾਰੇ ਨਾਲ ਸਬੰਧਤ ਮੈਨੇਜਮੈਂਟਾਂ ਦੁਆਰਾ ਚਲਾਏ ਜਾ ਰਹੇ ਇਹਨਾਂ 484 ਸਕੂਲਾਂ ਦੀਆਂ ਪ੍ਰਬੰਧਕੀ ਕਮੇਟੀਆਂ ਦੇ ਅਹੁਦੇਦਾਰ ਉਪਰੋਕਤ ਸੋਚਾਂ ਦੀ ਪ੍ਰਤੀਨਿੱਧਤਾ ਕਰਨ ਵਾਲੇ ਸਮਾਜ ਦੇ ਮੰਨੇ ਪਰਵੰਨੇ, ਪਤਵੰਤੇ ਸੱਜਣ ਵੀ ਹਜਾਰਾਂ ਦੀ ਗਿਣਤੀ ਵਿੱਚ ਹਨ। ਜੋ ਕਿ ਸੂਬੇ ਦੇ ਜਨਮਤ ਦੇ ਉਪੱਰ ਬਹੁਤ ਪ੍ਰਭਾਵ ਰੱਖਦੇ ਹਨ । ਸੂਬੇ ਦੀ ਸਿਆਸਤ ਦੀ ਵਰਤਮਾਨ ਸਥਿਤੀ ਤੇ ਜੇ ਸਿੱਧੀ ਨਜਰਸ਼ਾਨੀ ਕੀਤੀ ਜਾਵੇ ਤਾਂ ਸੂਬੇ ਦੀਆਂ ਵਿਰੋਧੀ ਪਾਰਟੀਆਂ, ਚਾਹੇ ਉਹ ਕਾਂਗਰਸ ਹੋਵੇ ਜਾਂ ਆਮ ਆਦਮੀ ਪਾਰਟੀ, ਸਿੱਧੂ ਦੀ ਆਵਾਜ-ਏ-ਪੰਜਾਬ ਹੋਵੇ ਜਾਂ ਛੋਟੇਪੁਰ ਦੀ ਆਪਣਾ ਪੰਜਾਬ ਪਾਰਟੀ ਇਹ ਸਾਰੇ ਹੀ ਇਹਨਾਂ ਏਡਿਡ ਸਕੂਲਾਂ ਦੇ ਮਾਮਲੇ ਨੂੰ ਨੇੜੇ ਤੋਂ ਬਹੁਤ ਬਰੀਕੀ ਦੇ ਨਾਲ ਦੇਖ ਰਹੇ ਹਨ ਅਤੇ ਚੋਣਾਂ ਮੋਕੇ ਉਹ ਵੀ ਇਸ ਅੰਦੋਲਨ ਦਾ ਸਿਆਸੀ ਲਾਹਾ ਲੈਣ ਤੋਂ ਗਰੇਜ ਨਹੀ ਕਰਨਗੇ। ਜੇਕਰ ਅਕਾਲੀ-ਭਾਜਪਾ ਆਪਣੇ ਇਸ ਪੰਰਪਰਾਗਤ ਵੋਟ ਬੈਂਕ ਨੂੰ ਨਾਲ ਜੋੜ ਕੇ ਰੱਖਣ ਵਿੱਚ ਨਾਕਾਮਯਾਬ ਰਹੀ ਤਾਂ ਫਿਰ ਆਉਦੀਆਂ ਵਿਧਾਨ ਸਭਾ ਚੋਣਾਂ ਵਿੱਚ ਸੂਬੇ ਦੀ ਵਰਤਮਾਨ ਅਕਾਲੀ-ਭਾਜਪਾ ਸਰਕਾਰ ਨੂੰ ਇੱਸ ਦਾ ਕਾਫੀ ਵੱਡਾ ਖਾਮਿਆਜਾ ਭੁਗਤਣਾ ਪੈ ਸਕਦਾ ਹੈ।

Principal Davinder Kumar Rehan 9878002490


# ਡੇਰਾ ਦਿਹੇੜੂ ਵਿਖੇ ਧੂੰਮ-ਧਾਮ ਨਾਲ ਮਨਾਇਆ ਗਿਆ ਭਗਵਾਨ ਬਾਲਮੀਕ ਜੀ ਦਾ ਪ੍ਰਕਾਸ਼ ਦਿਹਾੜਾ











**ਫਗਵਾੜਾ–** ਡੇਰਾ ਸੰਤ ਬਾਬਾ ਫੂਲ ਨਾਥ ਜੀ ਸੰਤ ਬਾਬਾ ਬ੍ਰਹਮ ਨਾਥ ਜੀ ਨਾਨਕ ਨਗਰੀ ਜੀ. ਡੀ. ਰੋਡ ਦਿਹੇੜੂ ਤਹਿਸੀਲ ਫਗਵਾੜਾ, ਜ਼ਿਲ੍ਹਾ ਕਪੂਰਥਲਾ, ਪੰਜਾਬ ਵਿਖੇ ਮਹਾਂਰਿਸ਼ੀ ਵਾਲਮੀਕ ਜੀ ਦਾ ਪ੍ਰਕਾਸ਼ ਦਿਹਾੜਾ ਸੰਤ ਕ੍ਰਿਸ਼ਨ ਨਾਥ ਮਹਾਰਾਜ ਜੀ ਦਾ 54ਵਾਂ ਜਨਮ ਦਿਨ ਅਤੇ ਸੰਗਰਾਮ ਦਾ ਦਿਹਾੜਾ ਸ਼ਰਧਾ, ਸਤਿਕਾਰ ਅਤੇ ਧੂੰਮ-ਧੂਮ ਨਾਲ ਮਨਾਇਆ ਗਿਆ।

ਸਾਰੇ ਸਮਾਗਮ ਡੇਰੇ ਦੇ ਮੌਜੂਦ ਗੱਦੀ ਨਸ਼ੀਨ ਗੀਤਕਾਰ ਯੋਗ ਸੰਤ ਕ੍ਰਿਸ਼ਨ ਨਾਥ ਜੀ ਦੀ ਯੋਗ ਅਗਵਾਈ ਹੇਠ ਆਰੰਭ ਹੋਏ। ਭੋਗ ਉਪਰੰਤ ਠੀਕ ਦਿਨ 11 ਵਜੇ ਮਹਾਨ ਕੀਰਤਨ ਦਰਬਾਰ ਦੀ ਆਰੰਭਤਾ ਹੋਈ, ਜਿਸ ਵਿਚ ਭਾਈ ਮੰਗਤ ਰਾਮ ਮਹਿਮੀ ਅਤੇ ਸਾਥੀ ਦਕੋਹੇ ਵਾਲੇ, ਭਾਈ ਸਤੀਸ਼ ਕੁਮਾਰ ਅਤੇ ਸਾਥੀ ਜਲੰਧਰ ਕੈਂਟ ਵਾਲੇ ਅਤੇ ਸੰਤ ਟਹਿਲ ਨਾਥ ਜੀ ਨੰਗਲ ਖੇੜਾ ਵਾਲੇ ਅਤੇ ਹੋਰ ਅਨੇਕਾਂ ਜਥਿਆਂ ਨੇ ਰਸਭਿੰਨੇ ਕੀਰਤਨ ਦੁਆਰਾ ਭਗਵਾਨ ਵਾਲਮੀਕ ਮਹਾਰਾਜ ਜੀ ਦੀ ਮਹਿਮਾ ਦਾ ਜਸ ਸੰਗਤਾਂ ਨੂੰ ਸਰਵਣ ਕਰਵਾਇਆ। ਸੰਤ ਸੁਰਿੰਦਰ ਦਾਸ ਬਾਵਾ ਜੀ, ਸੰਤ ਬੀਬੀ ਕ੍ਰਿਸ਼ਨਾ ਦੇਵੀ ਜੀ ਨੇ ਰਸਭਿੰਨਾ ਸ਼ਬਦ ਗਾਇਨ ਕੀਤਾ। ਇਸ ਮੌਕੇ ਤੇ ਹਜ਼ਾਰਾਂ ਸੰਗਤਾਂ ਨੇ ਦੇਸ਼-ਵਿਦੇਸ਼ ਤੋਂ ਡੇਰੇ ਵਿਖੇ ਪਹੁੰਚ ਕੇ ਹਾਜ਼ਰੀ ਲਗਵਾਈ।

ਸੰਤ ਕ੍ਰਿਸ਼ਨ ਨਾਥ ਜੀ ਨੇ ਆਪਣੇ ਪ੍ਰਵਚਨ ਦੁਆਰਾ ਸਭ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਸਾਰਿਆਂ ਨੂੰ ਰਲ-ਮਿਲ ਕੇ ਰਹਿਣ ਦਾ ਸੰਦੇਸ਼ ਦਿੱਤਾ। ਭਗਵਾਨ ਵਾਲਮੀਕ ਜੀ ਦੇ ਜਨਮ ਦਿਨ ਦੀਆਂ ਸਭ ਸੰਗਤਾਂ ਨੂੰ ਵਧਾਈਆਂ ਦਿੱਤੀਆਂ। ਸਾਰੇ ਸਮਾਗਮਾਂ ਦਰਮਿਆਨ ਪ੍ਰਸ਼ਾਸਨ ਵੱਲੋਂ ਬਹੁਤ ਵਧੀਆ ਪ੍ਰਬੰਧ ਕੀਤੇ ਗਏ। ਗੁਰੂ ਕੇ ਲੰਗਰ, ਚਾਹ-ਪਕੌੜਿਆਂ ਅਤੇ ਮਠਿਆਈ ਦੇ ਲੰਗਰ ਸਾਰੀ ਦਿਹਾੜੀ ਚਲਦੇ ਰਹੇ। ਸਾਰੇ ਪ੍ਰੋਗਰਾਮ ਨੂੰ ਸਫਲ ਕਰਨ ਵਿਚ ਸੰਤ ਬਾਬਾ ਫੂਲ ਨਾਥ ਜੀ ਪਬਲਿਕ ਚੈਰੀਟੇਬਲ ਟਰੱਸਟ ਇੰਡੀਆ, ਯੂਰਪ (ਯੂ. ਕੇ.), ਸੰਤ ਬਾਬਾ ਬ੍ਰਹਮ ਨਾਥ ਐਜੂਕੇਸ਼ਨ ਸੇਵਾ ਸੁਸਾਇਟੀ, ਸਤਿਗੁਰੂ ਰਵਿਦਾਸ ਪਬਲਿਕ ਸਕੂਲ ਮੈਨੇਜਮੈਂਟ ਕਮੇਟੀ ਜੇਤੇਵਾਲੀ ਦਾ ਵਿਸ਼ੇਸ਼ ਸਹਿਯੋਗ ਰਿਹਾ।

# ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਦਿਵਸ 'ਤੇ ਸ਼ੋਭਾ ਯਾਤਰਾਵਾਂ 'ਚ ਸ਼ਾਮਲ ਹੋਏ ਬਸਪਾ ਆਗੂ

## ਬਸਪਾ ਸੂਬਾ ਇੰਚਾਰਜ ਕਰੀਮਪੁਰੀ ਨੇ ਭਗਵਾਨ ਵਾਲਮੀਕਿ ਜੀ ਦੇ ਪ੍ਰਕਾਸ਼ ਪੁਰਬ ਦੀ ਦਿੱਤੀ ਲੱਖ-ਲੱਖ ਵਧਾਈ

**ਫਗਵਾੜਾ (ਬੀ ਕੇ ਰੱਤੂ)–** ਭਗਵਾਨ ਵਾਲਮੀਕਿ ਜੀ ਦੇ ਪ੍ਰਕਾਸ਼ ਪੁਰਬ 'ਤੇ ਫਿਲੌਰ ਤੇ ਗੁਰਾਇਆ 'ਚ ਕੱਢੀਆਂ ਗਈਆਂ ਸ਼ੋਭਾ ਯਾਤਰਾਵਾਂ ਵਿਚ ਬਸਪਾ ਸੂਬਾ ਇੰਚਾਰਜ ਸ. ਅਵਤਾਰ ਸਿੰਘ ਕਰੀਮਪੁਰੀ ਸ਼ਾਮਲ ਹੋਏ। ਇਸ ਮੌਕੇ 'ਤੇ ਉਨ੍ਹਾਂ ਨੇ ਸਾਰੇ ਪੰਜਾਬ ਵਾਸੀਆਂ ਨੂੰ ਪ੍ਰਕਾਸ਼ ਪੁਰਬ ਦੀ ਲੱਖ-ਲੱਖ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਅੱਜ ਦੇ ਦੌਰ ਵਿਚ ਅਕਾਲੀ-ਭਾਜਪਾ ਦੇ ਰਾਜ ਵਿਚ ਭਗਵਾਨ ਵਾਲਮੀਕਿ ਜੀ ਨੂੰ ਮੰਨਣ ਵਾਲੇ ਸਮਾਜ ਦੇ ਲੋਕਾਂ ਦੇ ਹੱਥ-ਪੈਰ ਕੱਟੇ ਜਾ ਰਹੇ



ਹਨ। ਇਸ ਤਰ੍ਹਾਂ ਦੇ ਅੱਤਿਆਚਾਰਾਂ ਦੇ ਖਿਲਾਫ ਇੱਕਜੁਟ ਹੋ ਕੇ ਲੜਨ ਦੀ ਲੋੜ ਹੈ। ਇਸਦੇ ਨਾਲ ਹੀ ਇਹ ਸਾਰਾ ਪ੍ਰਬੰਧ ਬਦਲਣ ਦੀ ਵੀ ਜ਼ਰੂਰਤ ਹੈ। ਉਨ੍ਹਾਂ ਭਗਵਾਨ ਵਾਲਮੀਕਿ ਜੀ ਨੂੰ ਮੰਨਣ ਵਾਲੇ ਸਮੂਹ ਸਮਾਜ ਦੇ ਲੋਕਾਂ ਨੂੰ ਬੇਨਤੀ ਕੀਤੀ ਕਿ ਉਹ ਇਸ ਤਰ੍ਹਾਂ ਦੇ ਅੱਤਿਆਚਾਰਾਂ ਖਿਲਾਫ ਡਟ ਕੇ ਖੜ ਜਾਣ ਅਤੇ ਅੱਤਿਆਚਾਰੀ ਪ੍ਰਬੰਧ ਨੂੰ ਬਦਲ ਕੇ ਭਗਵਾਨ ਵਾਲਮੀਕਿ ਜੀ ਵਲੋਂ ਦਿਖਾਏ ਹੋਏ ਰਸਤੇ 'ਤੇ ਤੁਰ ਕੇ ਅਜਿਹਾ ਪ੍ਰਬੰਧ ਸਥਾਪਿਤ ਕਰਨ, ਜਿਸ ਵਿਚ ਸਮੂਹ ਸਮਾਜ ਦੇ ਲੋਕ ਤਰੱਕੀ ਕਰਨ ਤੇ ਅੱਤਿਆਚਾਰਾਂ ਤੋਂ ਮੁਕਤ ਹੋ ਜਾਣ। ਉਨ੍ਹਾਂ ਕਿਹਾ ਕਿ ਬਸਪਾ ਦੇ ਸੱਤਾ ਵਿਚ ਆਉਣ 'ਤੇ ਬਸਪਾ ਅਜਿਹੇ ਅੱਤਿਆਚਾਰੀ ਪ੍ਰਬੰਧ ਨੂੰ ਖਤਮ ਕਰੇਗੀ ਤੇ ਇਸਦੇ ਨਾਲ ਹੀ ਸਮੂਹ ਨਿਵਾਸੀਆਂ ਲਈ ਵਧੀਆ ਸਿੱਖਿਆ ਤੇ ਸਿਹਤ ਸੇਵਾਵਾਂ ਦਾ ਪ੍ਰਬੰਧ ਕਰੇਗੀ। ਇਸ ਤੋਂ ਇਲਾਵਾ ਬਸਪਾ ਦੇ ਸੂਬਾ ਪ੍ਰਧਾਨ ਰਸ਼ਪਾਲ ਰਾਜੂ ਅੱਜ ਨਵਾਂਸ਼ਹਿਰ ਵਿਚ ਭਗਵਾਨ ਵਾਲਮੀਕਿ ਜੀ ਦੇ ਪ੍ਰਕਾਸ਼ ਪੁਰਬ 'ਤੇ ਕੱਢੀ ਗਈ ਸ਼ੋਭਾ ਯਾਤਰਾ ਵਿਚ ਸ਼ਾਮਲ ਹੋਏ। ਇਸੇ ਤਰ੍ਹਾਂ ਹੀ ਪੰਜਾਬ ਦੇ ਵੱਖ-ਵੱਖ ਜ਼ਿਲਿਆਂ ਵਿਚ ਕੱਢੀਆਂ ਗਈਆਂ ਸ਼ੋਭਾ ਯਾਤਰਾਵਾਂ ਵਿਚ ਵੀ ਬਸਪਾ ਆਗੂਆਂ ਨੇ ਹਿੱਸਾ ਲਿਆ ਤੇ ਲੋਕਾਂ ਨੂੰ ਭਗਵਾਨ ਵਾਲਮੀਕਿ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ ਅਤੇ ਸਮਾਜ ਦੀ ਤਰੱਕੀ ਤੇ ਖੁਸ਼ਹਾਲੀ ਦੀ ਕਾਮਨਾ ਕੀਤੀ।

# ਭਾਖੜਾ ਨੰਗਲ ਪ੍ਰੋਜੈਕਟ ਕੁੱਝ ਹੈਰਾਨੀਜਨਕ ਹੈ, ਕੁੱਝ ਚਮਤਕਾਰੀ ਹੈ



ਕੁਲਦੀਪ ਚੰਦ
91-9417563054

ਸਾਡੇ ਦੇਸ਼ ਦਾ ਗੌਰਵ ਮੰਨੇ ਜਾਂਦੇ ਅਤੇ ਉਤਰੀ ਭਾਰਤ ਦੇ ਵਿਕਾਸ ਦੀ ਰੀੜ੍ਹ ਦੀ ਹੱਡੀ ਸਮਝੇ ਜਾਂਦੇ ਭਾਖੜਾ ਬੰਨ ਨੂੰ ਅੱਜ 53 ਸਾਲ ਪੂਰੇ ਹੋ ਰਹੇ ਹਨ। ਭਾਖੜਾ ਡੈਮ ਆਧੁਨਿਕ ਤਕਨਾਲੋਜੀ ਅਤੇ ਇੰਜੀਨੀਅਰਿੰਗ ਵਿਗਿਆਨ ਦੀ ਇੱਕ ਅਦਭੁਤ ਦੇਣ ਹੈ। ਇਹ ਉੱਤਰੀ ਭਾਰਤ ਦਾ ਇੱਕ ਪ੍ਰਭਾਵਸ਼ਾਲੀ ਅਤੇ ਬਹੁਤ ਵੱਡਾ ਡੈਮ ਹੈ ਜੋ ਸਿੰਚਾਈ ਲਈ ਪਾਣੀ, ਉਦਯੋਗਾਂ ਨੂੰ ਚਲਾਉਣ ਲਈ ਬਿਜਲੀ, ਸ਼ਹਿਰਾਂ ਦਾ ਬਿਜਲੀਕਰਨ, ਪਿੰਡਾਂ ਵਿੱਚ ਬਿਜਲੀ ਅਤੇ ਟਿਊਬਵੈੱਲਾਂ ਨੂੰ ਚਲਾਉਣ ਲਈ ਊਰਜਾ ਪ੍ਰਦਾਨ ਕਰਦਾ ਹੈ। ਇਸ ਪ੍ਰੋਜੈਕਟ ਨੂੰ ਬਣਾਉਣ ਦਾ ਖਿਆਲ ਬੇਸ਼ੱਕ ਅਜ਼ਾਦੀ ਤੋਂ ਪਹਿਲਾਂ ਹੀ ਆਇਆ ਸੀ ਪਰੰਤੂ ਇਸ ਪ੍ਰੋਜੈਕਟ ਦਾ ਨਿਰਮਾਣ ਅਜ਼ਾਦੀ ਤੋਂ ਬਾਦ ਹੀ ਸ਼ੁਰੂ ਹੋਇਆ ਸੀ। ਮੌਜੂਦਾ ਹਿਮਾਚਲ ਪ੍ਰਦੇਸ਼ ਦੇ ਬਿਲਾਸਪੁਰ ਜਿਲ੍ਹੇ ਵਿੱਚ ਸਥਿਤ ਭਾਖੜਾ ਡੈਮ ਪ੍ਰੋਜੈਕਟ ਨੂੰ ਬਣਾਉਣ ਦਾ ਵਿਚਾਰ ਸਭਤੋਂ ਪਹਿਲਾਂ ਸਰ ਲੁਈਸ ਡੈਨੇ ਦੁਆਰਾ 8 ਨਵੰਬਰ, 1908 ਨੂੰ ਦਿਤਾ ਗਿਆ ਸੀ ਅਤੇ ਇਸ ਸਬੰਧੀ ਵਿਸਥਾਰ ਰਿਪੋਰਟ ਮਾਰਚ 1919 ਵਿੱਚ ਪੇਸ਼ ਕੀਤੀ ਗਈ। 1920 ਤੋਂ ਲੈਕੇ 1938 ਤੱਕ ਇਸ ਸਬੰਧੀ ਵੱਖ ਵੱਖ ਤਰਾਂ ਦੇ ਸਰਵੇਖਣ ਹੋਏ ਅਤੇ 1939 ਤੋਂ 1942 ਤੱਕ ਇਸ ਪ੍ਰੋਜੈਕਟ ਸਬੰਧੀ ਰਿਪੋਰਟਾਂ ਤਿਆਰ ਕੀਤੀਆਂ ਗਈਆਂ। ਸ਼ੁਰੂਆਤ ਵਿੱਚ ਇਸ ਪ੍ਰੋਜੈਕਟ ਦਾ ਉਦੇਸ਼ ਸਿਰਫ ਸਿੰਚਾਈ ਲਈ ਪਾਣੀ ਇਕੱਠਾ ਕਰਨਾ ਹੀ ਸੀ ਅਤੇ ਇਸ ਪ੍ਰੋਜੈਕਟ ਵਿੱਚ ਭਾਖੜਾ ਬੰਨ, ਅਪਰ ਸਰਹਿੰਦ ਨਹਿਰ, ਠੇਠਲੀ ਸਰਹਿੰਦ ਨਹਿਰ ਅਤੇ ਪੱਛਮੀ ਜਮੁਨਾ ਨਹਿਰ ਦਾ ਵਿਸਥਾਰ ਸ਼ਾਮਿਲ ਸਨ। ਉਸ ਵੇਲੇ ਪ੍ਰਸਤਾਵਿਤ ਭਾਖੜਾ ਬੰਨ ਦੀ ਉਚਾਈ 395 ਫੁੱਟ ਹੋਣੀ ਸੀ ਅਤੇ ਵੱਧ ਤੋਂ ਵੱਧ 2.58 ਮਿਲੀਅਨ ਏਕੜ ਫੀਟ ਪਾਣੀ ਭੰਡਾਰਨ ਦੀ ਵਿਵਸਥਾ ਹੋਣੀ ਸੀ। 1944 ਵਿੱਚ ਡਾਕਟਰ ਜੇ. ਐਲ. ਸੈਵੇਜ ਜੋ ਅਮਰੀਕਾ ਦੀ ਬਿਊਰੋ ਫਾਰ ਰੈਕਲੇਮੇਸ਼ਨ ਦਾ ਚੀਫ਼ ਇੰਜੀਨੀਅਰ ਸੀ ਨੇ 1600 ਫੁੱਟ ਉਚਾਈ ਤੱਕ ਪਾਣੀ ਭੰਡਾਰਣ ਦੀ ਸਮੱਰਥਾ ਵਾਲਾ ਡੈਮ ਬਣਾਉਣ ਦਾ ਸੁਝਾਅ ਦਿਤਾ। ਯੂ.ਐਸ.ਏ. ਦੀ ਇੱਕ ਅੰਤਰ-ਰਾਸ਼ਟਰੀ ਡੈਨਵਰ ਨਾਂਅ ਦੀ ਕੰਪਨੀ ਨੇ ਇਹ ਉਚਾਈ 1580 ਫੁੱਟ ਰੱਖਣ ਦੀ ਤਜਵੀਜ ਰੱਖੀ ਜਿਸਦਾ ਮੁੱਖ ਕਾਰਨ ਇਹ ਸੀ ਕਿ ਉਚਾਈ ਵਧਾਉਣ ਕਾਰਨ ਰਾਜਾ ਬਿਲਾਸਪੁਰ ਦੇ ਮਹਿਲ ਤੇ ਕੁਝ ਮੰਦਿਰ ਡੈਮ ਦੀ ਝੀਲ ਵਿੱਚ ਡੁਬਦੇ ਸਨ ਅਤੇ ਰਾਜਾ ਬਿਲਾਸਪੁਰ ਨੇ ਇਸ ਸਬੰਧੀ ਇਤਰਾਜ਼ ਕੀਤਾ ਸੀ। ਆਜ਼ਾਦੀ ਤੋਂ ਬਾਦ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਇਸ ਮਾਮਲੇ ਵਿੱਚ ਨਿੱਜੀ ਤੌਰ ਤੇ ਦਖਲ ਦਿੱਤਾ ਜਿਸਤੋਂ ਬਾਦ ਬਿਲਾਸਪੁਰ ਦੇ ਰਾਜਾ ਨੇ ਆਪਣੇ ਇਤਰਾਜ਼ਾਂ ਨੂੰ ਵਾਪਸ ਲੈ ਲਿਆ ਅਤੇ ਡੈਮ ਦੇ ਪਾਣੀ ਦਾ ਵੱਧ ਤੋਂ ਵੱਧ ਪੱਧਰ 1680 ਫੁੱਟ ਤੱਕ ਰੱਖਿਆ ਗਿਆ। 1948 ਤੋਂ 1951 ਦੌਰਾਨ ਇਸ ਪ੍ਰੋਜੈਕਟ ਨੂੰ ਪਾਸ ਕੀਤਾ ਗਿਆ। ਪੰਜਾਬ ਦੇ ਲੋਕ ਨਿਰਮਾਣ ਵਿਭਾਗ ਦੀ ਸਿੰਚਾਈ ਸ਼ਾਖਾ ਅਤੇ ਅੰਤਰਰਾਸ਼ਟਰੀ ਕੰਪਨੀ ਆਈਐਨਸੀ ਯੂ ਐਸ ਏ ਵਿੱਚ 14 ਨਵੰਬਰ, 1948 ਨੂੰ ਹੋਏ ਸਮਝੌਤੇ ਅਨੁਸਾਰ ਇਸ ਪ੍ਰੋਜੈਕਟ ਸਬੰਧੀ ਦਸਤਾਵੇਜ਼ ਅਤੇ ਡਿਜ਼ਾਇਨ ਸਮੇਤ ਦਿਸ਼ਾ ਨਿਰਦੇਸ਼ ਕੰਪਨੀ ਨੂੰ ਸੌਂਪੇ ਗਏ। ਅਪ੍ਰੈਲ 1952 ਵਿੱਚ ਐਮ ਹਾਰਵੇ ਸਲੋਕਮ ਅਮਰੀਕਾ ਤੋਂ ਅਪਣੇ ਤਕਨੀਕੀ ਮਾਹਿਰਾਂ ਅਤੇ ਇੰਜਨੀਅਰਾਂ ਦੀ ਟੀਮ ਨਾਲ ਆਏ ਅਤੇ ਇਸ ਪ੍ਰੋਜੈਕਟ ਦਾ ਕੰਮ ਸ਼ੁਰੂ ਕਰਵਾਇਆ। ਇਸ ਪ੍ਰੋਜੈਕਟ ਦੇ ਨਿਰਿਖਣ ਅਤੇ ਪ੍ਰਗਤੀ ਸਬੰਧੀ ਭਾਖੜਾ ਨਿਯੰਤਰਣ ਬੋਰਡ ਦਾ ਗਠਨ ਕੀਤਾ ਗਿਆ ਜਿਸ ਵਿੱਚ ਕੇਂਦਰ ਸਰਕਾਰ, ਪੰਜਾਬ ਸਰਕਾਰ, ਰਾਜਸਥਾਨ ਅਤੇ ਪੈਪਸੂ ਦੇ ਪ੍ਰਤੀਨਿਧੀ ਸ਼ਾਮਿਲ ਸਨ। ਇਸ ਵਿੱਚ ਪੰਜਾਬ ਦੇ ਰਾਜਪਾਲ ਨੂੰ ਕਮੇਟੀ ਦਾ ਚੇਅਰਮੈਨ, ਭਾਰਤ ਸਰਕਾਰ ਦੇ ਵਿੱਤ ਮੰਤਰਾਲਿਆ ਦੇ ਸਕੱਤਰ ਨੂੰ ਉਪ ਚੇਅਰਮੈਨ, ਕੇਂਦਰੀ ਜਲ ਅਤੇ ਊਰਜਾ ਆਯੋਗ ਭਾਰਤ ਸਰਕਾਰ ਦੇ ਚੇਅਰਮੈਨ ਨੂੰ ਮੈਂਬਰ, ਵੱਖ ਵੱਖ ਰਾਜ ਸਰਕਾਰਾਂ ਦੇ ਸਿੰਚਾਈ ਵਿਭਾਗ ਦੇ ਸਕੱਤਰਾਂ ਅਤੇ ਊਰਜਾ ਵਿਭਾਗ ਦੇ ਇੰਚਾਰਜਾਂ ਨੂੰ ਵਿੱਤੀ ਮੈਂਬਰ, ਭਾਖੜਾ ਡੈਮ ਦੇ ਨਿਰਮਾਣ ਵਿੱਚ ਲੱਗੇ ਹੋਏ ਸਾਰੇ ਮੁੱਖ ਇੰਜਨੀਅਰਾਂ ਨੂੰ ਮੈਂਬਰ ਅਤੇ ਸੰਯੁਕਤ ਸਕੱਤਰ ਵਿੱਤ ਮੰਤਰਾਲਿਆ ਭਾਰਤ ਸਰਕਾਰ ਨੂੰ ਮੈਂਬਰ ਬਣਾਇਆ ਗਿਆ ਸੀ। 1952 ਵਿੱਚ ਡਾਕਟਰ ਏ ਐਨ ਖੋਸਲਾ ਦੀ ਚੇਅਰਮੈਨਸ਼ਿਪ ਅਧੀਨ ਬੋਰਡ ਆਫ ਕਾਂਸਿਊਲੇਟਸ ਦੀ ਸਥਾਪਨਾ ਵੀ ਕੀਤੀ ਗਈ। ਇਸ ਦੌਰਾਨ ਨੰਗਲ ਨੂੰ ਰੇਲਵੇ ਤੇ ਸੜਕੀ ਆਵਾਜਾਈ ਨਾਲ ਜੋੜਿਆ ਗਿਆ। 1951 ਵਿੱਚ ਹੀ ਨੰਗਲ ਵਿੱਚ ਇੱਕ 50 ਬਿਸਤਰਿਆਂ ਵਾਲਾ ਹਸਪਤਾਲ ਬਣਾਇਆ ਗਿਆ। ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੇ 18 ਨਵੰਬਰ, 1955 ਨੂੰ ਕੰਕਰੀਟ ਦੀ ਪਹਿਲੀ ਟੋਕਰੀ ਪਾਕੇ ਪ੍ਰੋਜੈਕਟ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਕੀਤੀ। ਇਸ ਪ੍ਰੋਜੈਕਟ ਦੇ ਨਿਰਮਾਣ ਵਿੱਚ ਮੁੱਖ ਤੋਰ ਤੇ ਭਾਖੜਾ ਬੰਨ ਅਤੇ ਊਰਜਾ ਸੰਚਾਲਣ ਯੰਤਰ, ਨੰਗਲ ਬੰਨ, ਨੰਗਲ ਹਾਇਡਲ ਚੈਨਲ, ਗੰਗੂਵਾਲ ਅਤੇ ਕੋਟਲਾ ਪਾਵਰ ਹਾਉਸਿਜ਼, ਰੋਪੜ ਹੈਡ ਵਰਕਸ ਦਾ ਪੁਨਰ-ਨਿਰਮਾਣ, ਸਰਹੰਦ ਨਹਿਰ ਦਾ ਪੁਨਰ- ਨਿਰਮਾਣ, ਭਾਖੜਾ ਨਹਿਰ, ਬਿਸਤ-ਦੋਆਬ ਨਹਿਰ, ਬਿਜਲੀ ਦੀ ਪੈਦਾਵਾਰ ਅਤੇ ਵਿਤਰਣ ਪ੍ਰਣਾਲੀ, ਭਾਖੜਾ ਖੇਤਰ ਦੀ ਮਾਰਕੀਟ ਅਤੇ ਸੰਚਾਰ ਦਾ ਵਿਕਾਸ ਆਦਿ ਯੂਨਿਟ ਸ਼ਾਮਲ ਸਨ। ਭਾਖੜਾ ਬੰਨ ਦੀ ਉਚਾਈ ਦਿੱਲੀ ਵਿੱਚ ਸਥਿਤ ਕੁਤਬਮੀਨਾਰ ਦੀ ਉਚਾਈ ਤੋਂ ਵੀ 3 ਗੁਣਾ ਵੱਧ ਹੈ। ਇਸ ਡੈਮ ਦੀ ਉਸਾਰੀ ਲਈ ਵੱਖ ਵੱਖ ਤਰਾਂ ਦੀ ਮਸ਼ੀਨਰੀ ਤੋਂ ਇਲਾਵਾ ਲੱਗਭੱਗ 13000 ਕਾਮੇ, 300 ਇੰਜੀਨੀਅਰ, 30 ਅਮਰੀਕਨ ਮਾਹਿਰ ਲਗਾਏ ਗਏ ਜਿਨ੍ਹਾਂ ਨੇ ਦਿਨ-ਰਾਤ ਕੰਮ ਕੀਤਾ। ਭਾਖੜਾ ਬੰਨ ਦੇ ਨਿਰਮਾਣ ਵਿੱਚ ਵਰਤੀ ਗਈ ਸੀਮੇਂਟ, ਕੰਕਰੀਟ ਦੀ ਮਾਤਰਾ ਧਰਤੀ ਦੇ ਭੂ-ਮੱਧ ਰੇਖਾ ਤੇ 2.44 ਮੀਟਰ ਚੋੜੀ ਸੜਕ ਬਣਾਉਣ ਵਿੱਚ ਸਮਰੱਥ ਸੀ। ਇਸਦੇ ਨਿਰਮਾਣ ਵਿੱਚ ਕੁੱਲ ਇੱਕ ਲੱਖ ਟਨ ਸਰੀਏ ਦਾ ਇਸਤੇਮਾਲ ਕੀਤਾ ਗਿਆ ਸੀ। ਉਸ ਵੇਲੇ ਦੇ ਇੰਜਨੀਅਰਾਂ ਦੀ ਤਕਨੀਕ ਦਾ ਹੀ ਕਮਾਲ ਹੈ ਕਿ ਪਾਣੀ ਦਾ ਪੱਧਰ 1680 ਫੁੱਟ ਪਹੁੰਚਣ ਤੇ ਭਾਖੜਾ ਬੰਨ 2 ਇੰਚ ਤੱਕ ਝੁਕਣ ਦੀ ਸਮਰੱਥਾ ਰੱਖਦਾ ਹੈ ਅਤੇ ਪਾਣੀ ਦਾ ਪੱਧਰ ਘੱਟਣ ਤੋਂ ਬਾਅਦ ਡੈਮ ਆਪਣੀ ਪਹਿਲਾਂ ਵਾਲੀ ਸਥਿਤੀ ਵਿੱਚ ਆ ਜਾਂਦਾ ਹੈ। ਸਾਬਕਾ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੇ ਇਸ ਪ੍ਰੋਜੈਕਟ ਦੇ ਨਿਰਮਾਣ ਦੌਰਾਨ 10 ਵਾਰ ਦੌਰਾ ਕੀਤਾ। ਵਰਣਨਯੋਗ ਹੈ ਕਿ ਉਨ੍ਹਾਂ ਨੇ ਇਸ ਪਰਿਯੋਜਨਾ ਦੀ ਸਾਈਟ ਤੇ ਹੀ ਪੰਚਸ਼ੀਲ ਸਮਝੌਤੇ ਤੇ ਚੀਨ ਦੇ ਪ੍ਰਧਾਨਮੰਤਰੀ ਚਾਓ ਇਨ ਲਾਈ ਦੇ ਨਾਲ ਗੱਲਬਾਤ ਕੀਤੀ ਸੀ। ਇਸ ਪ੍ਰੋਜੈਕਟ ਦਾ ਦੇਸ਼ ਦੇ ਮਹਿਮਾਨਾਂ ਤੋਂ ਇਲਾਵਾ ਬਹੁਤ ਸਾਰੇ ਵਿਦੇਸ਼ੀ ਮਹਿਮਾਨਾਂ ਜਿਵੇਂ ਕਿ ਮਿਸਰ ਦੇ ਰਾਸ਼ਟਰਪਤੀ ਕਰਨਲ ਨਾਸਰ, ਯੂਗੋਸਲਾਵੀਆ ਦੇ ਰਾਸ਼ਟਰਪਤੀ ਜੋਸਫ਼ ਟੀਟੋ, ਚੀਨ ਦੇ ਪ੍ਰਧਾਨ ਮੰਤਰੀ ਚੂਇਨ ਲਾਈ, ਉੱਤਰੀ ਵੀਅਤਨਾਮ ਦੇ ਰਾਸ਼ਟਰਪਤੀ ਹੋਚੀ ਮਿਨ, ਕਲੈਮੈਂਟ ਐਂਟਲੀ, ਇੰਗਲੈਂਡ ਦੇ ਪ੍ਰਧਾਨ ਮੰਤਰੀ, ਸੋਵੀਅਤ ਰੂਸ ਦੇ ਪ੍ਰਧਾਨ ਮੰਤਰੀ ਖੁਰਸ਼ਚੇਵ, ਸੋਵੀਅਤ ਰੂਸ ਦੇ ਪ੍ਰਿੰਸ ਫਿਲਪ ਡਯੂਕ ਆਫ਼ ਐਡਨਸਰਾ, ਬੋਧ ਗੁਰੂ ਦਲਾਈਲਾਮਾ, ਪੰਚਨਲਾਮਾ, ਈਰਾਨ ਦੇ ਬਾਦਸ਼ਾਹ ਰਜ਼ਾ ਸ਼ਾਹ ਪਹਿਲਵੀ ਆਦਿ ਕਈ ਮਹਾਨ ਵਿਅਕਤੀ ਇਸ ਡੈਮ ਦਾ ਦੌਰਾ ਕਰ ਚੁੱਕੇ ਹਨ। ਭਾਖੜਾ ਬੰਨ ਦੇ ਪਿੱਛੇ ਬਣੀ ਝੀਲ ਦਾ ਨਾਮਕਰਨ ਸਿੱਖਾਂ ਦੇ ਮਹਾਨ ਦਸਵੇਂ ਗੁਰੂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਤੇ ਹੀ ਗੋਬਿੰਦ ਸਾਗਰ ਝੀਲ ਰੱਖਿਆ ਗਿਆ ਹੈ। ਇਹ ਝੀਲ 96.56 ਕਿਲੀਮੀਟਰ ਲੰਬੀ ਹੈ ਅਤੇ 168.35 ਵਰਗ ਕਿਲੋਮੀਟਰ ਖੇਤਰ ਵਿੱਚ ਫੈਲੀ ਹੋਈ ਹੈ। ਬੰਨ ਤੱਕ ਸਤਲੁਜ ਦਰਿਆ ਦਾ ਕੁੱਲ ਕੈਚਮੈਂਟ ਏਰੀਆਂ 56980 ਵਰਗ ਕਿਲੋਮੀਟਰ ਹੈ ਜਿਸ ਵਿੱਚ 37050 ਵਰਗ ਕਿਲੋਮੀਟਰ ਖੇਤਰ ਤਿੱਬਤ ਅਤੇ ਬਾਕੀ 19930 ਵਰਗ ਕਿਲੋਮੀਟਰ ਭਾਰਤ ਵਿੱਚ ਹੈ। ਗਰਮੀਆਂ ਦੇ ਮੌਸਮ ਵਿੱਚ ਮਾਨ ਸਰੋਵਰ ਝੀਲ ਅਤੇ ਰਸਤੇ ਦੀ ਬਰਫ ਦਾ ਪਿਘਲਿਆ ਹੋਇਆ ਪਾਣੀ ਅਤੇ ਬਾਰਿਸ਼ ਦੀ ਰੁੱਤ ਵਿੱਚ ਕੈਚਮੈਂਟ ਏਰੀਆਂ ਤੋਂ ਆਉਣ ਵਾਲਾ ਵਰਖਾ ਦਾ ਪਾਣੀ ਬੰਨ ਵਿੱਚ ਇਕੱਠਾ ਕੀਤਾ ਜਾਂਦਾ ਹੈ। ਇਸ ਬੰਨ ਵਿੱਚ 50 ਤੋਂ 60 ਫੀਸਦੀ ਪਾਣੀ ਬਰਫ ਦੇ ਪਿਘਲਣ ਕਾਰਨ ਆਉਂਦਾ ਹੈ ਅਤੇ ਬਾਕੀ ਬਾਰਿਸ਼ ਤੋਂ। ਝੀਲ ਵਿੱਚ 1680 ਫੁੱਟ ਤੱਕ 93400 ਲੱਖ ਘਣਮੀਟਰ ਪਾਣੀ ਇਕੱਠਾ ਕੀਤਾ ਜਾਂਦਾ ਹੈ। ਝੀਲ ਵਿੱਚ ਬਰਸਾਤ ਦੇ ਦਿਨਾਂ ਵਿੱਚ ਜਮ੍ਹਾ ਕੀਤੇ ਜਾਣ ਵਾਲੇ ਪਾਣੀ ਦੀ ਬਦੌਲਤ ਜਿੱਥੇ ਪੰਜਾਬ, ਹਰਿਆਣਾ ਅਤੇ ਹੋਰ ਪ੍ਰਾਂਤਾ ਦੇ ਇਲਾਕਿਆਂ ਨੂੰ ਹੜ੍ਹ ਤੋਂ ਰਾਹਤ ਮਿਲਦੀ ਹੈ। ਇਸ ਝੀਲ ਤੋਂ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੀ 65 ਲੱਖ ਹੈਕਟੇਅਰ ਭੂਮੀ ਦੀ ਸਿੰਚਾਈ ਹੁੰਦੀ ਹੈ।

ਭਾਖੜਾ ਬੰਨ ਤੋਂ ਪੰਜਾਬ, ਹਰਿਆਣਾ, ਪੱਛਮੀ ਰਾਜਸਥਾਨ, ਚੰਡੀਗੜ ਅਤੇ ਦਿੱਲੀ ਦੇ ਮੁੱਖ ਸ਼ਹਿਰਾਂ ਦੇ ਲਈ ਪੀਣ ਦੇ ਪਾਣੀ ਦੀ ਪੂਰਤੀ ਵੀ ਕੀਤੀ ਜਾਂਦੀ ਹੈ। ਭਾਖੜਾ ਡੈਮ ਤੋਂ ਬਾਦ ਪੰਜਾਬ ਦੇ ਰੂਪਨਗਰ ਜਿਲ੍ਹੇ ਵਿੱਚ ਇੱਕ ਹੋਰ ਡੈਮ ਨੰਗਲ ਡੈਮ ਬਣਾਇਆ ਗਿਆ ਜਿਸ ਵਿੱਚ ਭਾਖੜਾ ਡੈਮ ਤੋਂ ਆਣ ਵਾਲੇ ਪਾਣੀ ਨੂੰ ਰੋਕਕੇ ਅੱਗੇ ਵੱਖ ਵੱਖ ਨਹਿਰਾਂ ਵਿੱਚ ਛੱਡਿਆ ਜਾਂਦਾ ਹੈ। ਭਾਖੜਾ ਬੰਨ ਕਾਰਨ ਰਾਸ਼ਟਰ ਵਿੱਚ ਹਰੀ ਕ੍ਰਾਂਤੀ ਦਾ ਸੁਪਨਾ ਸਾਕਾਰ ਹੋ ਸਕਿਆ ਹੈ। ਭਾਖੜਾ ਬੰਨ ਦੀ ਝੀਲ ਦੀ ਕੁੱਲ ਭੰਡਾਰਨ ਸਮਰੱਥਾ 9340 ਮਿਲੀਅਨ ਘਣਮੀਟਰ ਹੈ। 283.90 ਕਰੋੜ ਰੁਪਏ ਦੀ ਲਾਗਤ ਨਾਲ ਸਾਲ 1962 ਵਿੱਚ ਬਣ ਕੇ ਤਿਆਰ ਹੋਇਆ ਭਾਖੜਾ ਬੰਨ ਉਸ ਵੇਲੇ ਏਸ਼ੀਆ ਵਿੱਚ ਸਭ ਤੋਂ ਉਚਾ ਅਤੇ ਵਿਸ਼ਵ ਵਿੱਚ ਦੂਜੇ ਨੰਬਰ ਤੇ ਸੀ। ਭਾਖੜਾ ਡੈਮ ਦੇ ਦੋਨੋਂ ਪਾਸੇ ਪਾਵਰ ਪਲਾਂਟ ਬਣਾਏ ਗਏ ਹਨ ਜਿੱਥੇ ਟਰਵਾਇਨਾਂ ਰਾਹੀਂ ਬਿਜਲੀ ਪੈਦਾ ਕੀਤੀ ਜਾਂਦੀ ਹੈ ਅਤੇ ਦੇਸ਼ ਦੇ ਵੱਖ ਵੱਖ ਭਾਗਾਂ ਨੂੰ ਸਪਲਾਈ ਕੀਤੀ ਜਾਂਦੀ ਹੈ। ਅੱਜ ਦੇ ਦਿਨ 22 ਅਕਤੂਬਰ 1963 ਨੂੰ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਸਵਰਗੀ ਜਵਾਹਰ ਲਾਲ ਨਹਿਰੂ ਵੱਲੋਂ ਇਸ ਡੈਮ ਨੂੰ ਰਾਸ਼ਟਰ ਨੂੰ ਸਮਰਪਿਤ ਕੀਤਾ ਗਿਆ ਸੀ। ਉਸ ਵੇਲੇ ਅਪਣੇ ਸੰਬੋਧਨ ਵਿੱਚ ਉਨ੍ਹਾਂ ਕਿਹਾ ਸੀ ਭਾਖੜਾ ਨੰਗਲ ਪ੍ਰੋਜੈਕਟ ਕੁੱਝ ਹੈਰਾਨੀ-ਜਨਕ ਹੈ, ਕੁੱਝ ਚਮਤਕਾਰੀ ਹੈ, ਕੁੱਝ ਅਜਿਹਾ ਹੈ ਜਿਸਨੂੰ ਵੇਖਕੇ ਤੁਹਾਡੇ ਦਿਲ ਵਿੱਚ ਤੁਫਾਨ ਉਠੱਦਾ ਹੈ, ਭਾਖੜਾ ਬੰਨ ਅਜਾਦ ਭਾਰਤ ਦਾ ਨਵਾਂ ਮੰਦਿਰ ਹੈ ਅਤੇ ਭਾਰਤ ਦੀ ਤਰੱਕੀ ਦਾ ਪ੍ਰਤੀਕ ਹੈ। ਉਦੋਂ ਤੋਂ ਹੀ ਸਿੰਚਾਈ ਦੁਆਰਾ ਪਰਿਯੋਜਨਾ ਦੇ ਲਾਭ ਦੇਸ਼ ਦੇ ਕਿਸਾਨਾਂ ਨੂੰ ਮਿਲਣੇ ਸ਼ੁਰੂ ਹੋ ਗਏ ਸਨ। ਵਰਣਨਯੋਗ ਹੈ ਕਿ ਪਿਛਲੇ ਕਈ ਸਾਲਾਂ ਤੋਂ ਭਾਖੜਾ ਬਿਆਸ ਪ੍ਰਬੰਧਕੀ ਬੋਰਡ ਦਾ ਬਿਜਲੀ ਉਦਪਾਦਨ ਕੇਂਦਰੀ ਬਿਜਲੀ ਅਥਾਰਟੀ (ਸੀਈਏ) ਦੁਆਰਾ ਨਿਰਧਾਰਤ ਟੀਚਿਆਂ ਤੋਂ ਲਗਾਤਾਰ ਵੱਧ ਰਿਹਾ ਹੈ।

ਇਸਦਾ ਜਲ ਭੰਡਾਰਨ ਦੇਸ਼ ਦੇ ਸਭ ਤੋਂ ਵੱਡੇ ਜਲ ਭੰਡਾਰਾ ਵਿੱਚੋਂ ਇੱਕ ਹੈ। ਜਿਸਦੀ ਸਮਰੱਥਾ 9620 ਅਤੇ 8570 ਮਿਲੀਅਨ ਘਣਮੀਟਰ ਹੈ। ਭਾਖੜਾ ਡੈਮ ਦੇ ਦੋਨਾਂ ਪਾਸੇ ਬਿਜਲੀ ਪੈਦਾ ਕਰਨ ਲਈ ਮਸ਼ੀਨਾਂ ਲਗਾਈਆਂ ਗਈਆਂ ਹਨ ਜਿੱਥੇ ਟਰਬਾਇਨਾਂ ਰਾਹੀਂ 1325 ਮੈਗਾਵਾਟ ਬਿਜਲੀ ਦਾ ਉਤਪਾਦਨ ਕੀਤਾ ਜਾਂਦਾ ਹੈ। ਇਹ ਡੈਮ ਸਿਰਫ 20 ਪੈਸੇ ਪ੍ਰਤੀ ਯੂਨਿਟ ਦੀ ਲਾਗਤ ਨਾਲ ਬਿਜਲੀ ਪੈਦਾ ਕਰਕੇ ਰਾਸ਼ਟਰ ਦੀ ਤਰੱਕੀ ਵਿੱਚ ਅਹਿਮ ਯੋਗਦਾਨ ਪਾ ਰਿਹਾ ਹੈ। 22 ਅਕਤੂਬਰ 2013 ਨੂੰ ਭਾਖੜਾ ਡੈਮ ਪ੍ਰੋਜੈਕਟ ਦੇ 50 ਸਾਲ ਪੂਰੇ ਹੋਣ ਤੇ ਗੋਲਡਨ ਜੁਬਲੀ ਸਮਾਰੋਹ ਕਰਵਾਇਆ ਗਿਆ ਸੀ ਜਿਸ ਵਿੱਚ ਕੇਂਦਰੀ ਜਲ ਸੰਸਾਧਨ ਮੰਤਰੀ ਹਰੀਸ਼ ਰਾਵਤ ਮੁੱਖ ਮਹਿਮਾਨ ਦੇ ਤੌਰ ਤੇ ਪਹੁੰਚੇ ਸਨ। ਇਸ ਸਮਾਰੋਹ ਵਿੱਚ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ, ਹਿਮਾਚਲ ਪ੍ਰਦੇਸ਼ ਦੇ ਮੰਤਰੀ ਡਾਕਟਰ ਧੰਨੀ ਰਾਮ ਸ਼ਾਂਡਲੀਆ, ਪੰਜਾਬ ਦੇ ਸਿੰਚਾਈ ਮੰਤਰੀ ਜਨਮੇਜਾ ਸਿੰਘ ਸੇਖੋਂ, ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ, ਰਾਜ ਸਭਾ ਮੈਂਬਰ ਅਵਿਨਾਸ਼ ਰਾਏ ਖੰਨਾ, ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ, ਪ੍ਰਦੀਪ ਕੁਮਾਰ ਸਿਨਹਾ ਸਕੱਤਰ ਊਰਜਾ ਭਾਰਤ ਸਰਕਾਰ, ਕੁਲਵੀਰ ਸਿੰਘ ਚੀਫ ਪੋਸਟ ਮਾਸਟਰ ਜਨਰਲ ਪੰਜਾਬ, ਚੇਅਰਮੈਨ ਬੀ ਬੀ ਐਮ ਬੀ ਏ ਬੀ ਅਗਰਵਾਲ ਆਦਿ ਹਾਜਰ ਸਨ।

ਇਸ ਸਮਾਰੋਹ ਦੌਰਾਨ ਸਰਕਾਰ ਵਲੋਂ ਵਿਸ਼ੇਸ਼ ਤੌਰ ਤੇ ਭਾਖੜਾ ਡੈਮ ਤੇ ਡਾਕ ਟਿਕਟ ਜਾਰੀ ਕੀਤਾ ਗਿਆ ਸੀ। ਵਰਣਨਯੋਗ ਹੈ ਕਿ ਭਾਖੜਾ ਬੰਨ ਭਾਰਤ ਦੀ ਅਜ਼ਾਦੀ ਦੇ ਬਾਅਦ ਦਾ ਅਜਿਹਾ ਇੱਕੋ ਢਾਂਚਾ ਅਤੇ ਪ੍ਰੋਜੈਕਟ ਹੈ ਜਿਸਨੂੰ ਦੂਸਰੇ ਸਮਾਰਕ ਟਿਕਟ ਦੇਣ ਦਾ ਸਨਮਾਨ ਦਿੱਤਾ ਗਿਆ ਹੈ।




# ਅੰਬਰ ਵਲ ਪ੍ਰਵਾਜ ਭਰਦੀ ਨਿਵੇਕਲੀ ਕਲਮ- ਮਨਦੀਪ ਕੌਰ ਪ੍ਰੀਤ



ਪ੍ਰੀਤਮ ਲੁਧਿਆਣਵੀ
+91-9876428641

ਉਚ-ਵਿਦਵਤਾ ਦੀ ਮਾਲਕਣ ਹੋਣ ਕਰਕੇ ਜਿੱਥੇ ਉਸ ਕੋਲ ਸ਼ਬਦਾਵਲੀ ਦਾ ਭੰਡਾਰ ਹੈ, ਉਥੇ ਉਨ੍ਹਾਂ ਸ਼ਬਦਾਂ ਨੂੰ ਮੋਤੀਆਂ ਵਾਂਗ ਪ੍ਰੋਣ ਦਾ ਬੱਲ ਵੀ ਹੈ, ਉਸ ਨੂੰ। ਉੱਚੀ-ਸੁੱਚੀ ਉਸਾਰੂ ਅਤੇ ਅਗਾਂਹ-ਵਧੂ ਸੋਚਣੀ ਸਦਕਾ ਲਿਖਣ ਦਾ ਅੰਦਾਜ਼ ਵੀ ਐਸਾ ਨਿਵੇਕਲਾ ਕਿ ਆਮ ਬੋਲ-ਚਾਲ ਦੇ ਲਹਿਜੇ ਵਿਚ ਸਹਿਜੇ ਹੀ ਮਾਅਰਕੇ ਦੀ ਗੱਲ ਕਹਿ ਜਾਂਦੀ ਹੈ, ਉਹ। ਮੇਰੀ ਮੁਰਾਦ ਹੈ ਸਾਹਿਤਕ ਹਲਕਿਆਂ ਵਿਚ ਬੜੀ ਤੇਜੀ ਨਾਲ ਆਪਣੀ ਪਛਾਣ ਬਣਾ ਰਹੀ ਮਨਦੀਪ ਕੌਰ ਪ੍ਰੀਤ ਨਾਂਉ ਦੀ ਓਸ ਹੋਣਹਾਰ ਕਲਮ ਤੋਂ, ਜਿਸ ਦੀ ਕਲਮ ਚੋਂ ਨਿਕਲੀ ਹਰ ਰਚਨਾ ਸਮਾਜ ਨੂੰ ਕੁਝ ਨਾ ਕੁਝ ਸੰਦੇਸ਼ ਦੇ ਰਹੀ ਹੁੰਦੀ ਹੈ। ਹੈਰਾਨੀ ਹੁੰਦੀ ਹੈ ਉਸ ਦੀਆਂ ਸਮਾਜ-ਸੁਧਾਰਿਕ ਅਤੇ ਔਰਤ ਵਰਗ ਦਾ ਦਰਦ ਬਿਆਨਦੀਆਂ ਰਚਨਾਵਾਂ ਪੜ੍ਹਕੇ ਜਦੋਂ ਉਹ ਆਪਣੀ ਉਮਰ ਤੋਂ ਕਈ ਗੁਣਾਂ ਉਪਰ ਦੀ ਗੱਲ ਕਹਿ ਮਾਰਦੀ ਹੈ।

ਜਿਲ੍ਹਾ ਹੁਸ਼ਿਆਰਪੁਰ ਦੇ ਪਿੰਡ- ਮੂਨਕ ਖੁਰਦ, ਟਾਂਡਾ ਦੇ ਵਸਨੀਕ ਸ੍ਰ. ਦਲਜੀਤ ਸਿੰਘ (ਪਿਤਾ) ਅਤੇ ਸ੍ਰੀਮਤੀ ਰਣਜੀਤ ਕੌਰ (ਮਾਤਾ) ਜੀ ਦੀ ਲਾਡਲੀ ਮਨਦੀਪ ਨੇ ਇਕ ਮੁਲਾਕਾਤ ਦੌਰਾਨ ਦੱਸਿਆ ਕਿ ਉਸ ਨੇ ਬੀ. ਐਸ. ਸੀ. ਦੀ ਡਿਗਰੀ ਡੀ. ਏ. ਵੀ. ਕਾਲਜ ਦਸੂਹਾ ਤੋਂ, ਬੀ.-ਐਡ ਲੁਧਿਆਣਾ ਦੇ ਡੀ. ਡੀ. ਜੈਨ ਕਾਲਜ ਤੋਂ ਕਰਨ ਉਪਰੰਤ ਐਮ. ਐਸ. ਸੀ. ਕਮਿਸਟਰੀ ਦੀ ਡਿਗਰੀ ਹਾਸਲ ਕੀਤੀ। ਇਸ ਤੋਂ ਇਲਾਵਾ ਉਸ ਨੇ ਫਰੈਂਚ ਦਾ ਬੇਸਿਕ ਕੋਰਸ ਵੀ ਕੀਤਾ ਹੋਇਆ ਹੈ। ਕਾਲਜ ਦੇ ਦਿਨਾਂ ਵਿਚ ਕਾਲਜ ਦੀ ਮੈਗਜੀਨ ਲਈ ਉਹ ਹਾਸ-ਵਿਅੰਗ ਲਿਖਦੀ ਰਹੀ। ਫਿਰ, ਬੀ-ਐਡ ਦੌਰਾਨ ਕਵਿਤਾਵਾਂ ਲਿਖਣ ਵਾਲੀਆਂ ਵਿਦਿਆਰਥਣਾਂ ਦੀ ਮਾਲਵਾ ਕਾਲਜ ਵਿਖੇ ਵਰਕਸ਼ਾਪ ਲੱਗੀ, ਜਿੱਥੇ ਉਸ ਨੂੰ ਸੁਰਜੀਤ ਪਾਤਰ ਵਰਗੇ ਸਰਦਾਰ ਪੰਛੀ ਵਰਗੀਆਂ ਨਾਮਵਰ ਸਾਹਿਤਕ ਹਸਤੀਆਂ ਨਾਲ ਰੂ-ਬ-ਰੂ ਹੋਣ ਦਾ ਨਾ-ਸਿਰਫ ਮੌਕਾ ਹੀ ਮਿਲਿਆ, ਸਗੋਂ ਕਵਿਤਾ ਲਿਖਣ ਦੀਆਂ ਬਰੀਕੀਆਂ ਬਾਰੇ ਵੀ ਪਤਾ ਲੱਗਾ। ਉਹ ਦੱਸਦੀ ਹੈ ਕਿ ਕਾਲਜ ਵਿਚ ਜਿੰਨੇ ਵੀ ਫੰਕਸ਼ਨ ਹੁੰਦੇ ਸਨ, ਸਾਰਿਆਂ ਵਿਚ ਪਹਿਲਾਂ ਡਾਂਸ ਪ੍ਰੀਤ ਦਾ ਹੀ ਹੁੰਦਾ ਸੀ।

ਅੱਜ ਦਿਨ, ਹੁਣ



ਜਦੋਂ ਉਹ ਸਰਕਾਰੀ ਐਲੀਮੈਂਟਰੀ ਸਕੂਲ, ਕੋਟਲੀ ਖਾਸ (ਮੁਕੇਰੀਆਂ) ਵਿਖੇ ਅਧਿਆਪਕਾ ਦੀਆਂ ਜਿੰਮੇਵਾਰੀਆਂ ਨਿਭਾ ਰਹੀ ਹੈ ਤਾਂ ਆਪਣੇ ਸੈਂਟਰ ਦੇ ਅਧਿਆਪਕਾਂ ਵਿਚ ਵੀ ਲਗਾਤਾਰ ਹਰਮਨ-ਪਿਆਰਤਾ ਖੱਟ ਰਹੀ ਹੈ, ਉਹ। ਕਿਸੇ ਟੀਚਰ ਦੀ ਰਿਟਾਇਰਮੈਂਟ ਦਾ ਮਾਣ-ਪੱਤਰ ਪੜ੍ਹਨਾ ਹੋਵੇ ਜਾਂ ਕਿਸੇ ਸਮਾਗਮ ਦੀ ਸਟੇਜ ਸੰਭਾਲਣੀ ਹੋਵੇ ਤਾਂ ਇਹ ਸੇਵਾ ਉਹ ਬਾ-ਖੂਬੀ ਨਿਭਾਉਂਦੀ ਹੈ। ਇਸ ਤੋਂ ਇਲਾਵਾ ਆਪਣੇ ਸਕੂਲ ਦੇ ਬੱਚਿਆਂ ਦੇ ਸੋਲੋ-ਡਾਂਸ, ਕੋਰੀਓਗ੍ਰਾਫੀ, ਗਿੱਧਾ-ਭੰਗੜਾ ਆਦਿ ਦੀ ਤਿਆਰੀ ਕਰਵਾਉਣ ਦੀ ਜਿੰਮੇਵਾਰੀ ਵੀ ਉਸੇ ਦੇ ਮੋਢਿਆਂ ਉਤੇ ਹੀ ਹੈ। ਪ੍ਰੀਤ ਭਾਂਵੇਂ ਕਿ ਪਹਿਲੀ ਤੋਂ ਲੈਕੇ ਦਸਵੀਂ ਤੱਕ ਹਮੇਸ਼ਾਂ ਹਰ ਕਲਾਸ ਚੋਂ ਫਸਟ ਪੁਜੀਸ਼ਨਾਂ ਮਾਰਦੀ, ਇਨਾਮ ਹਾਸਲ ਕਰਦੀ ਰਹੀ ਹੈ, ਪਰ ਕਾਲਜ ਵਿਚ ਪਲੱਸ-1 ਵਿਚ ਪੜ੍ਹਦਿਆਂ ਪੰਜਾਬ ਦੇ ਮੁੱਖ ਮੰਤਰੀ ਸ੍ਰ. ਪ੍ਰਕਾਸ਼ ਸਿੰਘ ਬਾਦਲ ਅਤੇ ਸਿਹਤ ਮੰਤਰੀ, ਡੋਗਰਾ ਸਾਹਿਬ ਜੀ ਵਲੋਂ ਮਿਲੇ ਇਨਾਮਾਂ ਨੂੰ ਯਾਦਗਾਰੀ ਇਨਾਮ ਦੱਸਦੀ ਹੈ, ਉਹ।

ਸਮਾਜ ਵਿਚ ਫੈਲੀਆਂ ਕੁਰੀਤੀਆਂ ਨੂੰ ਪ੍ਰੀਤ ਜਦੋਂ ਕੋਰੇ ਕਾਗਜ ਦੀ ਹਿੱਕੜੀ ਉਤੇ ਉਲੀਕਦੀ ਹੈ ਤਾਂ ਉਹ ਕਵਿਤਾ, ਗੀਤ, ਗਜ਼ਲ ਦਾ ਰੂਪ ਧਾਰਨ ਕਰ ਲੈਂਦਾ ਹਨ। ਜਿੱਥੇ ਆਪਣੇ ਕਾਵਿ-ਵਿਅੰਗਾਂ ਰਾਂਹੀ ਕਿਸੇ ਪੱਥਰ-ਤੋਂ ਪੱਥਰ ਦਿਲ ਨੂੰ ਵੀ ਹਸਾਉਣ ਦੀ ਉਹ ਸਮਰੱਥਾ ਰੱਖਦੀ ਹੈ, ਉਥੇ ਉਦਾਸ ਕਵਿਤਾਵਾਂ ਰਾਂਹੀ ਪਾਠਕਾਂ ਅਤੇ ਸਰੋਤਿਆਂ ਨੂੰ ਰੁਆ ਦੇਣ ਦਾ ਹੁਨਰ ਵੀ ਆਉਂਦਾ ਹੈ, ਉਸ ਨੂੰ। ਆਪਣੀਆਂ ਢੇਰ ਸਾਰੀਆਂ ਮਿਆਰੀ ਰਚਨਾਵਾਂ ਨੂੰ ਕਿਤਾਬੀ ਰੂਪ ਦੇਣ ਲਈ ਅੱਜ ਕੱਲ ਜੁਟੀ ਹੋਈ ਇਸ ਮੁਟਿਆਰ ਦੇ ਚਿਹਰੇ ਉਤੇ ਇਹ ਦੱਸਦਿਆਂ ਮੁਸਕਰਾਹਟ ਆ ਜਾਂਦੀ ਹੈ ਕਿ ਜਦੋਂ ਉਸਦਾ ਜੀਵਨ- ਸਾਥੀ ਹਰਪ੍ਰੀਤ ਸਿੰਘ (ਕੰਪਿਊਟਰ-ਇੰਜੀਨੀਅਰ), ਨੰਨਾ-ਮੁੰਨਾ ਲਾਡਲਾ ਮਨਜੋਤ,

(ਬਾਕੀ ਸਫਾ 16 ਤੇ)

# ਦਾਅਵਿਆਂ ਦੀ ਮੁਹਾਰਨੀ ਛੱਡੋ, ਸਾਰਥਕ ਵਿਕਾਸ ਕਰ ਕੇ ਦਿਖਾਓ

**ਦੇਸ਼ ਦੇ ਮੱਥੇ ਉਤੇ ਵੱਡਾ ਕਲੰਕ ਜਾਤੀਵਾਦ ਪਹਿਲਾਂ ਨਾਲੋਂ ਵੀ ਵੱਧ ਮਜ਼ਬੂਤੀ ਨਾਲ ਸਮਾਜ ਉਤੇ ਪਕੜ ਬਣਾਈ ਬੈਠਾ ਹੈ। ਮਰੇ ਹੋਏ ਜਾਨਵਰਾਂ ਦਾ ਚਮੜਾ ਲਾਹੁਣ ਅਤੇ ਮੈਲਾ ਢੋਣ ਦਾ ਕੰਮ ਇੱਕੋ ਜਾਤੀ ਦੇ ਲੋਕਾਂ ਦੇ ਸਿਰ ਹਾਲੀ ਤੱਕ ਕਿਉਂ ਮੜ੍ਹਿਆ ਗਿਆ ਹੋਇਆ ਹੈ? ਕੀ ਇਸ ਸਮਾਜਕ ਮੁੱਦੇ ਦੇ ਸਬੰਧ 'ਚ ਕਦੇ ਅਜ਼ਾਦੀ ਤੋਂ ਪਹਿਲਾਂ ਜਾਂ ਅਜ਼ਾਦੀ ਤੋਂ ਬਾਅਦ ਕੋਈ ਸਮਾਜਕ ਅੰਦੋਲਨ ਖੜਾ ਕੀਤਾ ਗਿਆ, ਜਾਂ ਕੋਈ ਸਰਕਾਰੀ, ਗੈਰ ਸਰਕਾਰੀ ਮੁਹਿੰਮ ਛੇੜੀ ਗਈ ਹੈ?**



ਗੁਰਮੀਤ ਸਿੰਘ ਪਲਾਹੀ
91-98158-02070

ਲੰਮੇ ਸੰਘਰਸ਼ ਤੋਂ ਬਾਅਦ ਦੇਸ਼ ਭਾਰਤ ਨੂੰ ਅਧੂਰੀ ਜਿਹੀ ਅਜ਼ਾਦੀ ਮਿਲੀ। ਆਜ਼ਾਦੀ ਪ੍ਰਾਪਤੀ ਲਈ ਜਿਥੇ ਸ਼ਾਤੀ ਪੂਰਬਕ ਅੰਦੋਲਨ, ਜਿਨ੍ਹਾਂ ਵਿੱਚ ਅਸਹਿਯੋਗ ਅੰਦੋਲਨ, ਕਿਹਾ ਨਾ ਮੰਨੋ, ਡੰਡੀ ਮਾਰਚ ਅਤੇ ਭਾਰਤ ਛੱਡੋ ਅੰਦੋਲਨ ਪੜ੍ਹਾਅਵਾਰ 1917 ਤੋਂ 1947 ਤੱਕ ਮੋਹਨਦਾਸ ਕਰਮ ਚੰਦ ਗਾਂਧੀ ਦੀ ਅਗਵਾਈ ਵਿੱਚ ਚੱਲੇ, ਉਥੇ ਕ੍ਰਾਤੀਕਾਰੀ ਅੰਦੋਲਨਾਂ ਨੇ ਵੀ ਅਜ਼ਾਦੀ ਸੰਗਰਾਮ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ। ਅਜ਼ਾਦੀ ਦੇ ਇਸ ਅੰਦੋਲਨ ਦਰਮਿਆਨ ਨੇਤਾਵਾਂ ਵਲੋਂ ਸਮਾਜਿਕ ਮੁੱਦਿਆਂ ਤੋਂ ਲਗਭਗ ਕਿਨਾਰਾ ਕਰਕੇ ਇਹ ਮੰਨ ਲਿਆ ਗਿਆ ਕਿ ਅਜ਼ਾਦੀ ਤੋਂ ਬਾਅਦ ਇਨ੍ਹਾਂ ਮੁੱਦਿਆਂ ਸਬੰਧੀ ਸਭਨਾਂ ਧਿਰਾਂ ਨਾਲ ਵਿਚਾਰ ਵਟਾਂਦਰਾ ਕਰਕੇ ਇਨ੍ਹਾਂ ਨੂੰ ਸੁਲਝਾਉਣਾ ਕੋਈ ਔਖਾ ਨਹੀਂ ਹੋਏਗਾ। ਪਰ ਸੱਤਰ ਵਰ੍ਹਿਆਂ ਬਾਅਦ ਵੀ ਭਾਰਤੀ ਸਮਾਜ ਦੇ ਵਧੇਰੇ ਸਮਾਜਕ ਮੁੱਦੇ ਉਵੇਂ ਦੇ ਉਵੇਂ ਖੜੇ ਹਨ।

ਦੇਸ਼ ਦੇ ਮੱਥੇ ਉਤੇ ਵੱਡਾ ਕਲੰਕ ਜਾਤੀਵਾਦ ਪਹਿਲਾਂ ਨਾਲੋਂ ਵੀ ਵੱਧ ਮਜ਼ਬੂਤੀ ਨਾਲ ਸਮਾਜ ਉਤੇ ਪਕੜ ਬਣਾਈ ਬੈਠਾ ਹੈ। ਮਰੇ ਹੋਏ ਜਾਨਵਰਾਂ ਦਾ ਚਮੜਾ ਲਾਹੁਣ ਅਤੇ ਮੈਲਾ ਢੋਣ ਦਾ ਕੰਮ ਇੱਕੋ ਜਾਤੀ ਦੇ ਲੋਕਾਂ ਦੇ ਸਿਰ ਹਾਲੀ ਤੱਕ ਕਿਉਂ ਮੜ੍ਹਿਆ ਗਿਆ ਹੋਇਆ ਹੈ? ਕੀ ਇਸ ਸਮਾਜਕ ਮੁੱਦੇ ਦੇ ਸਬੰਧ 'ਚ ਕਦੇ ਅਜ਼ਾਦੀ ਤੋਂ ਪਹਿਲਾਂ ਜਾਂ ਅਜ਼ਾਦੀ ਤੋਂ ਬਾਅਦ ਕੋਈ ਸਮਾਜਕ ਅੰਦੋਲਨ ਖੜਾ ਕੀਤਾ ਗਿਆ, ਜਾਂ ਕੋਈ ਸਰਕਾਰੀ, ਗੈਰ ਸਰਕਾਰੀ ਮੁਹਿੰਮ ਛੇੜੀ ਗਈ ਹੈ? ਸਾਲ 1932 ਵਿੱਚ ਦੂਜੀ ਗੋਲਮੇਜ ਕਾਨਫਰੰਸ ਤੋਂ ਬਾਅਦ ਪੂਨਾ ਪੈਕਟ ਦੇ ਤਹਿਤ ਅੰਗਰੇਜਾਂ ਨੇ ਦਲਿਤਾਂ ਨੂੰ ਵੋਟਿੰਗ ਅਧਿਕਾਰ ਦੇਣਾ ਮੰਨਿਆ। ਡਾ: ਅਬੰਦੇਕਰ ਜੋ ਆਪਣੇ ਢੰਗ ਨਾਲ ਦਲਿਤਾਂ ਦੇ ਹੱਕਾਂ ਲਈ ਅੰਦੋਲਨ ਕਰ ਰਹੇ ਸਨ, ਉਨ੍ਹਾਂ ਨੇ ਪੂਨਾ ਪੈਕਟ ਉਤੇ ਗਾਂਧੀ ਜੀ ਦੇ ਕਹਿਣ ਉਤੇ ਦਸਤਖਤ ਕਰ ਦਿਤੇ, ਇਸ ਨਾਲ ਦਲਿਤਾਂ ਦੀ ਰਾਜ-ਭਾਗ ਵਿੱਚ ਹਿੱਸੇਦਾਰੀ ਕੁਝ ਵਧੀ, ਪਰ ਉਨ੍ਹਾਂ ਪ੍ਰਤੀ ਦੁਰਭਾਵਨਾਵਾਂ ਵਿੱਚ ਕੋਈ ਕਮੀ ਨਹੀਂ ਆਈ। ਅੱਜ ਵੀ ਦੇਸ਼ ਦੇ ਬਹੁਤ ਥਾਈਂ ਦਲਿਤਾਂ ਦਾ ਮੰਦਿਰਾਂ ਵਿੱਚ ਦਾਖਲਾ ਮਨ੍ਹਾ ਹੈ।

ਭਾਰਤੀ ਸਮਾਜਿਕ ਮੁੱਦਿਆਂ ਵਿੱਚੋਂ ਸਮਾਜ ਦੇ ਹਰ ਵਰਗ ਦੇ ਲੋਕਾਂ ਨੂੰ ਬਰਾਬਰ ਦੀ ਸਿੱਖਿਆ ਦੇਣ ਦਾ ਮੁੱਦਾ ਬਹੁੱਤ ਹੀ ਵੱਡਾ ਸੀ। ਪਰ ਸਰਕਾਰ ਨੇ ਤਾਂ ਇਸ ਮੁੱਦੇ ਤੋਂ ਹੱਥ ਪਿੱਛੇ ਖਿੱਚੇ ਹੀ ਹੋਏ ਹਨ, ਸਮਾਜ ਨੇ ਵੀ ਸਿੱਖਿਆ ਨੂੰ ਲੈਕੇ ਜੋ ਉਸਦੀ ਸਮਾਜਿਕ ਜ਼ੁੰਮੇਵਾਰੀ ਬਣਦੀ ਸੀ, ਉਸਦਾ ਵੀ ਤਿਆਗ ਕਰ ਦਿਤਾ ਹੈ। ਪਹਿਲਾਂ ਪੈਸੇ ਵਾਲੇ ਲੋਕ ਮੁਫਤ ਸਕੂਲੀ ਸਿੱਖਿਆ ਅਤੇ ਲੋੜਬੰਦਾਂ ਲਈ ਦਵਾਖਾਨਿਆਂ ਦਾ ਪ੍ਰਬੰਧ ਕਰਦੇ ਸਨ। ਸਾਲ 1905 ਵਿੱਚ ਸਿੱਖਿਆ ਦੇ ਸਰਕਾਰੀਕਰਨ ਤੋਂ ਪਹਿਲਾਂ ਤੱਕ ਪੂਰੀ ਸਿੱਖਿਆ ਵਿਵਸਥਾ ਸਮਾਜ ਦੇ ਕੋਲ ਸੀ। ਉਸ ਵੇਲੇ ਤੱਕ ਸਿੱਖਿਆ ਅਤੇ ਦਵਾਖਾਨਿਆਂ ਨੂੰ ਪੈਸੇ ਕਮਾਉਣ ਦਾ ਜ਼ਰੀਆ ਨਹੀਂ ਸੀ ਮੰਨਿਆ ਜਾਂਦਾ।

ਭਾਰਤ ਦੁਨੀਆ ਦੀ ਵੱਡੀ ਤਾਕਤ ਬਨਣ ਦਾ ਲੱਖ ਦਾਅਵਾ ਕਰੇ, ਪਰ ਸਚਾਈ ਇਹ ਹੈ ਕਿ ਅੱਜ ਵੀ ਦੇਸ਼ ਦੇ 8 ਕਰੋੜ 40 ਲੱਖ ਬੱਚੇ ਇਹੋ ਜਿਹੇ ਹਨ, ਜੋ ਸਕੂਲ ਨਹੀਂ ਜਾ ਰਹੇ। ਇਨ੍ਹਾਂ ਵਿੱਚ 78 ਲੱਖ ਇਹੋ ਜਿਹੇ ਹਨ, ਜਿਨ੍ਹਾਂ ਨੂੰ ਮਜ਼ਬੂਰੀ ਕਰਕੇ ਕੰਮ ਉਤੇ ਭੇਜਿਆ ਜਾਂਦਾ ਹੈ। ਜਿਆਦਾਤਰ ਮਜ਼ਬੂਰੀ ਉਨ੍ਹਾਂ ਦੇ ਪ੍ਰੀਵਾਰਾਂ ਦੀ ਹੁੰਦੀ ਹੈ, ਜੋ ਰੋਜ਼ਾਨਾ ਦਸ-ਵੀਹ ਰੁਪਿਆਂ ਦੀ ਖਾਤਰ ਆਪਣੇ ਬੱਚਿਆਂ ਦੀ ਸਿੱਖਿਆ ਦੀ ਵਿਜਾਏ ਉਨ੍ਹਾਂ ਦੀ ਕਮਾਈ ਉਤੇ ਜ਼ੋਰ ਦਿੰਦੇ ਹਨ। ਪੜ੍ਹਨ- ਲਿਖਨ ਅਤੇ ਖੇਡਣ-ਕੁਦਣ ਦੀ ਉਮਰ ਵਿੱਚ ਜਿਨ੍ਹਾਂ ਬੱਚਿਆਂ ਨੂੰ ਜਬਰਦਸਤੀ ਕੰਮ ਤੇ ਜਾਣਾ ਪੈਂਦਾ ਹੈ, ਉਨ੍ਹਾਂ ਵਿਚ 53ਗ ਲੜਕੇ ਅਤੇ 47ਗ ਲੜਕੀਆਂ ਹਨ। ਹਾਲੀ ਤੱਕ ਵੀ ਲੜਕੀਆਂ ਨੂੰ ਨਾ-ਪੜ੍ਹਾਏ ਜਾਣਾ, ਭਾਵ ਅਨਪੜ੍ਹ ਰੱਖਣਾ ਦੇਸ਼ ਦੇ ਬਹੁਤ ਸਾਰੇ ਹਿੱਸਿਆਂ ਵਿਚ ਆਮ ਹੈ। ਰਾਜਸਥਾਨ, ਯੂ.ਪੀ. ਬਿਹਾਰ ਵਿੱਚ ਲੜਕੀਆਂ ਦੀ ਸਿੱਖਿਆ ਦੀ ਦਰ ਦੇਸ਼ 'ਚ ਸਭ ਨਾਲੋਂ ਘੱਟ 63.82 ਪ੍ਰਤੀਸ਼ਤ ਹੈ। ਸਮਾਜ ਵਿੱਚ ਹਾਲਾਕਿ ਯੋਗਤਾ ਅਤੇ ਬਰਾਬਰੀ ਦੇ ਸਿਧਾਂਤ ਨੂੰ ਮੰਨਿਆ ਗਿਆ ਹੈ, ਪਰ ਮਾਨਸਿਕ ਤੌਰ ਤੇ ਨਾ ਸਾਡਾ ਸਮਾਜ ਔਰਤਾਂ ਮਰਦਾਂ ਦੀ ਬਰਾਬਰੀ ਨੂੰ ਸਵੀਕਾਰ ਕਰ ਸਕਿਆ ਹੈ, ਅਤੇ ਨਾ ਹੀ ਸਿੱਖਿਆ ਦੇ ਖੇਤਰ 'ਚ ਬਰਾਬਰੀ ਨੂੰ ਭਾਵੇਂ ਕਿ ਸਿੱਖਿਆ ਦਾ ਅਧਿਕਾਰ ਕਾਨੂੰਨ ਇਸ ਕਿਸਮ ਦੀ ਵਿਵਸਥਾ ਕਰਦਾ ਹੈ! ਪਰ ਸਮਾਜ ਵਿੱਚ ਆਰਥਿਕ ਪਾੜ੍ਹਾ ਗਰੀਬ ਨੂੰ ਅਮੀਰ ਦੇ ਬਰਾਬਰ ਸਿੱਖਿਆ ਪ੍ਰਦਾਨ ਨਹੀਂ ਕਰਦਾ। ਅਜ਼ਾਦੀ ਦਾ ਲੰਮਾ ਸਮਾਂ ਬੀਤਣ ਬਾਅਦ ਵੀ ਅਸੀਂ ਵਿਸ਼ਵ ਪੱਧਰ ਉਤੇ ਆਪਣਾ ਸਿੱਖਿਆ ਤੰਤਰ ਨਹੀਂ ਪੈਦਾ ਕਰ ਸਕੇ। ਬੱਚਿਆਂ ਦਾ ਸਕੂਲ ਨਾ ਜਾਣਾ, ਜਾਂ ਜਬਰਦਸਤੀ ਕੰਮ ਉਤੇ ਲਗਵਾਉਣਾ ਅਤੇ ਦੁਨੀਆਂ ਦੇ 200 ਵਿਸ਼ਵ ਵਿਦਿਆਰਥੀਆਂ ਵਿੱਚ ਭਾਰਤ ਦੀ ਕਿਸੇ ਵੀ ਯੂਨੀਵਰਸਿਟੀ ਦਾ ਨਾਮ ਨਾ ਆਉਣਾ ਸਾਡੇ ਲਈ ਚਿੰਤਾ ਜਨਕ ਹੈ। ਇਸ ਤੋਂ ਵੀ ਵੱਡਾ ਸਮਾਜਿਕ ਮੁੱਦਾ ਸਾਡੇ ਲਈ ਗੁਰਬਤ ਹੈ, ਗਰੀਬੀ ਹੈ, ਜੋ ਦੇਸ਼ ਦੇ ਪੈਰਾਂ 'ਚ ਅਜ਼ਾਦੀ ਦੀਆਂ ਜੰਜੀਰਾਂ ਨਾਲੋਂ ਵੀ ਵੱਡੇ ਜੰਜਾਲ ਦੇ ਰੂਪ ਵਿੱਚ ਦਿਖਾਈ ਦੇ ਰਹੀ ਹੈ। ਮਜ਼ਬੂਰੀ ਬੱਸ ਘੱਟ ਕਪੜੇ ਅਤੇ ਬਿਨ੍ਹਾਂ ਛੱਤ ਦੇ ਗੁਜਾਰਾ ਕਰਨ ਦੀ ਕਲਪਨਾ ਤਾਂ ਕੀਤੀ ਜਾ ਸਕਦੀ ਹੈ, ਲੇਕਿਨ ਭੁੱਖੇ ਢਿੱਡ ਸੌਣ ਦੀ ਕਲਪਨਾ ਬਹੁਤ ਔਖੀ ਹੈ। ਦੇਸ਼ ਵਿੱਚ ਲਗਭਗ 19.4 ਕਰੋੜ ਲੋਕ ਅੱਜ ਵੀ ਭੁੱਖ ਦੇ ਸ਼ਿਕਾਰ ਹਨ। ਮੁੰਬਈ 'ਚ ਪਿਛਲੇ ਸਾਲ 17000 ਬੱਚਿਆਂ ਦੀ ਮੌਤ ਕੁਪੋਸ਼ਨ ਨਾਲ ਹੋਈ। ਮੱਧ ਪ੍ਰਦੇਸ਼ 'ਚ ਹਰ ਰੋਜ਼ 60 ਬੱਚੇ ਕੁਪੋਸ਼ਨ ਨਾਲ ਮਰਦੇ ਹਨ।

ਲਗਭਗ ਤਿੰਨ ਚਾਰ ਵਰ੍ਹੇ ਪਹਿਲਾਂ ਪਾਸ ਹੋਇਆ ਸਭ ਲਈ ਭੋਜਨ ਕਾਨੂੰਨ ਜੀਹਦੇ ਤਹਿਤ ਦੇਸ਼ ਦੀ ਦੋ ਤਿਹਾਈ ਅਬਾਦੀ ਨੂੰ ਸਸਤੇ ਭਾਅ ਭੋਜਨ ਮੁਹੱਈਆ ਕਰਨ ਦੀ ਗੱਲ ਆਖੀ ਗਈ ਗਈ ਹੈ, ਕੀ ਦੇਸ਼ ਦੀ ਅੱਧੀ ਅਧੂਰੀ ਅਜ਼ਾਦੀ ਦੀ ਮੂੰਹ ਬੋਲਦੀ ਤਸਵੀਰ ਨਹੀ? ਭੁਖ ਮਰੀ ਅਤੇ ਗਰੀਬੀ ਦੇ ਚਲਦਿਆਂ ਪਰਿਵਾਰਾਂ ਵਿੱਚ ਜਿਥੇ ਆਮ ਤੌਰ ਤੇ ਮੁਖੀ ਮਰਦ ਹੁੰਦਾ ਹੈ, ਉਨ੍ਹਾਂ ਵਲੋਂ ਘਰ ਦੀਆਂ ਔਰਤਾਂ ਨੂੰ ਘਰੇਲੂ ਹਿੰਸਾ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ, ਲਗਭਗ 70ਗ ਔਰਤਾਂ ਇੱਕ ਸਰਵੇ ਅਨੁਸਾਰ ਘਰੇਲੂ ਹਿੰਸਾ, ਜਿਸ ਵਿਚ ਕੁੱਟ-ਕੁਟਾਪਾ, ਮਾਰ-ਵੱਢ, ਗਾਲੀ-ਗਲੋਚ, ਭੈੜਾ ਵਿਵਹਾਰ ਸ਼ਾਮਲ ਹੈ, ਦੀਆਂ ਸ਼ਿਕਾਰ ਹੁੰਦੀਆਂ ਹਨ। ਇਸਤੋਂ ਵੀ ਵੱਡੀ ਲਾਹਨਤ ਸਮਾਜ ਲਈ ਪੇਟ ਵਿਚ ਹੀ ਬੱਚੀ ਨੂੰ ਮਾਰਨ ਭਰੂਣ-ਹੱਤਿਆ ਦੀ ਹੈ, ਰਾਜਸਥਾਨ ਵਰਗੇ ਰਾਜ ਵਿੱਚ ਇੰਡੀਆ ਟੂਡੇ ਵੀਕਲੀ 'ਚ ਛਪੀ ਰਿਪੋਰਟ ਅਨੁਸਾਰ 2500 ਭਰੂਣ ਹੱਤਿਆ ਦੇ ਕੇਸ ਨਿੱਤ ਵਾਪਰਦੇ ਹਨ। ਅਤੇ ਇਹ ਪ੍ਰਵਿਰਤੀ ਦੇਸ਼ ਦੇ ਵੱਖੋ-ਵੱਖਰੇ ਰਾਜਾਂ ਸਮੇਤ ਪੰਜਾਬ ਦੇ ਸਦੀਆਂ ਤੋਂ ਪ੍ਰਚਲਤ ਹੈ ਅਤੇ ਨਿੱਤ-ਪ੍ਰਤੀ ਵੱਧ ਰਹੀ ਹੈ। ਇਸਤੋਂ ਵੱਡੀ ਲਾਹਨਤ ਦੇਹ ਵਿਉਪਾਰ ਦੀ ਹੈ, ਜਿਸਨੇ ਦੇਸ਼ ਦੀ ਸਮਾਜਿਕ ਹਾਲਤ ਦੀਆਂ ਚੂਲਾਂ ਹਿਲਾਕੇ ਰੱਖੀਆਂ ਹੋਈਆਂ ਹਨ। ਬੱਚਿਆਂ ਦੀ ਦੇਹ ਦਾ ਸ਼ਰਮਨਾਕ ਵਿਉਪਾਰ, ਭਾਰਤ 'ਚ ਨਿੱਤ ਵੱਧ ਫੁੱਲ ਰਿਹਾ ਹੈ, ਜਿਸ ਵਿੱਚ 1.2 ਮਿਲੀਅਨ ਬੱਚੇ ਦੇਹ ਵੇਚਣ ਲਈ ਮਜ਼ਬੂਰ ਕੀਤੇ ਗਏ ਹਨ। ਦਾਜ ਦਹੇਜ ਦੀ ਪ੍ਰਥਾ, ਸਮਾਜ ਦੇ ਮੱਥੇ ਉਤੇ ਇਸ ਵੇਲੇ ਵੱਡਾ ਕਲੰਕ ਬਣੀ ਹੋਈ ਹੈ, ਜਿਹੜੀ ਸਮਾਜ ਵਿੱਚ ਇੱਕ ਬੁਰਾਈ ਵਜੋਂ ਤਾਂ ਜਾਣੀ ਜਾਂਦੀ ਹੈ, ਪਰ ਖਾਸ ਤੌਰ ਤੇ ਮੱਧ ਵਰਗ ਦੇ ਪ੍ਰੀਵਾਰਾਂ ਨੂੰ ਇਸ ਬੁਰਾਈ ਨੇ ਪੂਰੀ ਤਰ੍ਹਾਂ ਆਪਣੇ ਕਲਾਵੇ 'ਚ ਲਿਆ ਹੋਇਆ ਹੈ ਅਤੇ ਸਿੱਟੇ ਵਜੋਂ ਹਜ਼ਾਰਾਂ ਲੜਕੀਆਂ ਹਰ ਸਾਲ ਦਾਜ ਦੀ ਬਲੀ ਚੜ੍ਹਾ ਦਿਤੀਆਂ ਜਾਂਦੀਆਂ ਹਨ।

ਬੱਚਿਆਂ ਦਾ ਛੋਟੀ ਉਮਰੇ ਵਿਆਹ, ਕੰਮ ਉਤੇ ਔਰਤਾਂ ਨੂੰ ਘੱਟ ਉਜਰਤ, ਸਤੀ ਪ੍ਰਥਾ, ਧਾਰਮਿਕ ਕੱਟੜਤਾ ਅਤੇ ਧਰਮਾਂ ਦਾ ਆਪਸੀ ਕਲੇਸ਼, ਭਿਖਾਰੀ-ਪੁਣਾ, ਨਸ਼ਾਖੋਰੀ ਕੁਝ ਇੱਕ ਹੋਰ ਇਹੋ ਜਿਹੇ ਮੁੱਦੇ ਹਨ, ਜਿਨ੍ਹਾਂ ਕਾਰਨ ਸਾਡਾ ਸਮਾਜ 21ਵੀਂ ਵਿਚ ਵੀ ਸਤਾਰਵੀਂ, ਅਠਾਰਵੀਂ ਸਦੀ ਦੀਆਂ ਅਲਾਮਤਾਂ ਆਪਣੇ ਉਤੇ ਥੋਪੀ ਬੈਠਾ ਹੈ। ਆਮ ਤੌਰ ਤੇ ਇਨ੍ਹਾਂ ਸਮਾਜਿਕ ਬੁਰਾਈਆਂ ਪ੍ਰਤੀ ਦੇਸ਼ ਦੀ ਵੱਧ ਰਹੀ ਆਬਾਦੀ ਨੂੰ ਕੁਝ ਲੋਕ ਜ਼ੁੰਮੇਵਾਰ ਠਹਿਰਾਉਂਦੇ ਹਨ। ਪਰ ਦੁਨੀਆਂ ਵਿੱਚ ਸਾਡੇ ਤੋਂ ਵੀ ਵੱਡੀ ਅਬਾਦੀ ਵਾਲਾ ਦੇਸ਼ ਚੀਨ ਅਤੇ ਸਾਡੇ ਤੋਂ ਬਾਅਦ ਆਜ਼ਾਦ ਹੋਏ ਹੋਰ ਮੁਲਕ, ਅਨਪੜ੍ਹਤਾ ਉਤੇ ਕਾਬੂ ਪਾਈ ਬੈਠੇ ਹਨ, ਅਤੇ ਸਾਡੇ ਦੇਸ਼ ਵਰਗੀਆਂ ਭੈੜੀਆਂ ਅਲਾਮਤਾਂ ਨੂੰ ਕਾਬੂ ਕਰਕੇ, ਚੰਗੇਰੀ ਸਿੱਖਿਆ ਦੇ ਦੀਵੇ ਜਗਾ, ਉਨ੍ਹਾਂ ਵਿਸ਼ਵ ਭਰ 'ਚ ਆਪਣੀ ਚੰਗੀ-ਚੋਖੀ ਸ਼ਾਖ ਬਣਾਈ ਹੋਈ ਹੈ।

ਅਸੀਂ ਵਿਸ਼ਵ ਭਰ 'ਚ ਆਪਣੀ ਤਾਕਤ ਦਾ ਜਿੰਨਾ ਮਰਜ਼ੀ ਪ੍ਰਦਰਸ਼ਨ ਕਰ ਲਈਏ, ਸਵੱਛ ਭਾਰਤ ਬਨਾਉਣ ਦਾ ਰੌਲਾ ਰੱਪਾ ਪਾ ਲਈਏ, ਆਰਥਿਕ ਤੌਰ ਉਤੇ ਮਜ਼ਬੂਤ ਹੋਣ ਦਾ ਦਾਅਵਾ ਵੀ ਪੇਸ਼ ਕਰ ਲਈਏ, ਦੁਨੀਆਂ ਦੇ ਦੇਸ਼ਾਂ 'ਚੋਂ ਵੱਡੀ ਨੌਜਵਾਨ ਅਬਾਦੀ ਹੋਣ ਦਾ ਭਰਮ ਪਾਲ ਲਈਏ, ਜੇਕਰ ਅਸੀਂ ਅਨਪੜ੍ਹਤਾ ਨੂੰ ਨੱਥ ਨਹੀਂ ਪਾਵਾਂਗੇ, ਬੱਚਿਆਂ ਨੂੰ ਸਕੂਲ ਨਹੀਂ ਭੇਜਾਂਗੇ, ਜਾਤੀਵਾਦ ਜਿਹੇ ਮੁੱਦਿਆਂ ਦਾ ਹੱਲ ਨਹੀਂ ਕਰਾਂਗੇ, ਉਦੋਂ ਤੱਕ ਨਾ ਅਸੀਂ ਆਜ਼ਾਦ ਕੌਮ ਬਣ ਸਕਦੇ ਹਾਂ, ਨਾ ਹੀ ਅਸੀਂ ਵਿਸ਼ਵ ਦੀ ਤਾਕਤ ਬਣ ਸਕਾਂਗੇ। ਅਸੀਂ ਤਾਂ ਆਪਣੇ ਆਪ ਨੂੰ ਅਜ਼ਾਦ ਸਮਝਕੇ, ਸਮਾਜਿਕ ਏਕੀਕਰਨ ਦੀ ਮੁਹਿੰਮ ਨੂੰ ਬੰਦ ਕਰੀ ਬੈਠੇ ਹਨ, ਜਿਸਦਾ ਦੇਸ਼ 'ਚ ਬਦਸਤੂਰ ਚਲਦੇ ਰਹਿਣਾ ਲਾਜ਼ਮੀ ਹੈ।

# ਕੇਂਦਰੀ ਸਭਾ ਵੱਲੋਂ ਪ੍ਰੋ.ਅਨੂਪ ਸਿੰਘ ਵਿਰਕ ਅਤੇ ਡਾ.ਸੁਖਦੇਵ ਸਿੰਘ ਖਾਹਰਾ ਦਾ ਸਨਮਾਨ





**ਲੁਧਿਆਣਾ-** ਕੇਂਦਰੀ ਪੰਜਾਬੀ ਲੇਖਕ ਸਭਾ ਦਾ ਜਨਰਲ ਇਜਲਾਸ 15 ਅਕਤੂਬਰ ਨੂੰ ਪੰਜਾਬੀ ਭਵਨ ਲੁਧਿਆਣਾ ਵਿਚ ਹੋਇਆ ਜਿਸ ਵਿਚ ਸੁਰਜੀਤ ਪਾਤਰ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਅਤੇ ਇਸ ਦੀ ਪ੍ਰਧਾਨਗੀ ਡਾ. ਸੁਖਦੇਵ ਸਿੰਘ ਪ੍ਰਧਾਨ ਪੰਜਾਬੀ ਸਾਹਿਤ ਅਕਾਦਮੀ ਲੁਧਿਆਣੇ ਨੇ ਕੀਤੀ। ਇਨ੍ਹਾਂ ਤੋਂ ਇਲਾਵਾ ਅਵਤਾਰ ਸਿੰਘ ਉੱਪਲ ਇੰਗਲੈਂਡ, ਡਾ. ਲਾਭ ਸਿੰਘ ਖੀਵਾ, ਅਤਰਜੀਤ ਅਤੇ ਡਾਥ ਕਰਮਜੀਤ ਸਿੰਘ ਪ੍ਰਧਾਨਗੀ ਮੰਡਲ ਵਿਚ ਸ਼ਾਮਿਲ ਸਨ। ਇਸ ਇਜਲਾਸ ਵਿਚ ਪ੍ਰੋ. ਅਨੂਪ ਸਿੰਘ ਵਿਰਕ ਨੂੰ ਹੀਰਾ ਸਿੰਘ ਦਰਦ ਸਨਮਾਨ ਨਾਲ ਅਤੇ ਡਾ. ਸੁਖਦੇਵ ਸਿੰਘ ਖਾਹਰਾ ਨੂੰ ਡਾ. ਰਵਿੰਦਰ ਰਵੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਸਨਮਾਨ ਵਿਚ ਦੀਪ ਦਵਿੰਦਰ ਸਿੰਘ ਅਤੇ ਡਾ. ਹਰਜਿੰਦਰ ਸਿੰਘ ਅਟਵਾਲ ਨੇ ਸਨਮਾਨ ਪੱਤਰ ਪੇਸ਼ ਕੀਤੇ। ਦੋਹਾਂ ਸਨਮਾਨਿਤ ਹਸਤੀਆਂ ਨੂੰ 5100 ਰੁਪਏ, ਯਾਦਗਾਰੀ ਚਿੰਨ੍ਹ ਅਤੇ ਸ਼ਾਲ ਨਾਲ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਅਹੁਦੇਦਾਰਾਂ ਨੇ ਸਨਮਾਨਿਤ ਕੀਤਾ।

ਮੁੱਖ ਮਹਿਮਾਨ ਵਜੋਂ ਬੋਲਦਿਆਂ ਸੁਰਜੀਤ ਪਾਤਰ ਨੇ ਲੇਖਕਾਂ ਨੂੰ ਵਿਅਕਤੀਵਾਦ ਤੋਂ ਉੱਪਰ ਉੱਠਣ ਲਈ ਪ੍ਰੇਰਨਾ ਦਿੰਦਿਆਂ ਕਿਹਾ ਕਿ ਪੰਜਾਬੀ ਹਮੇਸ਼ਾ ਨਾਬਰੀ ਦੀ ਜ਼ੁਬਾਨ ਰਹੀ ਹੈ। ਅੰਗਰੇਜ਼ੀ ਵਿਚ ਲਿਖਣ ਦਾ ਰਾਹ ਵੀ ਪੰਜਾਬੀ ਵਿਚੋਂ ਹੀ ਹੋ ਕੇ ਜਾਂਦਾ ਹੈ। ਨਵੀਂ ਪੀੜ੍ਹੀ ਨੂੰ ਆਪਣੀ ਭਾਸ਼ਾ ਵੱਲ ਮੋੜਨ ਦੀ ਜ਼ਿੰਮੇਵਾਰੀ ਵੀ ਲੇਖਕਾਂ ਦੀ ਹੈ। ਪ੍ਰੋ. ਅਨੂਪ ਸਿੰਘ ਵਿਰਕ ਨੇ ਕੇਂਦਰੀ ਸਭਾ ਦਾ ਧੰਨਵਾਦ ਕੀਤਾ ਜਿਸ ਨੇ ਉਨ੍ਹਾਂ ਦੇ ਕੰਮ ਨੂੰ ਮਾਨਤਾ ਦੇ ਕੇ ਸਨਮਾਨਿਤ ਕੀਤਾ। ਉਨ੍ਹਾਂ ਕਿਹਾ ਕਿ ਉਹ ਸਨਮਾਨ ਦਾ ਮਾਣ ਰੱਖਣ ਲਈ ਪੂਰਾ ਯਤਨ ਕਰਨਗੇ। ਡਾ. ਖਾਹਰਾ ਨੇ ਸਭਾ ਦਾ ਸ਼ੁਕਰੀਆ ਅਦਾ ਕਰਦਿਆਂ ਕਿਹਾ ਕਿ ਪੰਜਾਬੀ ਕੰਮਪੋਜ਼ਿਟ ਸੱਭਿਆਚਾਰ ਤੇ ਜਮਾਤ ਦੀ ਭਾਸ਼ਾ ਹੈ। ਪੰਜਾਬੀ ਦਾ ਸੰਸਾਰ ਪੱਧਰੀ ਸਾਹਿਤ ਜ਼ੁਬਾਨ ਅਤੇ ਵਿਰਾਸਤ ਨੂੰ ਲੋਕਾਂ ਤੱਕ ਪਹੁੰਚਾਉਣਾ ਸਾਡਾ ਮਕਸਦ ਹੈ। ਇਸ ਸਮੇਂ ਗੁਰਦਿਆਲ ਦਲਾਲ ਦੀਆਂ ਦੋ ਪੁਸਤਕਾਂ ਮਨ ਮਸਤਕ ਦੀ ਲੀਲਾ (ਗਜ਼ਲ ਸੰਗ੍ਰਹਿ) ਅਤੇ ਨਕਸ਼ ਨੁਹਾਰ (ਯਾਦਾਂ ਦੀ ਪਟਾਰੀ) ਦਾ ਲੋਕ ਅਰਪਣ ਕੀਤਾ ਗਿਆ। ਦਮਜੀਤ ਦਰਸ਼ਨ ਦੀਆਂ ਦੋ ਪੁਸਤਕਾਂ ਬਨਵਾਸ (ਕਾਵਿ ਸੰਗ੍ਰਹਿ) ਅਤੇ ਬਿਰਖ ਬਲਦਾ ਰਿਹਾ (ਕਾਵਿ ਸੰਗ੍ਰਹਿ) ਦਾ ਵੀ ਲੋਕ ਅਰਪਣ ਕੀਤਾ ਗਿਆ। ਇੱਕ ਹੋਰ ਪੁਸਤਕ ਰੁਖ਼ਸਤ ਹੋਣ ਤੋਂ ਪਹਿਲਾਂ ਵੀ ਲੋਕ ਅਰਪਣ ਕੀਤੀ ਗਈ।

ਦੂਸਰੇ ਸੈਸ਼ਨ ਵਿਚ ਡਾ. ਕਰਮਜੀਤ ਸਿੰਘ ਨੇ ਕੇਂਦਰੀ ਸਭਾ ਦੀ ਜੱਥੇਬੰਦਕ ਰਿਪੋਰਟ 2014 ਤੋਂ 2016 ਪੇਸ਼ ਕੀਤੀ ਜਿਸ ਵਿਚ ਪਿਛਲੇ ਦੋ ਸਾਲਾਂ ਦੌਰਾਨ ਕਰਵਾਏ ਗਏ ਅੰਤਰ-ਰਾਸ਼ਟਰੀ, ਰਾਸ਼ਟਰੀ ਅਤੇ ਸਥਾਨਿਕ ਸਾਹਿਤ ਸਭਾਵਾਂ ਨਾਲ ਮਿਲ ਕੇ ਕੇਂਦਰੀ ਸਭਾ ਵੱਲੋਂ ਕਰਵਾਏ ਗਏ ਸੈਮੀਨਾਰਾਂ ਅਤੇ ਗਤੀਵਿਧੀਆਂ ਦੀ ਰਿਪੋਰਟ ਕਰਨ ਦੇ ਨਾਲ-ਨਾਲ ਸੰਵਿਧਾਨਿਕ ਸੋਧਾਂ ਬਾਰੇ ਵੀ ਚਰਚਾ ਕੀਤੀ ਗਈ। ਇਸ ਰਿਪੋਰਟ ਉੱਪਰ ਬਹਿਸ ਵਿਚ ਸ਼ਾਮਿਲ ਹੋਏ ਨਿੰਦਰ ਗਿੱਲ, ਸੁਸ਼ੀਲ ਦੁਸਾਂਝ, ਡਾ. ਹਰਜਿੰਦਰ ਸਿੰਘ ਅਟਵਾਲ, ਜਸਪਾਲ ਮਾਨ ਖੇਹੜਾ, ਸੁਮੀਤ ਸਿੰਘ, ਸੁਰਿੰਦਰਪ੍ਰੀਤ ਘਣੀਆ, ਮੱਖਣ ਕੁਹਾੜ ਅਤੇ ਕਰਮ ਸਿੰਘ ਵਕੀਲ। ਡਾ. ਸੁਖਦੇਵ ਸਿੰਘ ਨੇ ਸਨਮਾਨਿਤ ਲੇਖਕਾਂ ਦੀ ਚੋਣ ਉੱਪਰ ਵਧਾਈ ਦਿੰਦਿਆਂ ਹੋਇਆਂ ਕਿਹਾ ਕਿ ਕੇਂਦਰੀ ਸਭਾ ਦਾ ਕੰਮ ਮੂੰਹੋਂ ਬੋਲਦਾ ਹੈ। ਉਨ੍ਹਾਂ ਨੇ ਚਿੱਠੀ ਪੱਤਰ ਨੂੰ ਜਿਉਂਦੇ ਰੱਖਣ ਉੱਪਰ ਅਤੇ ਸਰਕਾਰਾਂ ਵੱਲ ਝਾਕ ਨਾ ਲਾਉਣ ਦਾ ਵਿਚਾਰ ਪੇਸ਼ ਕੀਤਾ। ਚੋਣ ਅਧਿਕਾਰੀ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਲੇਖਕਾਂ ਨੂੰ ਸਾਥ ਦੇਣ ਦੀ ਅਪੀਲ ਕੀਤੀ। ਅਖੀਰ ਵਿਚ ਡਾ. ਲਾਭ ਸਿੰਘ ਖੀਵਾ ਨੇ ਸਹਿਯੋਗ ਲਈ ਅਕਾਦਮੀ ਦਾ ਧੰਨਵਾਦ ਕਰਦਿਆਂ ਇਹ ਦੱਸਿਆ ਕਿ ਪਿਛਲੇ ਦੋ ਸਾਲਾਂ ਦੌਰਾਨ ਕਿਸੇ ਵੀ ਅਹੁਦੇਦਾਰ ਨੇ ਟੀ.ਏ. ਡੀ.ਏ. ਨਹੀਂ ਲਿਆ। ਉਨ੍ਹਾਂ ਨੇ ਆਉਣ ਵਾਲੀ ਟੀਮ ਦੇ ਜ਼ਿੰਮੇ ਕਈ ਕੰਮ ਲਾਉਂਦਿਆਂ ਆਸ ਕੀਤੀ ਕਿ ਵਰਤਮਾਨ ਸੰਕਟ ਵਿਚ ਉਹ ਸਾਬਿਤ ਕਦਮੀ ਅੱਗੇ ਵੱਧੇਗੀ। ਇਸ ਤੋਂ ਬਾਅਦ ਇਜਲਾਸ ਨੇ ਦੋ ਮਿੰਟ ਦਾ ਮੌਨ ਰੱਖ ਕੇ ਡਾ. ਵੀ.ਕੇ. ਤਿਵਾੜੀ, ਸੰਤੋਖ ਸਿੰਘ ਸੰਤੋਖ, ਡਾ. ਜਗਜੀਤ ਸਿੰਘ, ਗੁਰਚਰਨ ਸਿੰਘ ਵਿਰਕ, ਮਹਾ ਸ਼ਵੇਤਾ ਦੇਵੀ ਅਤੇ ਗੁਰਚਰਨ ਸਿੰਘ ਬਰਾੜ ਨੂੰ ਸ਼ਰਧਾਂਜਲੀ ਭੇਂਟ ਕੀਤੀ। ਇਸ ਦੇ ਨਾਲ ਹੀ ਅਗਲੀ ਚੋਣ ਦੀਆਂ ਸਰਗਰਮੀਆਂ ਸ਼ੁਰੂ ਹੋ ਗਈਆਂ। 15 ਅਕਤੂਬਰ ਤੋਂ 22 ਅਕਤੂਬਰ ਤੱਕ ਨਾਮਜ਼ਦਗੀਆਂ ਕੀਤੀਆਂ ਜਾ ਸਕਣਗੀਆਂ। ਇਸੇ ਦਿਨ ਹੀ ਪੜਤਾਲ ਕੀਤੀ ਜਾਵੇਗੀ। 25 ਤੱਕ ਨਾਮ ਵਾਪਿਸ ਲਏ ਜਾ ਸਕਣਗੇ ਅਤੇ 6 ਨਵੰਬਰ ਨੂੰ ਪੰਜਾਬੀ ਭਵਨ ਲੁਧਿਆਣਾ ਵਿਚ ਸਵੇਰੇ 9 ਵਜੇ ਤੋਂ ਲੈ ਕੇ 3 ਵਜੇ ਤੱਕ ਵੋਟਾਂ ਪੈਣ ਦਾ ਕੰਮ ਪੂਰਾ ਹੋਵੇਗਾ ਤੇ ਨਾਲ ਹੀ ਨਤੀਜਾ ਵੀ ਇਸੇ ਦਿਨ ਹੀ ਆ ਜਾਵੇਗਾ।

**- ਡਾ. ਕਰਮਜੀਤ ਸਿੰਘ**

# ਮੁੰਬਈ ਵਿਦਿਆਪੀਠ ਵਿਚ ਮਹਾਤਮਾ ਫੂਲੇ ਸਾਹਿਤ 'ਤੇ ਸੈਮੀਨਾਰ

**ਮੁੰਬਈ-** ਮੁੰਬਈ ਕਲੀਨਾ ਯੂਨੀਵਰਸਿਟੀ ਵਿਚ ਬੀਤੀ 6 ਅਤੇ 7 ਅਕਤੂਬਰ ਨੂੰ ਮਹਾਤਮਾ ਫੂਲੇ ਸਾਹਿਤ 'ਤੇ ਦੋ ਦਿਨ ਦਾ ਸੈਮੀਨਾਰ ਸੰਪੰਨ ਹੋਇਆ। ਜੇ. ਐਨ. ਯੂ. ਦਿੱਲੀ ਤੋਂ ਡਾ. ਦਲੀਪ ਯਾਦਵ, ਪ੍ਰੋ. ਹਰੀ ਨਰਕੇ, ਮਾਨ, ਰਾਜਾ ਢਾਲੇ, ਦੱਤਾ ਭਗਤ, ਮਾਸਟਰ ਕੁਲਗੁਰੂ ਨਾਗਨਾਥ ਕੋਤਾਪੱਲੇ, ਪ੍ਰੋ. ਪ੍ਰਤਿਮਾ ਪਰਦੇਸੀ ਮਾਨ, ਅਰਜੁਨ ਡਾਂਗਲੇ, ਡਾ. ਪ੍ਰਲਹਾਦ ਲੁਲੇਕਰ, ਡਾ. ਸਤਿਸ਼ ਪਾਵਡੇ, ਡਾ. ਸੰਜੇ ਮੂਨ, ਡਾ. ਸੰਭਾਜੀ ਖਰਾਟ, ਪ੍ਰੋ. ਸ਼੍ਰਾਵਣ ਦੇਵਰੇ ਆਦਿ ਅਨੇਕਾਂ ਸਾਹਿਤਕ, ਪ੍ਰਸਿੱਧ ਬੁੱਧੀਜੀਵੀ ਅਤੇ ਵਿਚਾਰਕ ਸ਼ਾਮਲ



ਸਨ। ਯੂਨੀਵਰਸਿਟੀ ਦੇ ਮਰਾਠੀ ਵਿਭਾਗ ਅਤੇ ਡਾ. ਬਾਬਾ ਸਾਹਿਬ ਅੰਬੇਡਕਰ ਅਧਿਆਸਨ ਨੇ ਇਹ ਪ੍ਰੋਗਰਾਮ ਆਯੋਜਿਤ ਕੀਤਾ ਸੀ। ਡਾ. ਪ੍ਰੋ. ਵੰਦਨਾ ਮਹਾਜਨ ਅਤੇ ਡਾ. ਅਨਿਲ ਸਪਕਾਲ ਮੁੱਖ ਸੰਯੋਜਕ ਸਨ।

ਡਾ. ਸੁਨੀਲ ਅਵਚਾਰ, ਡਾ. ਮਹਿੰਦਰ ਭਵਰੇ ਆਦਿ ਅਧਿਆਪਕਾਂ ਨੇ ਇਹ ਪ੍ਰੋਗਰਾਮ ਆਯੋਜਿਤ ਕੀਤਾ। ਯੂਨੀਵਰਸਿਟੀ ਦੇ ਕੁੱਲ ਗੁਰੂ ਡਾ. ਸੰਜੇ ਦੇਸ਼ਮੁਖ ਨੇ ਉਦਘਾਟਨ ਕੀਤਾ। ਇਸ ਸੈਮੀਨਾਰ ਵਿਚ ਪ੍ਰੋ. ਸ਼੍ਰਾਵਣ ਦੇਵਰੇ ਨੇ ਆਪਣੇ ਵਿਚਾਰ ਪੇਸ਼ ਕੀਤੇ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com,
www.ambedkartimes.com


COMING SOON
GLOBAL CPN
Channel Punjabi Network
Your Favourite Punjabi TV Channels in One App
GLOBAL CPN-THE PREMIUM PUNJABI PACK
you all have been waiting for...
One APP which brings you
3 exclusive Punjabi TV channels
Affordable. Accessible. Amazing...
Global CPN COMING SOON ON
ROKU, ANDROID & WEB
KEEP WATCHING THIS SPACE
FOR MORE INFORMATION




ਤਸਵੀਰਾਂ 'ਦੇਸ਼ ਦੁਆਬਾ



ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ., ਯੂਬਾ ਸਿਟੀ (ਕੈਲੇਫੋਰਨੀਆ) ਦੇ ਕਮੇਟੀ ਮੈਂਬਰ ਅਤੇ ਸੰਗਤਾਂ ਭਗਵਾਨ ਵਾਲਮੀਕ ਜੀ ਦੇ ਪ੍ਰਗਟ ਦਿਵਸ ਮਨਾਏ ਜਾਣ ਸਬੰਧੀ ਉਲੀਕੇ ਪ੍ਰੋਗਰਾਮ ਬਾਰੇ ਵਿਚਾਰ-ਵਟਾਂਦਰਾ ਕਰਦੇ ਹੋਏ।





ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. ਦੇ ਜਨਰਲ ਸਕੱਤਰ ਅਤੇ ਸੀਨੀਅਰ ਕਮਿਊਨਟੀ ਲੀਡਰ ਮਾਣਯੋਗ ਸੋਹਣ ਲਾਲ ਸਹੋਤਾ (ਬੀ. ਡੀ. ਓ.) ਜੀ ਦੇ ਗ੍ਰਹਿ ਵਿਖੇ ਉਹਨਾਂ ਦੀ ਖਬਰ-ਸਾਰ ਲੈਂਦੇ ਅਤੇ ਵਿਚਾਰਾਂ ਕਰਦੇ ਹੋਏ ਕਮੇਟੀ ਦੇ ਪ੍ਰਧਾਨ ਪ੍ਰੇਮ ਸੌਂਧੀ ਅਤੇ ਦੇਸ਼ ਦੁਆਬਾ ਦੇ ਮੁੱਖ ਸੰਪਾਦਕ ਪ੍ਰੇਮ ਕੁਮਾਰ ਚੁੰਬਰ। ਤਸਵੀਰ ਵਿਚ ਸੱਜੇ ਪਾਸੇ ਸ੍ਰੀ ਸੋਹਣ ਲਾਲ ਸਹੋਤਾ ਦੇ ਲੜਕੇ ਪਲਵਿੰਦਰ ਸਿੰਘ ਸਹੋਤਾ ਵੀ ਬੈਠੇ ਨਜ਼ਰ ਆ ਰਹੇ ਹਨ।



ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ., ਯੂਬਾ ਸਿਟੀ (ਕੈਲੇਫੋਰਨੀਆ) ਅਤੇ ਸਮੂਹ ਸੰਗਤ ਵੱਲੋਂ 23 ਅਕਤੂਬਰ ਨੂੰ ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ ਅਤੇ 30 ਅਕਤੂਬਰ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਭਗਵਾਨ ਵਾਲਮੀਕ ਜੀ ਦਾ ਪ੍ਰਕਾਸ਼ ਉਤਸਵ ਮਨਾਏ ਜਾਣ ਦੀਆਂ ਸਮੂਹ ਸੌਂਧੀ ਭਰਾਵਾਂ ਅਤੇ ਸੌਂਧੀ ਪਰਿਵਾਰ ਵੱਲੋਂ ਲੱਖ-ਲੱਖ ਵਧਾਈਆਂ।

ਸਮੂਹ ਸਾਧ ਸੰਗਤ ਜੀ ਨੂੰ ਬੇਨਤੀ ਹੈ ਕਿ ਆਓ ਰਲ-ਮਿਲ ਕੇ ਭਗਵਾਨ ਵਾਲਮੀਕ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਅਤੇ ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ ਵਿਖੇ ਦੋਵੇਂ ਦਿਨ ਪਹੁੰਚ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆ ਪ੍ਰਾਪਤ ਕਰੀਏ।

# ਸੌਂਧੀ ਬ੍ਰਦਰਜ਼ ਅਤੇ ਸਮੂਹ ਪਰਿਵਾਰ




Kundan Lal Sondhi, (Director), Prem Sondh, (President), Sham Lal Sondhi (Director) & Parshotam Lal Sondhi Ex Vice President of Maharishi Valmik Sabha USA, Yuba City (California)


ਸ਼੍ਰੀਮਤੀ ਦੀਪਿਕਾ ਸਿੰਘ ਆਪਣੇ ਸਪੁੱਤਰ ਸੋਹੰਗ ਯਸ਼ ਗਾਟ ਦੇ ਨਾਲ


ਬੱਚਾ ਸੋਹੰਗ ਯਸ਼ ਗਾਟ ਆਪਣੇ ਮਾਤਾ- ਪਿਤਾ ਦੇ ਨਾਲ ਲੋਹੜੀ ਪ੍ਰੋਗਰਾਮ ਦੀ ਯਦਗਾਰੀ ਤਸਵੀਰ


ਲੋਹੜੀ ਪ੍ਰੋਗਰਾਮ ਦੀ ਯਦਗਾਰੀ ਤਸਵੀਰ

ਸ੍ਰੀ ਜੈਰਾਮ ਗਾਟ ਅਤੇ ਬੀਬੀ ਸਵਰਨ ਕੌਰ ਗਾਟ ਨੇ ਆਪਣੇ ਪੋਤਰੇ ਸੋਹੰਗ ਯਸ਼ ਗਾਟ ਸਪੁੱਤਰ ਸ਼੍ਰੀਮਤੀ ਦੀਪਿਕਾ ਸਿੰਘ ਅਤੇ ਸ੍ਰੀ ਹਰਜੀਤ ਗਾਟ (ਹੈਪੀ) ਦਾ ਪਹਿਲਾ ਜਨਮ ਦਿਨ ਧੂੰਮ-ਧਾਮ ਨਾਲ ਮਨਾਇਆ।


# INDIA BAZAAR

## ਇੰਡੀਆ ਬਾਜ਼ਾਰ ਵੱਲੋਂ ਦੀਵਾਲੀ ਦੇ ਮੌਕੇ ਤੇ ਭਾਰੀ ਸੇਲ

ਕੱਪੜੇ ਦਾ ਨਵਾਂ ਬਿਜਨਸ ਆਰੰਭ, ਅਲੱਗ-ਅਲੱਗ ਵਰਾਇਟੀ ਦਾ ਕੱਪੜਾ, ਭਾਰਤੀ ਪਾਕਿਸਤਾਨੀ ਅਤੇ ਫਿਜ਼ੀਅਨ ਗਰੌਸਰੀ ਦਾ ਭਾਰੀ ਸਟਾਕ, ਹਰੇਕ ਸ਼ਨਿਚਰਵਾਰ ਅਤੇ ਐਤਵਾਰ ਨੂੰ ਗਰੌਸਰੀ ਉਤੇ ਸਪੈਸ਼ਲ ਡਿਸਕਾਉਂਟ, ਹਫਤੇ ਦੇ 7 ਦਿਨ ਖੁੱਲ੍ਹਾ।


ਬੀਬੀ ਸਵਰਨ ਕੌਰ ਗਾਟ ਅਤੇ ਸ੍ਰੀ ਜੈਰਾਮ ਗਾਟ









WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

WE ACCEPT FOOD STAMPS

CALL TO HAPPY
Cell: (415) 706-7027
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

**We Do Complete Engine Transmission, Body and Paint Work We Sell Used Cars at a Good Price**



Free Estimates
Free Towing

**510- 733- 2222**

1421 Industrial PKWY West#F Hayward, CA 94544



Prop: Jasbir Singh Takhar
510-755-2132

Harmandeep Singh

# SHRI GURU RAVIDASS TEMPLE (CA)

2150 CRESTVIES DRIVE, PITTSBURG CA 94565

Tel : (925) 4392355

## ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੇ ਅਕਤੂਬਰ ਮਹੀਨੇ ਦੇ ਪ੍ਰੋਗਰਾਮ

### ਪ੍ਰਕਾਸ਼ ਦਿਵਸ ਸ੍ਰੀ ਗੁਰੂ ਰਾਮ ਦਾਸ ਜੀ
### ਅਕਤੂਬਰ 23, 2016

ਗੁਰੂ ਘਰ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਦਿਹਾੜਾ 23 ਅਕਤੂਬਰ 2016 ਨੂੰ ਪੂਰਨ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਪਾਠ ਅਤੇ ਲੰਗਰ ਦੀ ਸੇਵਾ ਗੁਰੂ ਘਰ ਅਤੇ ਸੰਗਤ ਦੁਆਰਾ ਕੀਤੀ ਜਾਵੇਗੀ। ਇਸ ਮੌਕੇ ਰਾਗੀ ਜਥਾ ਗਿਆਨੀ ਓਮਪਾਲ ਸਿੰਘ ਅਤੇ ਗਿਆਨੀ ਗੁਰਨਾਮ ਸਿੰਘ ਗੁਰਬਾਣੀ ਕੀਰਤਨ ਨਾਲ ਸੰਗਤ ਨੂੰ ਨਿਹਾਲ ਕਰਨਗੇ। ਇਸ ਮੌਕੇ ਗਿਆਨੀ ਪ੍ਰਕਾਸ਼ ਸਿੰਘ ਜੀ ਵੀ ਸੰਗਤ ਨੂੰ ਰਸ ਭਿੰਨਾ ਕੀਰਤਨ ਸੁਣਾਉਣਗੇ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੁਆਰਾ ਸਮੂਹ ਸੰਗਤ ਨੂੰ ਬੇਨਤੀ ਹੈ ਕਿ ਇਸ ਮੌਕੇ ਸ਼ਾਮਲ ਹੋ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



### ਸੁਖਮਨੀ ਸਾਹਿਬ ਪਾਠ ਅਤੇ ਲੰਗਰ ਦੀ ਸੇਵਾ
### ਅਕਤੂਬਰ 30, 2016

ਕੋਈ ਵੀ ਗੁਰੂ ਘਰ ਦਾ ਸ਼ਰਧਾਲੂ ਇਹ ਸੇਵਾ ਲੈ ਸਕਦਾ ਹੈ

# TANDOOR Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

**ਮੱਛੀ ਦੇ ਪਕੌੜਿਆਂ ਲਈ ਮਸ਼ਹੂਰ**

BUFFET LUNCH 11:00 AM To 3:00 PM

We are open seven days 11 AM to 10 PM

Contact Us:

Ph. 510-885-1212
Fax. 510-885-1532

# L.A. MERCHANDISE

**Whole Sale +Retail**

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।



LOOSE FABRICS, GROCERIES, BLANKETS, VEGETABLES

Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 39.99+Tax

* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।

* ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।



Baksho Kaur Bisla Hardev Singh Bisla

500 N. Palora Ave. Yuba City, CA 95991

530-671-0439, Fax 530-822-0439 Cell- 530-844-3250

## ਗੁਰੂ ਹਰਿ ਕ੍ਰਿਸ਼ਨ ਜੀ ਦੇ ਗੁਰਗੱਦੀ ਪੁਰਬ ਨੂੰ ਸਮਰਪਿਤ

# "ਹੋਣਹਾਰ ਬਿਰਵਾਨ ਕੇ ਚਿੱਕਨੇ-ਚਿੱਕਨੇ ਪਾਤ"



ਪ੍ਰੋ: ਐਚ.ਐਲ.ਕਪੂਰ
001- 916- 587-4002

ਗੁਰੂ ਹਰਿਕ੍ਰਿਸ਼ਨ ਜੀ ਦਾ ਜਨਮ ਦਿਨ ਬੁੱਧਵਾਰ 7 ਜੁਲਾਈ 1656 ਈਸਵੀ ਨੂੰ ਕੀਰਤਪੁਰ ਸਾਹਿਬ ਵਿਖੇ ਹੋਇਆ। ਉਹ ਗੁਰੂ ਹਰਿਰਾਏ ਜੀ ਦੇ ਦੂਸਰੇ ਪੁੱਤਰ ਸਨ ਤੇ ਉਨ੍ਹਾਂ ਦੀ ਮਾਤਾ ਜੀ ਦਾ ਨਾਂ ਮਾਤਾ ਕ੍ਰਿਸ਼ਨ ਕੌਰ (ਦੂਸਰਾ ਨਾਂ ਮਾਤਾ ਸੁਲੱਖਣੀ ਜੀ) ਸੀ। ਗੁਰੂ ਹਰਿਕ੍ਰਿਸ਼ਨ ਜੀ ਦੇ ਵੱਡੇ ਭਰਾ ਰਾਮ ਰਾਏ ਜੀ ਨੂੰ ਸਿੱਖ ਧਰਮ 'ਚੋਂ ਛੇਕ ਦਿੱਤਾ ਗਿਆ ਸੀ, ਕਿਉਂਕਿ ਉਸ ਦੀਆਂ ਗਤੀਵਿਧੀਆਂ ਗੁਰੂ ਘਰ ਦੇ ਖ਼ਿਲਾਫ਼ ਸਨ ਤੇ ਉਹ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੇ ਟੇਟੇ ਚੜ੍ਹਿਆ ਹੋਇਆ ਸੀ। ਗੁਰੂ ਹਰਿਕ੍ਰਿਸ਼ਨ ਜੀ ਜਦੋਂ ਅਜੇ ਪੰਜ ਸਾਲ ਦੇ ਹੀ ਸਨ ਤਾਂ ਉਹਨਾਂ ਦੇ ਪਿਤਾ ਗੁਰੂ ਹਰ ਰਾਏ ਸਾਹਿਬ ਜੀ ਨੇ ਆਪਣੀ ਮੌਤ 1661 ਤੋਂ ਪਹਿਲਾਂ ਹੀ ਇਹ ਐਲਾਨ ਕਰ ਦਿੱਤਾ ਸੀ ਕਿ ਮੇਰੀ ਮੌਤ ਤੋਂ ਬਾਅਦ ਸ੍ਰੀ ਹਰਿਕ੍ਰਿਸ਼ਨ ਜੀ ਹੀ ਅੱਠਵੇਂ ਗੁਰੂ ਨਾਨਕ ਹੋਣਗੇ। ਜਦੋਂ ਗੁਰੂ ਹਰਿਰਾਏ ਸਾਹਿਬ ਜੀ ਨੇ ਆਪਣੀ ਗੁਰਗੱਦੀ ਦੇ ਵਾਰਸ ਦਾ ਐਲਾਨ ਕੀਤਾ ਤਾਂ ਉਹਨਾਂ ਦੇ ਵੱਡੇ ਪੁੱਤਰ ਰਾਮ ਰਾਏ ਜੀ ਨੂੰ ਬੜੀ ਈਰਖਾ ਹੋਈ ਤੇ ਉਨ੍ਹਾਂ ਨੇ ਗੁੱਸੇ 'ਚ ਆ ਕੇ ਬਾਦਸ਼ਾਹ ਔਰੰਗਜ਼ੇਬ ਕੋਲ ਆਪਣੇ ਪਿਤਾ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਦੇ ਇਸ ਫੈਸਲੇ ਦੀ ਸ਼ਿਕਾਇਤ ਕਰ ਦਿੱਤੀ। ਬਾਦਸ਼ਾਹ ਔਰੰਗਜ਼ੇਬ ਨੇ ਫੈਸਲਾ ਰਾਮ ਰਾਏ ਜੀ ਦੇ ਹੱਕ 'ਚ ਕਰ ਦਿੱਤਾ ਤੇ ਰਾਜਾ ਜੈ ਸਿੰਘ ਜੀ ਨੂੰ ਕਿਹਾ ਕਿ ਨਵੇਂ ਬਣੇ ਬਾਲਕ ਗੁਰੂ ਹਰ ਕ੍ਰਿਸ਼ਨ ਜੀ ਨੂੰ ਮੇਰੇ ਦਰਬਾਰ 'ਚ ਪੇਸ਼ ਕਰੋ। ਰਾਜਾ ਜੈ ਸਿੰਘ ਨੇ ਆਪਣਾ ਦੂਤ ਕੀਰਤਪੁਰ ਸਾਹਿਬ ਭੇਜਿਆ ਕਿ ਉਹ ਗੁਰੂ ਹਰ ਕ੍ਰਿਸ਼ਨ ਜੀ ਨੂੰ ਦਿੱਲੀ ਲੈ ਕੇ ਆਉਣ। ਪਹਿਲਾਂ ਤਾਂ ਗੁਰੂ ਸਾਹਿਬ ਨੇ ਦਿੱਲੀ ਜਾਣ ਤੋਂ ਇਨਕਾਰ ਕਰ ਦਿੱਤਾ ਪ੍ਰੰਤੂ ਉਹਨਾਂ ਦੇ ਸ਼ਰਧਾਲੂਆਂ ਤੇ ਰਾਜਾ ਜੈ ਸਿੰਘ ਦੇ ਵਾਰ-ਵਾਰ ਕਹਿਣ'ਤੇ ਗੁਰੂ ਜੀ ਦਿੱਲੀ ਬਾਦਸ਼ਾਹ ਦੇ ਦਰਬਾਰ 'ਚ ਜਾਣ ਲਈ ਰਾਜ਼ੀ ਹੋ ਗਏ।

ਸਿੱਖ ਇਤਿਹਾਸ ਅਨੁਸਾਰ ਗੁਰੂ ਜੀ 20 ਅਕਤੂਬਰ 1661 ਈਸਵੀ ਨੂੰ ਐਤਵਾਰ ਵਾਲੇ ਦਿਨ ਗੁਰਗੱਦੀ 'ਤੇ ਬੈਠੇ। ਗੁਰੂ ਹਰ ਕ੍ਰਿਸ਼ਨ ਜੀ ਨੇ ਆਪਣੇ ਸ਼ਰਧਾਲੂਆਂ ਨੂੰ ਦਿਲਾਸਾ ਦਿੱਤਾ ਕਿ ਉਹ ਉਦਾਸ ਨਾ ਹੋਣ ਤੇ ਬਾਕੀ ਸਭ ਕੁਝ ਉਸ ਸਰਬ-ਸ਼ਕਤੀਮਾਨ ਪ੍ਰਮਾਤਮਾ 'ਤੇ ਭਰੋਸਾ ਰੱਖਣ। ਤੁਹਾਨੂੰ ਸਭ ਨੂੰ ਉਸ ਪ੍ਰਮਾਤਮਾ ਦੀ ਭਜਨ ਬੰਦਗੀ ਕਰਨੀ ਚਾਹੀਦੀ ਹੈ ਤੇ ਰੋਣਾ ਜਾਂ ਵਿਰਲਾਪ ਨਹੀਂ ਕਰਨਾ ਚਾਹੀਦਾ। ਜਿਉਂ ਹੀ ਕੁਝ ਦਿਨ ਬੀਤੇ ਗੁਰੂ ਜੀ ਦੇ ਸ਼ਰਧਾਲੂਆਂ ਨੂੰ ਜਦ ਇਸ ਗੱਲ ਦਾ ਪਤਾ ਲੱਗਾ ਕਿ ਬਾਦਸ਼ਾਹ ਔਰੰਗਜ਼ੇਬ ਨੇ ਗੁਰੂ ਜੀ ਨੂੰ ਦਿੱਲੀ ਬੁਲਾਇਆ ਹੈ ਤਾਂ ਸਿੱਖ ਸੰਗਤਾਂ ਦੂਰੋਂ-ਨੇੜਿਓਂ ਕੀਰਤਪੁਰ ਸਾਹਿਬ ਪਹੁੰਚਣ ਲੱਗੀਆਂ। ਸਿੱਖ ਸੰਗਤਾਂ ਗੁਰੂ ਜੀ ਦੀ ਇਕ ਝਲਕ ਪਾ ਕੇ ਬਹੁਤ ਹੀ ਆਨੰਦਿਤ ਹੋ ਜਾਂਦੀਆਂ ਸਨ। ਨਿਆਣੀ ਉਮਰੇ ਜਦੋਂ ਉਹ ਆਪਣੇ ਤਖਤ ਭਾਵ ਗੁਰਗੱਦੀ 'ਤੇ ਬੈਠਦੇ ਤਾਂ ਆਪਣੇ ਸ਼ਰਧਾਲੂਆਂ ਨੂੰ ਬਹੁਤ ਗਿਆਨ ਭਰਪੂਰ ਗੱਲਾਂ ਦੱਸਦੇ। ਉਹ ਆਪਣੀ ਛੋਟੀ ਜਿਹੀ ਉਮਰ 'ਚ ਹੀ ਬਹੁਤ ਦੂਰ-ਅੰਦੇਸ਼ੀ, ਸੂਝਵਾਨ ਤੇ ਪ੍ਰਤਿਭਾਸ਼ਾਲੀ ਸਨ।

ਭਾਈ ਸੰਤੋਖ ਸਿੰਘ ਜੀ ਅਨੁਸਾਰ, "ਜਿਸ ਤਰ੍ਹਾਂ ਸਵੇਰੇ ਸੂਰਜ ਨਿਕਲਦਾ ਹੈ ਤਾਂ ਉਹ ਆਕਾਰ 'ਚ ਬਹੁਤ ਛੋਟਾ ਦਿਖਾਈ ਦਿੰਦਾ ਹੈ ਪਰ ਉਸ ਦੀ ਰੌਸ਼ਨੀ ਹਰ ਜਗ੍ਹਾ ਹੁੰਦੀ ਹੈ। ਇਸੇ ਹੀ ਤਰ੍ਹਾਂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀ ਪ੍ਰਸਿੱਧੀ ਬਹੁਤ ਦੂਰ-ਦੂਰ ਤੱਕ ਸੀ ਤੇ ਇਸ ਦਾ ਕੋਈ ਅੰਤ ਨਹੀਂ ਸੀ।" ਜਿਹੜੇ ਵੀ ਉਨ੍ਹਾਂ ਦੇ ਸ਼ਰਧਾਲੂ ਆਉਂਦੇ, ਉਹਨਾਂ ਨੂੰ ਉਹ ਪੂਰਾ ਗਿਆਨ ਦਾ ਪ੍ਰਕਾਸ਼ ਪ੍ਰਦਾਨ ਕਰਦੇ। ਉਹ ਆਪਣੇ ਸ਼ਰਧਾਲੂਆਂ ਦੀਆਂ ਸਾਰੀਆਂ ਇੱਛਾਵਾਂ ਪੂਰੀਆਂ ਕਰਦੇ ਤੇ ਉਹਨਾਂ ਦੇ ਗੁਨਾਹਾਂ ਨੂੰ ਮੁਆਫ਼ ਕਰ ਦਿੰਦੇ ਸਨ। ਸਿੱਖ ਸੰਗਤਾਂ ਨੇ ਉਨ੍ਹਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਰੂਪ ਮੰਨ ਲਿਆ ਸੀ। ਉਹ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦੇ ਦਗ-ਦਗ ਕਰਦੇ ਚਿਹਰੇ ਨੂੰ ਜਦੋਂ ਦੀਦਾਰ ਕਰਦੇ ਸਨ ਤਾਂ ਸ਼ਰਧਾਲੂਆਂ ਨੂੰ ਉਹਨਾਂ ਦੇ ਚਿਹਰੇ ਤੋਂ ਉਹੀ ਨੂਰ ਦਿਸਦਾ, ਜਿਵੇਂ ਉਹਨਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਚਿਹਰੇ ਤੋਂ ਨਜ਼ਰ ਆਉਂਦਾ ਸੀ।

ਸ੍ਰੀ ਗੁਰੂ ਹਰ ਕ੍ਰਿਸ਼ਨ ਜੀ 'ਚ ਯੋਗਤਾ ਦਾ ਇਕ ਅਲੌਕਿਕ ਕ੍ਰਿਸ਼ਮਾ ਹੀ ਸੀ ਕਿ ਉਹ 'ਗੁਰੂ ਗ੍ਰੰਥ' ਸਾਹਿਬ 'ਚੋਂ ਜੀਵਨ ਜਾਂਚ ਦਾ ਰਸਤਾ ਜੋ ਆਪਣੇ ਸ਼ਰਧਾਲੂਆਂ ਨੂੰ ਸਮਝਾਉਂਦੇ ਉਹ, ਉਨ੍ਹਾਂ 'ਤੇ ਆਪਣਾ ਪੂਰਾ ਪ੍ਰਭਾਵ ਛੱਡਦਾ ਸੀ। ਉਹ ਗੁਰਬਾਣੀ ਦੀ ਵਿਆਖਿਆ ਕਰਦੇ ਸਮੇਂ ਆਪਣੇ ਸ਼ਰਧਾਲੂਆਂ ਦੀ ਜਗਿਆਸਾ ਬਣਾਈ ਰੱਖਦੇ। ਉਹ ਉਨ੍ਹਾਂ ਨੂੰ ਇਕੋ ਪ੍ਰਮਾਤਮਾ ਦੇ ਹੁਕਮ ਨੂੰ ਮੰਨਣ ਦਾ ਸੰਦੇਸ਼ ਦਿੰਦੇ। ਉਹ ਇਹ ਵੀ ਕਹਿੰਦੇ ਕਿ ਹੇ! ਮਾਨਵ ਤੂੰ ਆਪਣੀਆਂ ਸਾਰੀਆਂ ਬੁਰਾਈਆਂ ਨੂੰ ਤਿਆਗ ਦੇ ਤੇ ਨੇਕੀ, ਪਰਉਪਕਾਰ, ਧੀਰਜ ਤੇ ਸੰਤੋਖ ਦਾ ਰਸਤਾ ਅਪਣਾਉਣ ਦਾ ਸੰਦੇਸ਼ ਵੀ ਦਿੰਦੇ। ਇਸ ਤਰ੍ਹਾਂ ਕਰਨ ਨਾਲ ਹੀ ਅਸੀਂ ਆਪਣੇ ਸਿੱਖ ਵਿਰਸੇ ਨੂੰ ਬੜੀ ਸੁਰੱਖਿਅਤਾ ਨਾਲ ਸੰਭਾਲ ਕੇ ਰੱਖ ਸਕਦੇ ਹਾਂ।

29 ਮਾਰਚ, 1662 ਨੂੰ ਵਿਸਾਖੀ ਦੇ ਪੁਰਬ 'ਤੇ ਬੜੀ ਵੱਡੀ ਸੰਖਿਆ 'ਚ ਸਿੱਖ ਸ਼ਰਧਾਲੂ ਕੀਰਤਪੁਰ ਸਾਹਿਬ ਵਿਖੇ ਇਕੱਤਰ ਹੋਏ। ਵਿਸਾਖੀ ਦਾ ਇਹ ਪੁਰਬ ਕੋਈ ਤਿੰਨ ਦਿਨਾਂ ਤੱਕ ਚੱਲਿਆ। ਇਸ ਮੇਲੇ ਦਾ ਸਾਰਾ ਪ੍ਰਬੰਧ, ਸਿੱਖ ਸ਼ਰਧਾਲੂਆਂ ਦੀ ਦੇਖ-ਭਾਲ ਦਾ ਸਾਰਾ ਪ੍ਰਬੰਧ ਸ੍ਰੀ ਹਰਿ ਕ੍ਰਿਸ਼ਨ ਜੀ ਦੀ ਦਾਦੀ, ਮਾਤਾ ਬੱਸੀ ਜੀ ਤੇ ਗੁਰੂ ਸਾਹਿਬ ਦੇ ਮਾਤਾ ਜੀ, ਮਾਤਾ ਸੁਲੱਖਣੀ ਜੀ ਨੇ ਕੀਤਾ। ਸਿਆਲਕੋਟ ਜ਼ਿਲ੍ਹੇ ਦੀ ਸੰਗਤ 'ਚ, ਪਸਰੂਰ ਤੋਂ ਇਕ ਸ਼ਰਧਾਲੂ ਜਿਸ ਦਾ ਨਾਂ ਪੀਰ ਮੱਲ ਸੀ ਜੋ ਆਪਣੇ ਪਰਿਵਾਰ ਸਮੇਤ ਆਇਆ ਹੋਇਆ ਸੀ। ਉਸਦਾ ਪੁੱਤਰ ਖੇਮ ਕਰਨ ਬੜਾ ਹੋਣਹਾਰ ਨੌਜਵਾਨ ਸੀ। ਮਾਤਾ ਬੱਸੀ ਨੇ ਆਪਣੀ ਪੋਤਰੀ ਬੀਬੀ ਰੂਪ ਕੌਰ ਦੀ ਮੰਗਣੀ ਉਸ ਨਾਲ ਕਰ ਦਿੱਤੀ ਤੇ ਫਿਰ ਉਹਨਾਂ ਦੀ ਸ਼ਾਦੀ 3 ਦਸੰਬਰ, 1662 ਨੂੰ ਕਰ ਦਿੱਤੀ। 'ਗੁਰੂ ਕੀਆਂ ਸਾਖੀਆਂ' ਅਨੁਸਾਰ ਮਾਤਾ ਬੱਸੀ ਜੀ ਨੇ ਉਹਨਾਂ ਨੂੰ ਕਈ ਤੋਹਫ਼ੇ ਦਿੱਤੇ ਤੇ ਉਹਨਾਂ 'ਚ ਗੁਰੂ ਹਰਿਰਾਏ ਜੀ ਵੱਲੋਂ ਲਿਖੀਆਂ ਕਥਾਵਾਂ ਦੀ ਪੋਥੀ ਤੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਕਟਾਰ ਵੀ ਦਿੱਤੀ।

ਗੁਰੂ ਹਰਿਕ੍ਰਿਸ਼ਨ ਜੀ ਆਪਣੇ ਕੁਝ ਸ਼ਰਧਾਲੂਆਂ ਸਮੇਤ ਦਿੱਲੀ ਲਈ ਰਵਾਨਾ ਹੋ ਗਏ। ਬਾਦਸ਼ਾਹ ਔਰੰਗਜ਼ੇਬ ਗੁਰੂ ਹਰਿਕ੍ਰਿਸ਼ਨ ਜੀ ਦੀ, ਦਿਨ ਪ੍ਰਤੀ ਦਿਨ ਵਧਦੀ ਪ੍ਰਸਿੱਧਤਾ ਤੋਂ ਖੁਸ਼ ਨਹੀਂ ਸੀ। ਔਰੰਗਜ਼ੇਬ ਨੇ ਹੁਕਮ ਦਿੱਤਾ ਕਿ ਗੁਰੂ ਜੀ ਖੁਦ ਉਨ੍ਹਾਂ ਦੇ ਦਰਬਾਰ 'ਚ ਦਿੱਲੀ ਵਿਖੇ ਪੇਸ਼ ਹੋਣ ਜਿਵੇਂ ਕਿ ਬਾਦਸ਼ਾਹ ਨੇ ਗੁਰੂ ਹਰਿਕ੍ਰਿਸ਼ਨ ਜੀ ਦੇ ਪਿਤਾ ਗੁਰੂ ਹਰਿਰਾਏ ਜੀ ਨਾਲ ਕੀਤਾ ਸੀ। ਗੁਰੂ ਹਰਿਰਾਏ ਜੀ ਨੇ ਆਪ ਦਿੱਲੀ ਬਾਦਸ਼ਾਹ ਦੇ ਦਰਬਾਰ 'ਚ ਜਾਣ ਦੀ ਬਜਾਏ ਆਪਣੇ ਵੱਡੇ ਪੁੱਤਰ ਸ੍ਰੀ ਰਾਮ ਰਾਏ ਜੀ ਨੂੰ ਬਾਦਸ਼ਾਹ ਦੇ ਦਰਬਾਰ 'ਚ ਭੇਜ ਦਿੱਤਾ ਸੀ।

ਗੁਰੂ ਹਰਿਰਾਏ ਜੀ ਦੀ ਮੌਤ ਤੋਂ ਪਹਿਲਾਂ ਉਨ੍ਹਾਂ ਨੇ ਆਪਣੇ ਵੱਡੇ ਪੁੱਤਰ ਰਾਮ ਰਾਏ ਜੀ ਨੂੰ ਇਹ ਦੱਸ ਦਿੱਤਾ ਸੀ ਕਿ ਉਹ ਅੱਗੋਂ ਤੋਂ ਕਦੀ ਵੀ ਬਾਦਸ਼ਾਹ ਔਰੰਗਜ਼ੇਬ ਨੂੰ ਨਾ ਮਿਲਣ, ਕਿਉਂਕਿ ਉਹ ਰਾਮ ਰਾਏ ਜੀ ਨੂੰ ਗੁਰਗੱਦੀ ਦੇ ਵਾਰਸ ਬਣਾਉਣਾ ਚਾਹੁੰਦਾ ਸੀ ਕਿਉਂਕਿ ਉਸ ਦੀ ਮੁਗਲਾਂ ਨਾਲ ਸਾਂਠ-ਗਾਂਠ ਸੀ। ਅੰਬੇਰ ਦੇ ਰਾਜਾ ਜੈ ਸਿੰਘ ਦਾ ਇਕ ਨੌਕਰ ਬਾਦਸ਼ਾਹ ਦੇ ਆਦੇਸ਼ ਮੁਤਾਬਕ ਗੁਰੂ ਜੀ ਦੇ ਦਰਬਾਰ 'ਚ ਹਾਜ਼ਰ ਕਰਵਾਉਣ ਲਈ ਗਿਆ। ਗੁਰੂ ਹਰਿਕ੍ਰਿਸ਼ਨ ਜੀ ਨੇ ਆਪਣੇ ਕੁਝ ਪ੍ਰਮੁੱਖ ਸਿੱਖਾਂ ਨਾਲ ਸਲਾਹ-ਮਸ਼ਵਰਾ ਕਰਨ ਲਈ, ਇਕ ਸਭਾ ਬੁਲਾਈ ਤੇ ਉਨ੍ਹਾਂ ਨੂੰ ਆਪਣੀ ਜੱਫੀ 'ਚ ਲਿਆ ਤੇ ਕਿਹਾ ਕਿ, "ਅਸੀਂ ਤਾਂ ਉਸ ਪ੍ਰਮਾਤਮਾ ਦੇ ਵਫ਼ਾਦਾਰ ਸੇਵਕ ਹਾਂ ਤੇ ਉਹ ਪ੍ਰਮਾਤਮਾ ਹੀ ਜਾਣਦਾ ਹੈ ਕਿ ਅੱਗੇ ਕੀ ਹੋਵੇਗਾ।" ਗੁਰੂ ਹਰਿਕ੍ਰਿਸ਼ਨ ਜੀ ਨੇ ਫੈਸਲਾ ਕਰ ਲਿਆ ਕਿ ਉਹ ਬਾਦਸ਼ਾਹ ਦੇ ਭੇਜੇ ਹੋਏ ਦੂਤ ਨਾਲ ਦਿੱਲੀ ਲਈ ਚੱਲ ਪੈਣਗੇ। ਦਿੱਲੀ ਨੂੰ ਜਾਂਦੇ ਸਮੇਂ ਗੁਰੂ ਸਾਹਿਬ ਬਰਾਸਤਾ ਰੋਪੜ, ਬਨੂੜ ਤੇ ਅੰਬਾਲਾ ਦੇ ਰਸਤੇ ਹੁੰਦੇ ਹੋਏ ਤੇ ਆਪਣੇ ਬਹੁਤ ਵੱਡੀ ਗਿਣਤੀ 'ਚ ਇਕੱਠੇ ਹੋਏ ਸ਼ਰਧਾਲੂਆਂ ਨੂੰ, ਜੋ ਕਿ ਆਪਣੇ ਨਵੇਂ ਗੁਰੂ ਨੂੰ ਮਿਲਣਾ ਚਾਹੁੰਦੇ ਸਨ, ਮਿਲਦੇ ਹੋਏ ਤੇ ਪੜਾਅ ਕਰਦੇ ਹੋਏ ਦਿੱਲੀ ਵੱਲ ਵਧਦੇ ਗਏ।



ਜਦੋਂ ਗੁਰੂ ਜੀ ਪੰਜੋਖਾਰਾ ਦੇ ਕੋਲ ਪਹੁੰਚੇ ਤਾਂ ਇਕ ਸਿੱਖ ਸ਼ਰਧਾਲੂ ਬੜੀ ਨਿਮਰਤਾ ਨਾਲ ਬੋਲਿਆ ਕਿ ਸੰਗਤ ਗੁਰੂ ਜੀ ਦੇ ਦਰਸ਼ਨਾਂ ਲਈ ਪਿਸ਼ਾਵਰ, ਕਾਬਲ ਤੇ ਕਸ਼ਮੀਰ ਤੋਂ ਵੀ ਆ ਰਹੀ ਹੈ। ਉਸਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਹ ਇਕ ਦਿਨ ਲਈ ਇੱਥੇ ਹੋਰ ਰੁਕਣ ਤਾਂ ਕਿ ਉਹ ਸੰਗਤ ਆਪ ਜੀ ਦੇ ਦਰਸ਼ਨ ਕਰ ਸਕੇ। ਗੁਰੂ ਜੀ ਉਸ ਪਿੰਡ 'ਚ ਰੁਕਣ ਲਈ ਮੰਨ ਗਏ। ਉਸ ਪਿੰਡ 'ਚ ਇਕ ਪੰਡਿਤ ਲਾਲ ਚੰਦ ਨਾਂ ਦਾ ਬੰਦਾ ਰਹਿੰਦਾ ਸੀ ਤੇ ਉਸ ਨੂੰ ਆਪਣੀ ਉੱਚੀ ਜਾਤ ਦਾ ਬੜਾ ਘੁਮੰਡ ਸੀ ਤੇ ਉਹ ਆਪਣੇ ਆਪ ਨੂੰ ਬਹੁਤ ਗਿਆਨਵਾਨ ਸਮਝਦਾ ਸੀ। ਉਹ ਗੁਰੂ ਸਾਹਿਬ ਨੂੰ ਦੇਖਣ ਲਈ ਆਇਆ ਤੇ ਗੁਰੂ ਜੀ ਨੂੰ ਬੜੇ ਮਖੌਲ ਨਾਲ ਬੋਲਿਆ, "ਇਹ ਕਿਹਾ ਜਾਂਦਾ ਹੈ ਕਿ ਤੁਸੀਂ ਗੁਰੂ ਨਾਨਕ ਦੇਵ ਜੀ ਦੀ ਗੱਦੀ 'ਤੇ ਬੈਠੇ ਹੋ ਤੇ ਤੁਸੀਂ ਪੁਰਾਣੇ ਧਾਰਮਿਕ ਗ੍ਰੰਥਾਂ ਬਾਰੇ ਕੀ ਜਾਣਦੇ ਹੋ? ਭਾਈ ਛੱਜੂ ਰਾਮ ਜਿਹੜਾ ਕਿ ਇਕ ਅਨਪੜ੍ਹ ਆਦਮੀ ਸੀ ਤੇ ਪਿੰਡ 'ਚ ਲੋਕਾਂ ਦੇ ਘਰਾਂ 'ਚ ਪਾਣੀ ਭਰਨ ਦਾ ਕੰਮ ਕਰਦਾ ਸੀ ਤੇ ਉਹ ਇਕ ਪੱਛੜੇ ਹੋਏ ਵਰਗ ਨਾਲ ਸਬੰਧ ਰੱਖਦਾ ਸੀ ਤੇ ਇਸ ਵਰਗ ਦੇ ਲੋਕਾਂ ਨੂੰ ਵੇਦਾਂ ਦੇ ਪੜ੍ਹਨ ਤੇ ਇਹਨਾਂ ਬਾਰੇ ਕੋਈ ਗੱਲ ਕਰਨ ਦੀ ਮਨਾਹੀ ਸੀ, ਉਹ ਕੋਲ ਦੀ ਲੰਘ ਰਿਹਾ ਸੀ। ਗੁਰੂ ਜੀ ਨੇ ਆਪਣੇ ਪਾਸ ਬੈਠੇ ਦੁਰਗਾ ਮੱਲ ਨੂੰ ਕਿਹਾ ਕਿ ਇਸ ਪਾਣੀ ਢੋਣ ਵਾਲੇ ਬੰਦੇ ਨੂੰ ਮੇਰੇ ਪਾਸ ਬੁਲਾਓ।

ਭਾਈ ਛੱਜੂ ਰਾਮ ਗੁਰੂ ਜੀ ਪਾਸ ਆਇਆ ਤੇ ਉਸ ਨੂੰ ਪੁੱਛਿਆ ਕਿ ਤੁਸੀਂ ਇਸ ਪੰਡਤ ਨੂੰ 'ਭਗਵਤ ਗੀਤਾ' ਬਾਰੇ ਸੰਖੇਪ 'ਚ ਜਾਣਕਾਰੀ ਦੇ ਸਕਦੇ ਹੋ? ਉਸ ਅਨਪੜ੍ਹ ਪੇਂਡੂ ਬੰਦੇ ਨੇ ਪਵਿੱਤਰ ਭਗਵਤ ਗੀਤਾ ਦਾ ਸਾਰ ਸੁਣਾ ਕੇ ਸਭ ਨੂੰ ਹੈਰਾਨ ਕਰ ਦਿੱਤਾ। ਪੰਡਤ ਦਾ ਉਸ ਬੰਦੇ ਕੋਲੋਂ ਭਗਵਤ ਗੀਤਾ ਦਾ ਸਾਰ ਸੁਣ ਕੇ ਘੁਮੰਡ ਟੁੱਟ ਗਿਆ। ਪੰਡਤ ਨੇ ਬੜੀ ਸ਼ਰਧਾ ਤੇ ਨਿਮਰਤਾ ਨਾਲ ਗੁਰੂ ਜੀ ਦੇ ਪੈਰਾ ਨੂੰ ਹੱਥ ਲਾਇਆ। ਉਹ ਦੋਵੇਂ ਬੰਦੇ ਗੁਰੂ ਜੀ ਦੇ ਸ਼ਰਧਾਲੂ ਬਣ ਗਏ ਤੇ ਗੁਰੂ ਜੀ ਨਾਲ ਕੁਰੂਕਸ਼ੇਤਰ ਤੱਕ ਗਏ। ਪੰਡਤ ਲਾਲ ਚੰਦ ਦਸਮ ਗੁਰੂ ਜੀ ਤੋਂ ਦੀਖਿਆ ਲੈ ਕੇ ਲਾਲ ਸਿੰਘ ਬਣ ਗਿਆ ਤੇ ਇਹ ਲਾਲ ਸਿੰਘ ਉਹ ਸਿੱਖ ਹੈ, ਜਿਸਨੇ ਗੁਰੂ ਗੋਬਿੰਦ ਸਿੰਘ ਜੀ ਨਾਲ ਮਿਲ ਕੇ ਮਿਤੀ 7 ਦਸੰਬਰ 1705 ਨੂੰ ਚਮਕੌਰ ਸਾਹਿਬ ਦੀ ਮੁਗਲਾਂ ਦੇ ਵਿਰੁੱਧ ਲੜਾਈ ਲੜੀ ਤੇ ਮੈਦਾਨੇ ਜੰਗ 'ਚ ਸ਼ਹੀਦ ਹੋ ਗਿਆ। ਇਸ ਤਰ੍ਹਾਂ ਗੁਰੂ ਜੀ ਆਪਣੀ ਦਿੱਲੀ ਯਾਤਰਾ ਦੌਰਾਨ ਕਈ ਥਾਂਵਾਂ 'ਤੇ ਰੁਕਦੇ ਹੋਏ ਤੇ ਆਪਣੇ ਸਿੱਖ ਸ਼ਰਧਾਲੂਆਂ ਨੂੰ ਸਿੱਖ ਧਰਮ ਦੀਆਂ ਸਿੱਖਿਆਵਾਂ ਦਿੰਦੇ ਹੋਏ ਦਿੱਲੀ ਪਹੁੰਚ ਗਏ। ਦਿੱਲੀ ਪਹੁੰਚਦਿਆਂ ਹੀ ਉਹਨਾਂ ਦਾ ਮਿਰਜ਼ਾ ਰਾਜਾ ਜੈ ਸਿੰਘ ਤੇ ਦਿੱਲੀ ਦੀ ਸਿੱਖ ਸੰਗਤ ਨੇ ਬੜਾ ਨਿੱਘਾ ਸਵਾਗਤ ਕੀਤਾ। ਦਿੱਲੀ ਵਿਖੇ ਗੁਰੂ ਜੀ ਰਾਜਾ ਜੈ ਸਿੰਘ ਦੇ ਮਹੱਲ 'ਚ ਰੁਕੇ। ਉਥੇ ਸਿੱਖ ਸੰਗਤਾਂ ਤੇ ਉਹਨਾਂ ਦੇ ਸ਼ਰਧਾਲੂ ਬੜੀ ਵੱਡੀ ਗਿਣਤੀ 'ਚ ਗੁਰੂ ਹਰਿਕ੍ਰਿਸ਼ਨ ਜੀ ਦੇ ਦਰਸ਼ਨਾਂ ਲਈ ਪਹੁੰਚੇ। ਕਈ ਇਤਿਹਾਸਕਾਰ ਲਿਖਦੇ ਹਨ ਕਿ ਸ਼ਹਿਜ਼ਾਦਾ ਮੁਜ਼ਾਮ ਵੀ ਗੁਰੂ ਸਾਹਿਬ ਦੇ ਦਰਸ਼ਨ ਕਰਨ ਤੇ ਉਹਨਾਂ ਨਾਲ ਨੇੜਤਾ ਰੱਖਣ ਲਈ ਆਇਆ।

ਦਿੱਲੀ ਵਿਖੇ ਆਪਣੇ ਠਹਿਰਾਅ ਦੌਰਾਨ ਗੁਰੂ ਜੀ ਰਾਜਾ ਜੈ ਸਿੰਘ ਦੇ ਮਹੱਲ 'ਚ ਰਹੇ ਤੇ ਬਾਅਦ 'ਚ ਇਸ ਜਗ੍ਹਾ ਤੇ ਗੁਰਦੁਆਰਾ ਬਣਾ ਦਿੱਤਾ ਗਿਆ, ਜਿਸ ਨੂੰ ਅੱਜਕਲ੍ਹ 'ਗੁਰਦੁਆਰਾ ਬੰਗਲਾ ਸਾਹਿਬ' ਕਿਹਾ ਜਾਂਦਾ ਹੈ। ਇਹ ਮਹੱਲ ਉਨ੍ਹਾਂ ਦਿਨਾਂ 'ਚ ਬੜਾ ਸ਼ਾਨਦਾਰ ਤੇ ਖੁੱਲ੍ਹਾ-ਡੁੱਲ੍ਹਾ ਸੀ ਤੇ ਇਸ 'ਚ ਗਰਮੀ ਤੇ ਸਰਦੀਆਂ ਦੀਆਂ ਸਾਰੀਆਂ ਸਹੂਲਤਾਂ ਪ੍ਰਾਪਤ ਸਨ। ਦਿੱਲੀ ਦੀ ਸਿੱਖ ਸੰਗਤ ਟੋਲਿਆਂ ਦੇ ਰੂਪ 'ਚ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਉਂਦੇ ਰਹੇ। ਉਹ ਭਜਨ-ਬੰਦਗੀ ਤੇ ਗੁਰਬਾਣੀ ਦਾ ਗਾਇਨ ਕਰਦੇ ਹੋਏ ਆਉਂਦੇ ਤੇ ਗੁਰੂ ਸਾਹਿਬ ਨੂੰ ਕਈ ਤਰ੍ਹਾਂ ਦੇ ਨਜ਼ਰਾਨੇ ਵੀ ਭੇਂਟ ਕਰਦੇ ਸਨ। 'ਗੁਰੂ ਕੀਆਂ ਸਾਖੀਆਂ' 'ਚ ਇਹ ਵਰਣਨ ਆਉਂਦਾ ਹੈ ਕਿ ਗੁਰੂ ਹਰ ਕ੍ਰਿਸ਼ਨ ਜੀ ਬਾਦਸ਼ਾਹ ਔਰੰਗਜ਼ੇਬ ਦੇ ਦਰਬਾਰ 'ਚ ਚੇਤ ਸੁਦੀ ਨੌਵੀਂ, 1721 ਬਿਕਰਮੀ ਮੁਤਾਬਕ ਮਾਰਚ 25, 1664 ਈਸਵੀ ਨੂੰ ਪੇਸ਼ ਹੋਏ।

'ਮਹਿਮਾ ਪ੍ਰਕਾਸ਼' 'ਚ ਇਹ ਵਰਣਨ ਵੀ ਆਉਂਦਾ ਹੈ ਕਿ ਬਾਦਸ਼ਾਹ ਔਰੰਗਜ਼ੇਬ ਨੇ ਗੁਰੂ ਸਾਹਿਬ ਦੀ ਪ੍ਰੀਖਿਆ ਲੈਣ ਲਈ ਦੋ ਵੱਡੇ ਥਾਲ਼ਾਂ ਦਾ ਪ੍ਰਬੰਧ ਕੀਤਾ, ਇਕ ਥਾਲ਼ 'ਚ ਸੋਨੇ ਚਾਂਦੀ ਦੇ ਗਹਿਣੇ, ਕੀਮਤੀ ਕੱਪੜੇ ਤੇ ਖਿਡਾਉਣਿਆਂ ਨਾਲ ਭਰਿਆ ਹੋਇਆ ਸੀ ਤੇ ਦੂਸਰੇ ਥਾਲ਼ 'ਚ ਬਹੁਤ ਕੀਮਤੀ ਚੋਲ਼ੇ (ਧਾਰਮਿਕ ਲਿਬਾਸ) ਤੇ ਸਿਰ 'ਤੇ ਪਹਿਨਣ ਲਈ ਬਹੁਤ ਕੀਮਤੀ ਪਗੜੀ ਨੁਮਾ ਧਾਰਮਿਕ ਚਿੰਨ੍ਹ ਪਾਏ ਹੋਏ ਸਨ। ਇਹ ਦੋਵੇਂ ਥਾਲ਼ ਗੁਰੂ ਜੀ ਨੂੰ ਤੋਹਫ਼ੇ ਦੇ ਤੌਰ 'ਤੇ ਭੇਂਟ ਕੀਤੇ ਗਏ। ਗੁਰੂ ਜੀ ਨੇ ਗਹਿਣਿਆਂ ਤੇ ਕੀਮਤੀ ਬਸਤਰ ਨਾਲ ਭਰੇ ਹੋਏ ਥਾਲ਼ ਨੂੰ ਲੈਣ ਤੋਂ ਇਨਕਾਰ ਕਰ ਦਿੱਤਾ ਤੇ ਸਿਰਫ਼ ਦੂਸਰੇ ਥਾਲ਼ ਨੂੰ ਹੀ ਤੋਹਫ਼ੇ ਵਜੋਂ ਸਵੀਕਾਰ ਕੀਤਾ। ਬਾਦਸ਼ਾਹ ਔਰੰਗਜ਼ੇਬ ਗੁਰੂ ਜੀ ਦੇ ਪਵਿੱਤਰ ਧਾਰਮਿਕ ਚਿੰਨ੍ਹਾਂ ਨੂੰ ਸਵੀਕਾਰ ਕਰਨ 'ਤੇ ਬਹੁਤ ਖੁਸ਼ ਹੋਇਆ। ਉਹਨਾਂ ਨੇ ਸੋਚਿਆ ਕਿ ਗੁਰੂ ਜੀ ਨੂੰ ਦੁਬਾਰਾ ਫਿਰ ਦਰਬਾਰ 'ਚ ਕੋਈ ਚਮਤਕਾਰ ਕਰਨ ਲਈ ਬੁਲਾਇਆ ਜਾਵੇ। ਗੁਰੂ ਹਰਿਕ੍ਰਿਸ਼ਨ ਜੀ ਸਮਝ ਗਏ ਕਿ ਬਾਦਸ਼ਾਹ ਦੇ ਮਨ 'ਚ ਕੀ ਚੱਲ ਰਿਹਾ ਹੈ। ਗੁਰੂ ਜੀ ਨੇ ਆਪਣੇ ਮਨ 'ਚ ਫੈਸਲਾ ਕਰ ਲਿਆ ਕਿ ਉਹ ਦੁਬਾਰਾ ਬਾਦਸ਼ਾਹ ਦੇ ਦਰਬਾਰ 'ਚ ਉਸ ਦੀ ਸੂਰਤ ਦੇਖਣ ਲਈ ਨਹੀਂ ਆਉਣਗੇ। ਗੁਰੂ ਜੀ ਨੂੰ ਪਤਾ ਸੀ ਕਿ ਸਿੱਖ ਧਰਮ ਤਾਂ ਕਰਾਮਾਤਾਂ 'ਚ ਵਿਸ਼ਵਾਸ ਨਹੀਂ ਕਰਦਾ। ਕਰਾਮਾਤ ਕਰਨਾ ਕੁਦਰਤ ਦੇ ਨਿਯਮਾਂ ਦੇ ਖ਼ਿਲਾਫ਼ ਹੈ। ਗੁਰੂ ਹਰਿਕ੍ਰਿਸ਼ਨ ਜੀ ਜਾਣਦੇ ਸਨ ਕਿ ਉਹਨਾਂ ਦੇ ਪਿਤਾ ਜੀ ਨੇ ਉਹਨਾਂ ਦੇ ਵੱਡੇ ਭਰਾ ਰਾਮ ਰਾਏ ਜੀ ਨੂੰ ਕਿਵੇਂ ਸਜ਼ਾ ਦਿੱਤੀ ਸੀ ਕਿਉਂਕਿ ਉਸ ਨੇ ਔਰੰਗਜ਼ੇਬ ਦੇ ਦਰਬਾਰ 'ਚ ਕਈ ਤਾਂਤਰਿਕ ਕਾਰਨਾਮੇ ਕਰਕੇ ਦਿਖਾਏ ਸਨ।

ਰਾਜਾ ਜੈ ਸਿੰਘ ਨੂੰ ਬਹੁਤ ਲੋਕਾਂ ਨੇ ਕਿਹਾ ਕਿ ਗੁਰੂ ਜੀ ਦੀ ਲਿਆਕਤ ਨੂੰ ਪਰਖਿਆ ਜਾਵੇ ਕਿਉਂਕਿ ਉਹਨਾਂ ਦੀ ਬਾਲ ਉਮਰ ਸੀ ਤੇ ਲੋਕ ਸਮਝਦੇ ਸਨ ਕਿ ਸ਼ਾਇਦ ਗੁਰੂ ਜੀ 'ਚ ਲਿਆਕਤ ਦੀ ਘਾਟ ਹੈ। ਰਾਜਾ ਜੈ ਸਿੰਘ ਨੇ ਗੁਰੂ ਜੀ ਨੂੰ ਕਿਹਾ ਕਿ ਤੁਸੀਂ ਪਛਾਨਣਾ ਹੋਵੇਗਾ ਕਿ ਇਹਨਾਂ ਸਾਰੀਆਂ ਸੋਹਣੀਆਂ ਔਰਤਾਂ 'ਚੋਂ ਅਸਲ ਰਾਣੀ ਕਿਹੜੀ ਹੈ। ਇਨ੍ਹਾਂ ਸਭ ਔਰਤਾਂ ਦੇ ਬੜੇ ਸੋਹਣੇ, ਇਕੋ ਜਿਹੇ ਕੱਪੜੇ ਪਾਏ ਹੋਏ ਸਨ ਤੇ ਉਹ ਗੁਰੂ ਜੀ ਦੇ ਇਰਦ-ਗਿਰਦ ਹੀ ਬੈਠੀਆਂ ਸਨ। ਗੁਰੂ ਜੀ ਨੇ ਬੜੀ ਸਮਝਦਾਰੀ ਨਾਲ ਆਪਣੇ, ਘਰੇਲੂ ਨੌਕਰਾਣੀ ਦਾ ਬੜਾ ਸਾਦਾ ਪਹਿਰਾਵਾ ਪਾਇਆ ਤੇ ਉਹ ਅਸਲੀ ਰਾਣੀ ਦੀ ਗੋਦ 'ਚ ਜਾ ਕੇ ਬੈਠ ਗਏ। ਜਿਸ ਔਰਤ ਦੀ ਗੋਦ 'ਚ ਉਹ ਬੈਠੇ, ਉਹ ਹੀ ਅਸਲੀ ਰਾਣੀ ਸੀ। ਗੁਰੂ ਹਰਿਕ੍ਰਿਸ਼ਨ ਜੀ ਬਾਲ ਗੁਰੂ ਸਨ। ਛੋਟੀ ਉਮਰ ਕਾਰਨ ਉਹਨਾਂ ਦੇ ਵਿਰੋਧੀ ਇਹ ਸਮਝਦੇ ਸਨ ਕਿ ਉਹਨਾਂ ਦੀ ਛੋਟੀ ਉਮਰ ਹੋਣ ਕਾਰਨ ਉਹਨਾਂ 'ਚ ਬਹੁਤੀ ਲਿਆਕਤ ਨਹੀਂ ਹੈ। ਇਸ ਕਾਰਨ ਉਹਨਾਂ ਦੀ ਜੀਵਨੀ 'ਚ ਕਈ ਅਜਿਹੀਆਂ ਕਹਾਣੀਆਂ ਜੁੜੀਆਂ ਹੋਈਆਂ ਹਨ ਪਰ ਉਹ ਹਰ ਵਾਰ ਇਸ ਤਰ੍ਹਾਂ ਦੀਆਂ ਪਰੀਖਿਆਵਾਂ 'ਚ ਪੂਰੇ ਖਰੇ ਉੱਤਰਦੇ ਰਹੇ ਤੇ ਆਪਣੇ ਵਿਰੋਧੀਆਂ ਨੂੰ ਮਾਤ ਦਿੰਦੇ ਰਹੇ।

ਇਕ ਵਾਰ ਰਾਣੀ ਨੇ ਵਿਉਂਤ ਬਣਾਈ ਰਾਜਾ ਜੈ ਸਿੰਘ ਨੂੰ ਕਿਹਾ ਕਿ ਉਹ ਗੁਰੂ ਜੀ ਨੂੰ ਰਾਣੀਆਂ ਦੇ ਮਹਿਲ 'ਚ ਲਿਆਉਣ, ਕਿਉਂਕਿ ਉਹ ਆਪ ਉਨ੍ਹਾਂ ਦੀ ਲਿਆਕਤ ਦਾ ਟੈਸਟ ਲੈਣਾ ਚਾਹੁੰਦੀ ਹੈ। ਗੁਰੂ ਜੀ ਨੇ ਰਾਜਾ ਜੈ ਸਿੰਘ ਜੀ ਦੇ ਸੱਦਾ ਪੱਤਰ ਨੂੰ ਸਵੀਕਾਰ ਕਰ ਲਿਆ। ਰਾਣੀ ਦੇ ਮਹਿਲ ਦੀ ਡਿਓੜੀ 'ਚ ਗੁਰੂ ਜੀ ਦਾ ਸਵਾਗਤ ਕਰਨ ਲਈ ਰਾਜੇ ਦੇ ਨੌਕਰਾਂ ਨੂੰ ਖੜ੍ਹੇ ਕੀਤਾ ਗਿਆ ਤੇ ਉਹਨਾਂ ਨੌਕਰਾਂ ਨੇ ਗੁਰੂ ਜੀ ਦਾ ਬਣਦਾ ਪੂਰਾ ਸਤਿਕਾਰ ਕੀਤਾ ਤੇ ਜਦੋਂ ਗੁਰੂ ਜੀ ਮਹਿਲ ਦੇ ਅੰਦਰ ਹੋਰ ਅੱਗੇ ਗਏ ਤਾਂ ਬਹੁਤ ਸੁੰਦਰ-ਸੁੰਦਰ ਇਸਤਰੀਆਂ ਸੋਹਣੇ-ਸੋਹਣੇ ਕੱਪੜੇ ਪਾ ਕੇ, ਹਾਰ ਸ਼ਿੰਗਾਰ ਲਾ ਕੇ ਖੜ੍ਹੀਆਂ ਸਨ ਤੇ ਉਹਨਾਂ ਨੇ ਗੁਰੂ ਜੀ ਦਾ ਪੂਰਾ ਆਦਰ-ਸਤਿਕਾਰ ਕੀਤਾ। ਗੁਰੂ ਜੀ ਉਹਨਾਂ ਸਭ ਦਾ ਸਤਿਕਾਰ ਲੈਂਦੇ ਹੋਏ ਅੱਗੇ ਚਲਦੇ ਰਹੇ ਤਾਂ ਉਹ ਇਕ ਘਰ ਦੇ ਬਣੇ ਹੋਏ ਸਧਾਰਨ ਕੱਪੜੇ ਪਹਿਨੀ ਇਕ ਔਰਤ ਪਾਸ ਪਹੁੰਚੇ ਤਾਂ ਉਥੇ ਗੁਰੂ ਜੀ ਰੁਕ ਗਏ ਤੇ ਕਿਹਾ ਕਿ, "ਤੁਸੀਂ ਹੀ ਅਸਲ ਰਾਣੀ ਹੋ ਤੇ ਤੁਸੀਂ ਇਸ ਤਰ੍ਹਾਂ ਦੇ ਸਧਾਰਨ ਜਿਹੇ, ਘਰ ਦੇ ਬੁਣੇ ਹੋਏ ਕੱਪੜੇ ਦਾ ਪਹਿਰਾਵਾ ਕਿਉਂ ਪਾਇਆ ਹੋਇਆ ਹੈ? ਰਾਣੀ ਨੇ ਬੜੇ ਸਤਿਕਾਰ ਨਾਲ ਆਪਣਾ ਸਿਰ ਝੁਕਾਇਆ। ਥੋੜ੍ਹੇ ਹੀ ਸਮੇਂ 'ਚ ਗੁਰੂ ਹਰਿਕ੍ਰਿਸ਼ਨ ਜੀ ਨੇ ਆਪਣੀ ਸਿਆਣਪਤ ਤੇ ਗੁਰਬਾਣੀ ਦੀ ਵਿਆਖਿਆ ਕਰਨ ਨਾਲ ਲੋਕਾਂ ਨੂੰ ਪ੍ਰਭਾਵਿਤ ਕਰ ਲਿਆ ਤੇ ਦਿੱਲੀ 'ਚ ਉਹਨਾਂ ਦੇ ਸ਼ਰਧਾਲੂਆਂ ਦੀ ਵੱਡੀ ਗਿਣਤੀ ਬਣ ਗਈ।

ਜਦੋਂ ਗੁਰੂ ਹਰਿਕ੍ਰਿਸ਼ਨ ਜੀ ਅਜੇ ਦਿੱਲੀ 'ਚ ਹੀ ਸਨ ਤਾਂ ਉਹਨਾਂ ਦਿਨਾਂ 'ਚ ਉਥੇ ਛੂਤ ਦਾ ਭਿਆਨਕ ਤੇ ਮਹਾਂਮਾਰੀ ਰੋਗ ਚੇਚਕ ਤੇ ਹੈਜ਼ਾ ਫੈਲ ਗਿਆ। ਗੁਰੂ ਜੀ ਉਥੋਂ ਦੇ ਇਹਨਾਂ ਰੋਗਾਂ ਨਾਲ ਪੀੜਤ ਲੋਕਾਂ ਦੀ ਸੇਵਾ ਵਿਚ ਜੁਟ ਗਏ। ਉਹ ਬਿਮਾਰਾਂ ਦੀ ਹਰ ਤਰ੍ਹਾਂ ਨਾਲ ਮਦਦ ਕਰਦੇ ਸਨ। ਮਰੀਜ਼ਾਂ ਦੀ ਸੇਵਾ 'ਚ ਬਿਨਾਂ ਕੋਈ ਭਿੰਨ-ਭੇਦ ਕੀਤਿਆਂ ਕਰਦੇ ਸਨ। ਗੁਰੂ ਜੀ ਨੇ ਮੁਸਲਮਾਨ ਵਰਗ ਦੀ ਬਿਨਾਂ ਕੋਈ ਭੇਦ-ਭਾਵ ਕਰਦਿਆਂ ਮਾਨਵਤਾ ਦੇ ਆਧਾਰ 'ਤੇ ਬੜੀ ਸੇਵਾ ਕੀਤੀ। ਉਨ੍ਹਾਂ ਨੇ ਮੁਸਲਮਾਨ ਵਰਗ ਦੀ ਇੰਨੀ ਸੇਵਾ ਕੀਤੀ ਕਿ ਉਨ੍ਹਾਂ ਨੂੰ ਉਹ 'ਬਾਲਾ ਪੀਰ' ਦੇ ਨਾਮ ਨਾਲ ਪੁਕਾਰਨ ਲੱਗ ਪਏ। ਮੌਕੇ ਦੀ ਨਜ਼ਾਕਤ ਨੂੰ ਦੇਖਦਿਆਂ ਬਾਦਸ਼ਾਹ ਔਰੰਗਜ਼ੇਬ ਨੇ ਵੀ ਗੁਰੂ ਜੀ ਨੂੰ ਕਿਸੇ ਤਰ੍ਹਾਂ ਵੀ ਪ੍ਰੇਸ਼ਾਨ ਨਹੀਂ ਕੀਤਾ ਪਰ ਬਾਦਸ਼ਾਹ ਨੇ ਰਾਮ ਰਾਏ ਜੀ ਦੇ ਗੱਦੀ ਪ੍ਰਾਪਤ ਕਰਨ ਦੇ ਅਧਿਕਾਰ ਨੂੰ ਤਿਆਗਿਆ ਵੀ ਨਹੀਂ ਸੀ।

ਇਸ ਮਹਾਂਮਾਰੀ ਦੇ ਰੋਗਾਂ ਦੇ ਪੀੜਤਾਂ ਦੀ ਮਾਨਵਤਾ ਦੇ ਆਧਾਰ 'ਤੇ ਦਿਨ ਰਾਤ ਸੇਵਾ ਕਰਦਿਆਂ ਗੁਰੂ ਹਰਿਕ੍ਰਿਸ਼ਨ ਜੀ ਨੂੰ ਬੜਾ ਤੇਜ਼ ਬੁਖਾਰ ਹੋ ਗਿਆ ਤੇ ਉਹ ਚੇਚਕ ਦੀ ਬਿਮਾਰੀ ਨਾਲ ਬੁਰੀ ਤਰ੍ਹਾਂ ਘਿਰ ਗਏ ਤੇ ਇਸ ਰੋਗ ਨਾਲ ਬਿਸਤਰ ਤੇ ਕਈ ਦਿਨਾਂ ਤੱਕ ਲਈ ਲੇਟ ਗਏ ਤੇ ਉਹਨਾਂ ਦੇ ਸਾਰੇ ਸਰੀਰ ਤੇ ਚੇਚਕ ਦੀ ਬਿਮਾਰੀ ਦੇ ਜ਼ਖਮ ਹੋ ਗਏ। ਉਹਨਾਂ ਦੇ ਮਾਤਾ ਸੁਲੱਖਣੀ ਜੀ ਗੁਰੂ ਜੀ ਦੀ ਬਿਮਾਰੀ ਦੇਖ ਕੇ ਡੂੰਘੀ ਚਿੰਤਾ ਕਰਨ ਲੱਗੇ ਤੇ ਉਹਨਾਂ ਨੇ ਕਿਹਾ ਕਿ, "ਮੇਰੇ ਪਿਆਰੇ ਪੁੱਤਰ ਤੁਸੀਂ ਗੁਰੂ ਨਾਨਕ ਦੇਵ ਜੀ ਦੀ ਗੱਦੀ ਪ੍ਰਾਪਤ ਕੀਤੀ ਹੈ ਤੇ ਤੁਸੀਂ ਦੁਨੀਆਂ ਦੇ ਦੁੱਖ-ਤਕਲੀਫ਼ਾਂ ਦਾ ਦਾਰੂ ਬਣਦੇ ਹੋ, ਤੁਹਾਡੀ ਇਕੋ ਨਜ਼ਰ 'ਚ, ਲੋਕਾਂ ਦੇ ਦੁੱਖ-ਦਰਦ ਦੂਰ ਕਰ ਦਿੰਦੀ ਹੈ ਤੇ ਹੁਣ ਤੁਸੀਂ ਆਪ ਕਿਉਂ ਬਿਸਤਰ ਤੇ ਬਿਮਾਰੀ ਨਾਲ ਪਏ ਹੋ?

ਗੁਰੂ ਹਰਿਕ੍ਰਿਸ਼ਨ ਜੀ ਨੇ ਉੱਤਰ ਦਿੱਤਾ ਕਿ, "ਮਾਨਵੀ ਸਰੀਰ ਦੀ ਬਣਤਰ ਹੀ ਅਜਿਹੀ ਹੈ ਕਿ ਇਸ ਨੂੰ ਬੁਖਾਰ ਤੇ ਬਿਮਾਰੀ ਕਿਸੇ ਵੇਲੇ ਵੀ ਆ ਸਕਦੀ ਹੈ। ਦੁੱਖ ਅਤੇ ਸੁੱਖ ਦੋਵੇਂ ਜੀਵਨ ਦੇ ਭਾਗ ਹਨ ਜੋ ਉਪਰ ਵਾਲਾ ਦਿੰਦਾ ਹੈ ਤੇ ਉਹ ਮਨੁੱਖ ਨਾਲ ਜ਼ਰੂਰ ਵਾਪਰਦਾ ਹੈ। ਇਹੀ ਗੁਰੂ ਨਾਨਕ ਸਾਹਿਬ ਨੇ ਵੀ ਮਨੁੱਖ ਨੂੰ ਸਿੱਖਿਆ ਦਿੱਤੀ ਹੈ। ਮਨੁੱਖ ਨਾਲ ਜੋ ਵੀ ਵਾਪਰਦਾ ਹੈ, ਉਪਰ ਵਾਲੇ ਦਾ ਹੁਕਮ ਹੀ ਹੁੰਦਾ ਹੈ। ਹਰ ਇਨਸਾਨ ਨੂੰ ਉਸ ਪ੍ਰਮਾਤਮਾ ਦਾ ਭਾਣਾ ਮੰਨਣਾ ਪੈਂਦਾ ਹੈ।"

ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਖੁਦ ਮਿਰਜ਼ਾ ਰਾਜਾ ਜੈ ਸਿੰਘ ਜੀ ਦਾ ਘਰ ਛੱਡ ਕੇ ਜਮਨਾ ਦਰਿਆ ਕਿਨਾਰੇ ਲੱਗੇ ਰੋਗੀਆਂ ਦੇ ਕੈਂਪ 'ਚ ਜਾਣਾ ਪਿਆ। ਸਿੱਖ ਸੰਗਤ ਬੜੀ ਹੈਰਾਨ ਤੇ ਪ੍ਰੇਸ਼ਾਨ ਸੀ ਕਿ ਗੁਰੂ ਜੀ ਨੂੰ ਅਜਿਹੀ ਬਿਮਾਰੀ ਨੇ ਘੇਰ ਲਿਆ ਹੈ। ਇਹ, ਉਸ ਸੂਰਜ ਦੇ ਗਿਰਦ ਹਨੇਰਾ ਕਿਉਂ ਹੈ ਜੋ ਖੁਦ ਲੋਕਾਂ ਨੂੰ ਰੌਸ਼ਨੀ ਦਿੰਦਾ ਹੈ? ਗੁਰੂ ਜੀ ਨੂੰ ਲੱਗੀ ਇਸ ਮਾਰੂ ਬਿਮਾਰੀ ਤੋਂ ਸਿੱਖ ਸੰਗਤਾਂ ਬਹੁਤ ਦੁਖੀ ਤੇ ਪ੍ਰੇਸ਼ਾਨ ਸਨ ਤੇ ਇਹ ਵੀ ਗੱਲਾਂ ਹੋਣ ਲੱਗ ਪਈਆਂ ਸਨ ਕਿ ਇਹਨਾਂ ਤੋਂ ਬਾਅਦ ਇਹਨਾਂ ਦੀ ਗੁਰਗੱਦੀ ਦਾ ਅਗਲਾ ਵਾਰਸ ਕੌਣ ਹੋਵੇਗਾ? ਇਸ ਪ੍ਰਤੀ ਗੁਰੂ ਹਰਿਕ੍ਰਿਸ਼ਨ ਜੀ ਦਾ ਦਿੱਤਾ ਗਿਆ ਸੰਕੇਤ ਸਾਨੂੰ 'ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ' 'ਚ ਬੜੇ ਸਪਸ਼ਟ ਰੂਪ 'ਚ ਮਿਲਦਾ ਹੈ।

ਗੁਰੂ ਨਾਨਕ ਦੇਵ ਜੀ ਦੀ ਗੁਰਗੱਦੀ ਸਦੀਵੀ ਹੈ ਤੇ ਉਹਨਾਂ ਦੇ ਦਿੱਤੇ ਗਏ ਆਦੇਸ਼ ਮਾਨਵਤਾ ਲਈ ਵੀ ਸਦੀਵੀ ਹਨ। 'ਗੁਰੂ ਗ੍ਰੰਥ ਸਾਹਿਬ' ਸਭ ਦੇ ਮਾਲਕ ਹਨ। ਜਿਹੜਾ ਉਸ ਮਾਲਕ

(ਬਾਕੀ ਅਗਲੇ ਸਫੇ 'ਤੇ)

# "ਹੋਣਹਾਰ ਬਿਰਵਾਨ ਕੇ ਚਿੱਕਨੇ-ਚਿੱਕਨੇ ਪਾਤ"

ਨੂੰ ਦੇਖਣਾ ਚਾਹੁੰਦਾ ਹੈ, ਉਹ ਇਸ 'ਚ ਵਿਸ਼ਵਾਸ ਰੱਖ ਕੇ ਤੇ ਇਸ ਨਾਲ ਪਿਆਰ ਕਰਕੇ ਮੇਰੇ ਦਰਸ਼ਨ ਕਰ ਸਕਦਾ ਹੈ। ਆਪਣੇ ਪਾਪਾਂ ਤੇ ਗੁਨਾਹਾਂ ਤੋਂ ਛੁਟਕਾਰਾ ਪਾ ਸਕਦਾ ਹੈ। ਜਿਹੜਾ ਵੀ ਆਪਣੇ ਗੁਰੂ ਨਾਲ ਗੱਲ ਕਰਨੀ ਚਾਹੁੰਦਾ ਹੈ ਉਹ ਇਸ ਨੂੰ ਪੜ੍ਹੇ, ਇਸ ਦਾ ਸ਼ਰਧਾ ਨਾਲ ਅਧਿਐਨ ਕਰੇ। ਜਿਹੜਾ ਵੀ ਇਸ ਦੀਆਂ ਸਿੱਖਿਆਵਾਂ 'ਤੇ ਅਮਲ ਕਰਦਾ ਹੈ, ਉਹ ਆਪਣੀ ਜ਼ਿੰਦਗੀ 'ਚ ਚਾਰੋ ਪਦਾਰਥ ਪ੍ਰਾਪਤ ਕਰ ਲੈਂਦਾ ਹੈ। ਜਿਹੜਾ ਵੀ ਇਸ 'ਚ ਪੂਰਨ ਵਿਸ਼ਵਾਸ ਕਰਦਾ ਹੈ, ਉਹ ਦੁਨੀਆਂ ਦੇ ਸਭ ਪਦਾਰਥ ਪ੍ਰਾਪਤ ਕਰ ਲੈਂਦਾ ਹੈ। ਜੋ ਇਸ 'ਚ ਵਿਸ਼ਵਾਸ ਨਹੀਂ ਕਰਦਾ ਉਹ ਬਹੁਤ ਘੱਟ ਪ੍ਰਾਪਤ ਕਰਦਾ ਹੈ। ਇਸ ਸੰਸਾਰ 'ਚ ਹਰ ਵਸਤੂ ਸਦੀਵੀ ਰਹਿਣ ਵਾਲੀ ਨਹੀਂ ਹੈ। ਇਹ ਮਨੁੱਖੀ ਸਰੀਰ ਵੀ ਨਾਸ਼ਵਾਨ ਹੈ। ਗੁਰੂ ਗ੍ਰੰਥ ਸਾਹਿਬ 'ਚ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਸਦੀਵੀ ਵੀ ਹਨ। ਇਸ ਲਈ ਇਨ੍ਹਾਂ ਨੂੰ ਰੋਜ਼ ਪੜ੍ਹੋ, ਇਹਨਾਂ 'ਤੇ ਅਮਲ ਕਰੋ, ਇਹਨਾਂ ਦਾ ਸਤਿਕਾਰ ਕਰੋ ਤੇ ਇਹਨਾਂ ਸਿੱਖਿਆਵਾਂ ਨੂੰ ਆਪਣੇ ਜੀਵਨ 'ਚ ਅਪਣਾਓ। ਇਸ ਤਰ੍ਹਾਂ ਕਰਨ ਨਾਲ ਤੁਹਾਡੇ 'ਚੋਂ ਕ੍ਰੋਧ ਖਤਮ ਹੋਵੇਗਾ ਤੇ ਤੁਹਾਡੇ 'ਚ ਸਥਿਰਤਾ ਆਵੇਗੀ।

ਇਹ ਉਕਤ 'ਸ੍ਰੀ ਗੁਰੂ ਗ੍ਰੰਥ' ਸਾਹਿਬ ਦਾ ਆਖਰੀ ਸੰਦੇਸ਼ ਗੁਰੂ ਜੀ ਤੋਂ ਸੁਣ ਕੇ ਸਭ ਸਿੱਖ ਸੰਗਤਾਂ ਦੇ ਅੱਖਾਂ 'ਚ ਅੱਥਰੂ ਆ ਗਏ। ਇਸ ਉਪਰੰਤ ਮਾਤਾ ਸੁਲੱਖਣੀ ਜੀ, ਜਿਹਨਾਂ ਦੇ ਅੱਖਾਂ 'ਚ ਵੀ ਹੰਝੂ ਸਨ, ਅੱਗੇ ਆਏ ਤੇ ਕਹਿਣ ਲੱਗੇ, ''ਹੇ! ਪੁੱਤਰ ਮੈਂ ਤੇਰੇ ਤੋਂ ਬਗੈਰ ਕਿਸ ਤਰ੍ਹਾਂ ਰਹਾਂਗੀ? ਮੈਂ ਜਦੋਂ ਵਿਆਹੀ ਇਸ ਪਰਿਵਾਰ 'ਚ ਆਈ ਸੀ ਤਾਂ ਮੈਨੂੰ ਤੇਰੇ ਗੁਰੂ ਪਿਤਾ ਜੀ ਨੇ ਆਸ਼ੀਰਵਾਦ ਦਿੱਤਾ ਸੀ। ਜਦੋਂ ਤੇਰਾ ਜਨਮ ਹੋਇਆ ਉਸ ਸਮੇਂ ਵੀ ਮੈਨੂੰ ਉਹਨਾਂ ਨੇ ਆਸ਼ੀਰਵਾਦ ਦਿੱਤਾ ਸੀ। ਹੁਣ ਤੁਸੀਂ ਮੈਨੂੰ ਗਮਾਂ ਤੇ ਫਿਕਰਾਂ ਦੇ ਸਮੁੰਦਰ 'ਚ ਸੁੱਟ ਕੇ ਆਪ ਤੁਰ ਚੱਲੇ ਹੋ। ਮੇਰਾ ਹੁਣ ਕੌਣ ਸਹਾਈ ਬਣੇਗਾ? ਇਕ ਮੱਛੀ ਪਾਣੀ ਤੋਂ ਬਾਹਰ ਕਿਵੇਂ ਜਿੰਦਾ ਰਹਿ ਸਕਦੀ ਹੈ? ਸਰੀਰ ਤਾਂ ਨਾਸ਼ਵਾਨ ਹੈ।'' ਗੁਰੂ ਹਰਿਕ੍ਰਿਸ਼ਨ ਜੀ ਨੇ ਅੱਗੋਂ ਆਪਣੀ ਮਾਤਾ ਜੀ ਨੂੰ ਉੱਤਰ ਦਿੱਤਾ'' ਫਿਰ ਗੁਰੂ ਜੀ ਨੇ ਕਿਹਾ ਤੁਹਾਡਾ ਪ੍ਰਮਾਤਮਾ 'ਚ ਦ੍ਰਿੜ੍ਹ ਵਿਸ਼ਵਾਸ ਹੈ, ਇਹ ਵਿਸ਼ਵਾਸ ਹੀ ਤੁਹਾਨੂੰ ਸੰਸਾਰ ਦੇ ਸਾਰੇ ਗਮਾਂ-ਫਿਕਰਾਂ ਤੋਂ ਛੁਟਕਾਰਾ ਦਿਵਾਏਗਾ ਤੇ ਤੁਹਾਨੂੰ ਸਦੀਵੀ ਸ਼ਾਂਤੀ ਪ੍ਰਾਪਤ ਹੋਵੇਗੀ।''

ਅੱਜ ਦਿੱਲੀ ਵਿਖੇ ਜੋ 'ਗੁਰਦੁਆਰਾ ਬੰਗਲਾ ਸਾਹਿਬ' ਸਥਿਤ ਹੈ ਉਹ ਸਰਦਾਰ ਬਘੇਲ ਸਿੰਘ ਜੀ ਨੇ ਬਣਵਾਇਆ ਸੀ, ਜਿਹੜਾ ਕਿ ਇਕ ਮਹਾਨ ਸਿੱਖ ਜਰਨੈਲ ਸੀ ਤੇ ਉਸ ਨੇ ਦਿੱਲੀ 'ਤੇ ਆਪਣੀ ਹਕੂਮਤ ਕਾਇਮ ਕੀਤੀ ਸੀ। ਇਹ ਰਾਜਾ ਜੈ ਸਿੰਘ ਦੀ ਹਵੇਲੀ ਦੀ ਉਹੀ ਜਗ੍ਹਾ ਹੈ, ਜਿੱਥੇ ਗੁਰੂ ਹਰਿਕ੍ਰਿਸ਼ਨ ਜੀ ਨੇ ਆਪਣਾ ਦਿੱਲੀ ਵਿਖੇ ਨਿਵਾਸ ਕੀਤਾ ਸੀ।

ਗੁਰੂ ਹਰਿਕ੍ਰਿਸ਼ਨ ਜੀ ਨੇ ਆਪਣੀ ਮੌਤ ਤੋਂ ਥੋੜ੍ਹਾ ਸਮਾਂ ਪਹਿਲਾਂ, ਆਪਣੇ ਇਸ ਸੰਸਾਰ ਤੋਂ ਜਾਣ ਬਾਅਦ ਹੋਣ ਵਾਲੇ ਹਾਲਾਤ ਨੂੰ ਸਮਝਿਆ ਤੇ ਆਪਣੀ ਮਾਤਾ ਜੀ ਨੂੰ ਆਪਣੇ ਪਾਸ ਮਿਤੀ 30 ਮਾਰਚ 1664 ਈਸਵੀ ਨੂੰ ਬੁਲਾਇਆ ਤੇ ਕਿਹਾ ਕਿ ਹੁਣ ਮੇਰਾ ਅੰਤ ਨੇੜੇ ਆ ਗਿਆ ਹੈ। ਮਾਤਾ ਜੀ ਨੇ ਪੁੱਛਿਆ ਕਿ, ''ਹੁਣ ਤੁਹਾਡੀ ਗੁਰਗੱਦੀ ਦਾ ਅਗਲਾ ਵਾਰਸ ਕੌਣ ਹੋਵੇਗਾ ਤਾਂ ਗੁਰੂ ਜੀ ਨੇ ਸਿਰਫ਼ ਇੰਨਾ ਹੀ ਉੱਤਰ ਦਿੱਤਾ, 'ਬਾਬਾ ਬਕਾਲਾ'। ਗੁਰੂ ਜੀ ਦਾ ਇਹ ਐਲਾਨ ਸੁਣ ਕੇ ਬਾਬਾ ਬਕਾਲਾ ਵਿਖੇ ਕਈ ਗੁਰੂ ਪ੍ਰਗਟ ਹੋ ਗਏ ਤੇ ਆਪਣੇ ਆਪ ਨੂੰ ਗੁਰਗੱਦੀ ਦਾ ਵਾਰਸ ਕਹਿਣ ਲੱਗ ਪਏ। ਭਾਵੇਂ ਕਿਵੇਂ ਵੀ ਸੀ ਪ੍ਰੰਤੂ ਉਹਨਾਂ ਦਿਨਾਂ 'ਚ ਗੁਰਗੱਦੀ ਦੇ ਵਾਰਸ (ਗੁਰੂ) ਤੇਗ ਬਹਾਦਰ ਸਾਹਿਬ ਜੀ ਵੀ, ਬਾਬਾ ਬਕਾਲਾ, ਪੰਜਾਬ ਵਿਖੇ ਰਹਿੰਦੇ ਸਨ।

ਆਖਰੀ ਸਮੇਂ 'ਤੇ ਗੁਰੂ ਹਰਿਕ੍ਰਿਸ਼ਨ ਜੀ ਨੇ ਕਿਹਾ ਕਿ, ''ਉਨ੍ਹਾਂ ਦੇ ਚਲਾਣੇ ਤੋਂ ਬਾਅਦ ਕੋਈ ਵੀ ਰੋਵੇ ਨਾ ਤੇ ਨਾ ਹੀ ਅਫਸੋਸ ਮਨਾਏ, ਸਗੋਂ ਗੁਰਬਾਣੀ ਦਾ ਪਾਠ ਕੀਤਾ ਜਾਵੇ ਤੇ ਸ਼ਬਦ ਗਾਏ ਜਾਣ।'' ਇਹ ਸ਼ਬਦ ਕਹਿ ਕੇ ਗੁਰੂ ਜੀ ਨੇ ਚੇਤ ਸੁਦੀ 14 (3 ਵਿਸਾਖ) ਵਿਕਰਮੀ ਸੰਮਤ 1721, ਮੁਤਾਬਕ ਸ਼ਨੀਵਾਰ ਵਾਲੇ ਦਿਨ 16 ਅਪ੍ਰੈਲ 1664 ਈਸਵੀ ਨੂੰ ਹੌਲੀ ਦੇਣੀ, ਅੰਤਿਮ ਸ਼ਬਦ 'ਵਾਹਿਗੁਰੂ' ਕਹਿ ਕੇ ਆਪਣੇ ਪ੍ਰਾਣ ਤਿਆਗ ਦਿੱਤੇ। ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ, ਗੁਰੂ ਹਰਿਕ੍ਰਿਸ਼ਨ ਨੂੰ ਆਪਣੀ ਸ਼ਰਧਾਂਜਲੀ ਦਿੰਦੇ ਹੋਏ 'ਵਾਰ ਸ੍ਰੀ ਭਗਉਤੀ ਜੀ ਕੀ' 'ਚ ਕਿਹਾ ਹੈ, ''ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਧਿਆਈਐ, ਜਿਤੁ ਡਿਠੈ ਸਭ ਦੁੱਖ ਜਾਇ।'' ਭਾਵ ਆਓ ਉਸ ਮਹਾਨ ਪਵਿੱਤਰ ਆਤਮਾ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਬਾਰੇ ਵਿਚਾਰ ਕਰੀਏ, ਜਿਹਨਾਂ ਦੀ ਇਕ ਮਿਹਰ ਦੀ ਨਜ਼ਰ ਨਾਲ ਇਨਸਾਨੀ ਦੁੱਖਾਂ-ਕਲੇਸ਼ਾਂ ਨੂੰ ਦੂਰ ਕਰ ਦਿੰਦੀ ਸੀ। ਇਹਨਾਂ ਉਕਤ ਗੁਰਬਾਣੀ ਦੇ ਸ਼ਬਦਾਂ ਨੂੰ ਸਿੱਖ ਜਗਤ ਆਪਣੀ ਰੋਜ਼ ਦੀ ਅਰਦਾਸ 'ਚ ਰੋਜ਼ਾਨਾ ਦੁਹਰਾਉਂਦਾ ਹੈ।

ਗੁਰੂ ਹਰਿਕ੍ਰਿਸ਼ਨ ਜੀ ਦਾ ਅੰਤਿਮ ਸੰਸਕਾਰ ਦਿਨ ਸਨਿਚਰਵਾਰ 16 ਅਪ੍ਰੈਲ 1664 ਈਸਵੀ ਨੂੰ ਦਿੱਲੀ 'ਚ ਉਸੇ ਜਗ੍ਹਾ 'ਤੇ ਕੀਤਾ ਗਿਆ, ਜਿੱਥੇ ਉਹ ਦਿੱਲੀ 'ਚ ਮਹਾਂਮਾਰੀ ਫੈਲਣ ਸਮੇਂ, ਬਿਮਾਰੀ ਦੇ ਪੀੜਤ ਲੋਕਾਂ ਲਈ ਬਣੇ ਕੈਂਪ 'ਚ ਉਹਨਾਂ ਦੀ ਦੇਖ-ਭਾਲ ਕਰਦੇ ਸਨ। ਉਹਨਾਂ ਦੀ ਯਾਦ 'ਚ ਇਸ ਜਗ੍ਹਾ 'ਤੇ 'ਗੁਰਦੁਆਰਾ ਬਾਲਾ ਸਾਹਿਬ' ਸੁਸ਼ੋਭਿਤ ਹੈ। ਮੁਸਲਮਾਨ ਸਮਾਜ ਦੇ ਲੋਕ ਉਹਨਾਂ ਨੂੰ ਹਮੇਸ਼ਾ 'ਬਾਲਾ ਪੀਰ' ਤੇ ਹਿੰਦੂ ਸਮਾਜ ਦੇ ਲੋਕ 'ਬਾਲ ਮੁਕੰਦ' ਦੇ ਨਾਮ ਨਾਲ ਯਾਦ ਕਰਦੇ ਰਹਿਣਗੇ।

'ਗੁਰੂ ਕੀਆਂ ਸਾਖੀਆਂ' ਅਨੁਸਾਰ ਗੁਰੂ ਸਾਹਿਬ ਦੇ ਦਾਦੀ ਜੀ, ਮਾਤਾ ਬੱਸੀ ਜੀ ਨੇ ਭਾਈ ਗੁਰਦਾਸ ਜੀ ਨੂੰ ਕਿਹਾ ਕਿ ਗੁਰੂ ਹਰਿਕ੍ਰਿਸ਼ਨ ਜੀ ਦੀ ਯਾਦ 'ਚ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਆਰੰਭ ਕੀਤਾ ਜਾਵੇ। ਦਰਗਾ ਮੱਲ ਤੇ ਮੁਨਸ਼ੀ ਕਲਿਆਣ ਦਾਸ ਜੀ ਨੂੰ ਪੰਜਾਬ, ਗੁਰੂ ਸਾਹਿਬ ਜੀ ਦੀ ਦੁੱਖਦਾਈ ਮੌਤ ਦੀ ਖ਼ਬਰ ਦੱਸਣ ਲਈ ਭੇਜਿਆ ਗਿਆ। ਉਨ੍ਹਾਂ ਨੇ ਸਭ ਤੋਂ ਪਹਿਲਾਂ ਕੀਰਤਪੁਰ ਸਾਹਿਬ ਵਿਖੇ ਗੁਰੂ ਹਰਿਕ੍ਰਿਸ਼ਨ ਜੀ ਦੀ ਭੈਣ ਬੀਬੀ ਰੂਪ ਕੌਰ ਨੂੰ, ਇਸ ਦੁੱਖਦਾਇਕ ਮੌਤ ਦੀ ਖ਼ਬਰ ਦੱਸੀ। ਅਗਲੇ ਦਿਨ ਉਹ ਬਾਬਾ ਬਕਾਲਾ ਗਏ ਤੇ ਸਿੱਖ ਗੁਰਗੱਦੀ ਦੇ ਵਾਰਸ, ਗੁਰੂ ਤੇਗ ਬਹਾਦਰ ਜੀ ਨੂੰ ਗੁਰੂ ਹਰ ਕ੍ਰਿਸ਼ਨ ਜੀ ਦੀ ਮੌਤ ਦੀ ਖ਼ਬਰ ਦੱਸੀ। ਗੁਰੂ ਜੀ ਦੀ ਮੌਤ ਤੋਂ ਕੁਝ ਸਮਾਂ ਪਹਿਲਾਂ ਗੁਰੂ ਤੇਗ ਬਹਾਦਰ ਜੀ ਦਿੱਲੀ ਵਿਖੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਮਿਲ ਕੇ ਆਏ ਸਨ ਤੇ ਅੱਜ ਉਨ੍ਹਾਂ ਨੇ ਉਹਨਾਂ ਦੀ ਮੌਤ ਦੀ ਖ਼ਬਰ ਸੁਣ ਲਈ।

ਦੀਵਾਨ ਦਰਗਾ ਮੱਲ ਤੇ ਮੁਨਸ਼ੀ ਕਲਿਆਣ ਦਾਸ ਜੀ ਬਾਬਾ ਬਕਾਲਾ ਵਿਖੇ ਦਿੱਲੀ ਵਾਪਸ ਪਰਤਣ ਤੋਂ ਪਹਿਲਾਂ ਤਿੰਨ ਦਿਨ ਉੱਥੇ ਰੁਕੇ। 'ਭੱਟ ਵਹੀ' ਤਲਾਉਂਦਾ ਪਰਗਣਾ ਜੀਂਦ 'ਚ ਕੀਤੇ ਗਏ ਅੰਦਰਾਜ਼ ਅਨੁਸਾਰ ਗੁਰੂ ਹਰਿਕ੍ਰਿਸ਼ਨ ਜੀ ਦੇ ਅਸ਼ਤੀ ਕਲਸ਼ ਦਿੱਲੀ ਤੋਂ ਕੀਰਤਪੁਰ ਸਾਹਿਬ ਲਿਜਾਏ ਗਏ ਤੇ ਅਸ਼ਤ ਨੂੰ ਸਤਲੁਜ ਨਦੀ ਦੇ ਪਾਣੀ 'ਚ ਜਲ ਪ੍ਰਵਾਹ ਕਰ ਦਿੱਤਾ ਗਿਆ ਤੇ ਇਸ ਅੰਦਰਾਜ਼ ਦੀ ਸ਼ਬਦਾਵਲੀ ਨਿਮਨ-ਲਿਖਤ ਅਨੁਸਾਰ ਹੈ :-

ਸੰਗਤ ਪੁੱਤਰ ਬਿਨਾ ਉੱਪਲ ਜੋ ਅੰਬ ਮਾੜੀ ਪਰਗਣਾ ਮੀਆਂ ਕਾ ਮੌੜ ਦੇ ਰਹਿਣ ਵਾਲੇ, ਨਨ੍ਹੂ ਰਾਮ ਪੁੱਤਰ ਬਾਘਾ ਕੈਲੀਕੋ ਪਰਿੰਟਰ ਆਫ ਮੁਹੱਲਾ ਦਿਵਾਲੀ ਦਿੱਲੀ, ਜੰਗੂ ਪੁੱਤਰ ਪਦਮਾ ਜੋ ਦਬੁਰਜੀ ਪਰਗਨਾ ਸੋਧਾਰਾ ਤੇ ਦਰਿਆ ਪੁੱਤਰ ਮੂਲਾ ਅਲੀਪੁਰ ਸ਼ਾਮਲੀ ਪਰਗਨਾ ਮੁਲਤਾਨ, ਗੁਰੂ ਹਰਿਕ੍ਰਿਸ਼ਨ ਜੀ ਦੇ ਦਿੱਲੀ ਤੋਂ ਅਸ਼ਤ ਲੈ ਕੇ ਕੀਰਤਪੁਰ, ਪਰਗਨਾ ਕਹਿਲੂਰ 11 ਭਾਦੋਂ ਦੀ ਅੱਧੀ ਰਾਤ ਉਪਰੰਤ 1721 ਬਿਕਰਮੀ ਮੁਤਾਬਕ ਦਿਨ 7 ਅਗਸਤ 1664 ਈਸਵੀ ਨੂੰ ਆਏ। ਅਸ਼ਤ ਸਤਲੁਜ ਦਰਿਆ 'ਚ ਜਲ ਪ੍ਰਵਾਹ ਕਰਨ ਉਪਰੰਤ ਕੜਾਹ-ਪ੍ਰਸ਼ਾਦ ਵਰਤਾਇਆ ਗਿਆ।

ਬਾਲ ਗੁਰੂ ਸ੍ਰੀ ਹਰਿ ਕ੍ਰਿਸ਼ਨ ਜੀ ਦੀ ਜੀਵਨੀ ਨਾਲ ਗੁਰਮਤਿ ਵਿਰੋਧੀਆਂ ਤੇ ਸੰਪਰਦਾਈ ਟਕਸਾਲੀ ਡੇਰੇਦਾਰਾਂ ਨੇ ਕਈ ਮਿਥਿਹਾਸਕ ਸਾਖੀਆਂ ਜੋੜ ਦਿੱਤੀਆਂ ਕਿਉਂਕਿ ਉਹ ਇਹ ਭਰਮ-ਭੁਲੇਖਾ ਪਾਉਣਾ ਚਾਹੁੰਦੇ ਸਨ ਕਿ ਉਹ ਬਾਲ ਅਵਸਥਾ 'ਚ ਹੀ ਚਮਤਕਾਰੀ ਸ਼ਕਤੀਆਂ ਦੇ ਮਾਲਕ ਸਨ। ਉਹ 'ਚੰਡੀ ਦੀ ਵਾਰ' (ਦੁਰਗਾ ਦੀ ਵਾਰ) ਜਿਹੜੀ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਲਿਖੀ ਹੈ। ਗੁਰੂ ਜੀ ਨੇ ਇਸ ਵਾਰ ਦੇ ਆਰੰਭ 'ਚ 'ਮੰਗਲਾਚਰਨ' ਲਿਖਿਆ ਹੈ। ਪੁਰਾਤਨ ਰਚਨਾਵਾਂ 'ਚ ਤਕਰੀਬਨ ਹਰ ਲਿਖਾਰੀ ਆਪਣੇ ਉਸਤਾਦ ਜਾਂ ਗੁਰੂ ਜਾਂ ਪ੍ਰਮਾਤਮਾ ਤੋਂ ਆਸ਼ੀਰਵਾਦ ਮੰਗਦਾ ਸੀ ਕਿ ਮੈਂ ਇਸ ਰਚਨਾ ਨੂੰ ਆਰੰਭ ਕਰਨ ਲੱਗਾ ਹਾਂ ਤੇ ਮੈਨੂੰ ਇਸ 'ਚ ਸਫਲਤਾ ਬਖ਼ਸ਼ਣਾ। ਗੁਰੂ ਗੋਬਿੰਦ ਸਿੰਘ ਜੀ ਦੀ ਉਕਤ ਵੀਰ ਰਸੀ ਲਿਖੀ ਗਈ 'ਚੰਡੀ ਦੀ ਵਾਰ' ਦਾ 'ਮੰਗਲਾਚਰਨ' ਅਜੋਕੇ ਸਿੱਖ ਜੀਵਨ ਦੀ ਅਰਦਾਸ ਬਣ ਚੁੱਕਾ ਹੈ। ਇਸ 'ਚ ਇਹ ਸੱਤਰ ਆਉਂਦੀ ਹੈ ਕਿ- 'ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੈ ਸਭ ਦੁੱਖ ਜਾਇ'। ਇਹ ਸੱਤਰ 'ਸ੍ਰੀ ਗੁਰੂ ਗ੍ਰੰਥ' ਸਾਹਿਬ 'ਚ ਦਰਜ ਨਹੀਂ ਹੈ ਤਾਂ ਇਹ ਗੁਰਬਾਣੀ ਦਾ ਭਾਗ ਵੀ ਨਹੀਂ ਹੈ। ਡੇਰੇਦਾਰਾਂ ਨੇ ਇਸ ਸੱਤਰ ਦੀ ਵਿਆਖਿਆ ਨੂੰ ਚਮਤਕਾਰਾਂ ਦਾ ਰੂਪ ਦੇ ਦਿੱਤਾ ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਦਰਸ਼ਨ ਕੀਤਿਆਂ ਜਾਂ ਉਹਨਾਂ ਦਾ ਨਾਮ ਧਿਆਉਣ ਨਾਲ ਸੰਸਾਰ ਦੇ ਸਾਰੇ ਦੁੱਖਾਂ ਤੋਂ ਮਨੁੱਖ ਨੂੰ ਛੁਟਕਾਰਾ ਮਿਲ ਜਾਂਦਾ ਹੈ।

ਜਦੋਂ ਕਿ ਗੁਰੂ ਸਾਹਿਬ ਆਪ ਖੁਦ ਚੇਚਕ ਤੇ ਹੈਜੇ ਦੇ ਰੋਗੀਆਂ ਦੀ ਸੇਵਾ ਤੇ ਇਲਾਜ ਕਰਦੇ ਹੋਏ, ਇਹਨਾਂ ਬਿਮਾਰੀਆਂ ਦਾ ਸ਼ਿਕਾਰ ਹੋ ਗਏ ਸਨ ਤੇ ਇਹ ਛੂਤ ਦੇ ਰੋਗ ਹੀ ਉਹਨਾਂ ਦੀ ਮੌਤ ਦਾ ਕਾਰਨ ਬਣੇ ਸਨ। ਅਗਰ ਇਸ ਸਤਰ ਦੀ ਭਾਵਨਾ 'ਚ ਅਜਿਹੀ ਕੋਈ ਚਮਤਕਾਰੀ ਸ਼ਕਤੀ ਹੁੰਦੀ ਤਾਂ ਦਿੱਲੀ 'ਚ ਉਕਤ ਬਿਮਾਰੀ ਨਾਲ ਹੋਈਆਂ ਹਜ਼ਾਰਾਂ ਮੌਤਾਂ ਤੋਂ ਲੋਕ ਬਚ ਸਕਦੇ ਸਨ ਕਿਉਂਕਿ ਉਹਨਾਂ ਲੋਕਾਂ ਦਾ ਇਲਾਜ ਵੀ ਤਾਂ ਗੁਰੂ ਹਰਿਕ੍ਰਿਸ਼ਨ ਜੀ ਦੀ ਦੇਖ-ਰੇਖ 'ਚ ਹੋਇਆ ਸੀ। ਇਸ ਸਤਰ ਨੂੰ ਅੱਜ ਵੀ ਉਸੇ ਤਰ੍ਹਾਂ ਹੀ ਪ੍ਰਚਾਰਿਆ ਜਾ ਰਿਹਾ ਹੈ ਜਦੋਂ ਕਿ ਉਹ ਇਕ ਮਿਥਿਹਾਸਕ ਤੇ ਸਿੱਖੀ ਸਿਧਾਂਤਾਂ 'ਚ ਭਰਮ-ਭੁਲੇਖਾ ਪਾਊ ਪ੍ਰਚਾਰ ਹੈ।

ਗੁਰੂ ਸਾਹਿਬ ਦੇ ਜੀਵਨ ਨਾਲ ਹੋਰ ਕਈ ਚਮਤਕਾਰੀ ਕਥਾਵਾਂ ਜੋੜੀਆਂ ਗਈਆਂ ਹਨ, ਜਿਵੇਂ:- ਗੁਰੂ ਸਾਹਿਬ ਦਾ, ਭਾਈ ਛੱਜੂ ਜਿਹੜਾ ਕਿ ਪਾਣੀ ਦੀ ਸੇਵਾ ਕਰਦਾ ਸੀ ਦੇ ਸਿਰ 'ਤੇ ਸੋਟੀ ਰੱਖ ਕੇ ਆਸ਼ੀਰਵਾਦ ਦੇਣਾ ਤੇ ਆਖਣਾ ਕਿ ਤੁਸੀਂ ਗੀਤਾ ਦੇ ਸਲੋਕਾਂ ਦੀ ਵਿਆਖਿਆ ਕਰੋ ਤੇ ਇਸ ਸੋਟੀ ਦੇ ਚਮਤਕਾਰ ਨੇ ਉਹਨਾਂ 'ਚ ਗੀਤਾ ਦੇ ਗਿਆਨ ਦਾ ਚਮਤਕਾਰ ਪੈਦਾ ਕਰ ਦਿੱਤਾ। ਇਸੇ ਹੀ ਤਰ੍ਹਾਂ ਗੁਰੂ ਘਰ ਦੇ ਸ਼ਰਧਾਲੂ ਮਿਰਜ਼ਾ ਰਾਜਾ ਜੈ ਸਿੰਘ ਦੀ ਪਟਰਾਣੀ ਦੀ ਚਮਤਕਾਰੀ ਪਹਿਚਾਣ ਦੱਸੀ ਜਾਂਦੀ ਹੈ। ਇਸ ਤੋਂ ਇਲਾਵਾ ਇਹ ਮਿਥਿਹਾਸਕ ਘਟਨਾ ਕਿ ਗੁਰੂ ਸਾਹਿਬ ਨੇ ਇਕ ਕੋਹੜੀ ਜਿਹੜਾ ਬ੍ਰਾਹਮਣ ਵਰਗ ਦਾ ਸੀ, ਦਾ ਕੋਹੜ ਉਸ ਦੇ ਸਿਰ ਉਪਰ ਦੀ ਆਪਣਾ ਰੁਮਾਲ ਫੇਰ ਕੇ ਦੂਰ ਕਰ ਦਿੱਤਾ। ਅਜਿਹੀਆਂ ਹੋਰ ਕਈ ਮਨਘੜਤ ਕਹਾਣੀਆਂ ਗੁਰੂ ਸਾਹਿਬ ਦੇ ਜੀਵਨ ਨਾਲ ਜੋੜ ਕੇ ਸਿੱਖੀ ਸਿਧਾਂਤਾਂ ਤੇ ਗੁਰਮਤਿ ਦੀ ਮਹਾਨਤਾ ਨੂੰ ਢਾਹ ਲਾਈ ਜਾ ਰਹੀ ਹੈ। ਜਦੋਂ ਕਿ ਗੁਰਬਾਣੀ ਦੇ ਸਿਧਾਂਤ ਇਹਨਾਂ ਚਮਤਕਾਰੀ ਕਥਾਵਾਂ ਦਾ ਸਖ਼ਤ ਵਿਰੋਧ ਕਰਦੇ ਹਨ।

ਪੰਜਾਬੀ ਬੋਲੀ 'ਚ ਇਕ ਕਹਾਵਤ ਬੜੀ ਮਸ਼ਹੂਰ ਹੈ ਕਿ- 'ਹੋਣਹਾਰ ਬਿਰਵਾਨ ਕੇ ਚਿੱਕਨੇ-ਚਿੱਕਨੇ ਪਾਤ' ਇਸ ਦੇ ਅਰਥ ਹਨ ਕਿ ਹੋਣਹਾਰ ਬੱਚਾ ਜਾਂ ਮਹਾਨ ਪੁਰਸ਼ ਜਾਂ ਸੂਝਵਾਨ ਵਿਅਕਤੀ ਦਾ ਬਚਪਨ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਉਹ ਵੱਡਾ ਹੋ ਕੇ ਮਹਾਨ ਵਿਅਕਤੀ ਬਣੇਗਾ। ਸਿੱਖ ਧਰਮ 'ਚ ਗੱਦੀ ਪ੍ਰਥਾ ਦੀ ਗੱਲ ਕੀਤੀ ਜਾਵੇ ਤਾਂ ਇਹ ਗੱਲ ਪ੍ਰਤੱਖ ਰੂਪ 'ਚ ਸਪਸ਼ਟ ਹੋ ਜਾਂਦੀ ਹੈ ਕਿ ਗੁਰੂ ਸਾਹਿਬਾਨ ਨੇ ਆਪਣੀ ਗੱਦੀ ਦਾ ਵਾਰਸ ਨਿਯੁਕਤ ਕਰਨ ਸਮੇਂ, ਉਸ ਵਿਅਕਤੀ ਨੂੰ ਗੱਦੀ ਦਾ ਵਾਰਸ ਬਣਾਇਆ ਜੋ ਸੂਝਵਾਨ ਤੇ ਬੁੱਧੀਜੀਵੀ ਸੀ ਜੋ ਉਹਨਾਂ ਦੇ ਉਦੇਸ਼ਾਂ ਨੂੰ ਸਮੁੱਚੀ ਲੋਕਾਈ ਤੱਕ ਪਹੁੰਚਾਉਣ ਦੀ ਸਮਰੱਥਾ ਰੱਖਦਾ ਸੀ। ਉਹਨਾਂ ਨੇ ਆਪਣੇ 'ਚ ਇਹ ਸੁਆਰਥ ਦੀ ਭਾਵਨਾ ਨਹੀਂ ਰੱਖੀ ਕਿ ਗੱਦੀ ਦੇ ਵਾਰਸ ਆਪਣੇ ਪੁੱਤਰਾਂ ਜਾਂ ਰਿਸ਼ਤੇਦਾਰਾਂ ਨੂੰ ਹੀ ਬਣਾਇਆ ਜਾਵੇ। ਗੱਦੀ ਦੇ ਵਾਰਸ ਦੀ ਕਸਵੱਟੀ ਹਮੇਸ਼ਾ ਲਿਆਕਤ ਹੀ ਰਹੀ ਹੈ। ਇਸੇ ਤਰ੍ਹਾਂ ਹੀ ਗੁਰੂ ਹਰਿਕ੍ਰਿਸ਼ਨ ਜੀ ਬਾਰੇ ਕਿਹਾ ਜਾਂਦਾ ਹੈ ਕਿ ਉਹ ਬਚਪਨ ਤੋਂ ਭਾਵ ਬਾਲ ਉਮਰੇ ਹੀ ਬਹੁਤ ਸੂਝਵਾਨ ਤੇ ਹੋਣਹਾਰ ਬਾਲਕ ਸਨ। ਅਸੀਂ ਅਜੋਕੇ ਸਮੇਂ 'ਚ ਵੀ ਦੇਖਦੇ ਹਾਂ ਕਿ ਕਈ ਬਾਲਕ ਜਾਂ ਬਾਲਿਕਾਵਾਂ ਛੋਟੀ ਉਮਰ 'ਚ ਹੀ ਇੰਨੇ ਸੂਝਵਾਨ ਹੁੰਦੇ ਹਨ ਕਿ ਉਹਨਾਂ ਦੀਆਂ ਲਿਆਕਤ ਦੀਆਂ ਗੱਲਾਂ ਜਾਂ ਕਾਰਨਾਮੇ ਦੇਖ ਕੇ ਅਸੀਂ ਹੈਰਾਨ ਰਹਿ ਜਾਂਦੇ ਹਾਂ। ਉਹਨਾਂ ਦੀ ਲਿਆਕਤ ਦਾ ਕਾਰਨ ਚੰਗੀ ਵਿਦਿਆ, ਮਾਤਾ ਪਿਤਾ ਵੱਲੋਂ ਚੰਗੇ ਸੰਸਕਾਰ ਜੋ ਕੁਦਰਤੀ ਉਸ ਨੂੰ ਆਪਣੇ ਵਿਰਸੇ 'ਚੋਂ ਮਿਲਦੇ ਹਨ, ਚੰਗਾ ਵਾਤਾਵਰਣ, ਮਿਹਨਤ, ਲਗਨ ਤੇ ਲੋਕ ਭਲਾਈ ਦੇ ਕੰਮ ਆਦਿ ਜੋ ਮਨੁੱਖ ਨੂੰ ਮਹਾਨ ਬਣਾਉਂਦੇ ਹਨ, ਨਾ ਕਿ ਕੋਈ ਕਰਾਮਾਤ ਜਾਂ ਚਮਤਕਾਰ। ਇਸ ਲਈ ਸਾਨੂੰ ਗੁਰੂ ਹਰਿਕ੍ਰਿਸ਼ਨ ਜੀ ਦੀ ਬਾਲ ਉਮਰੇ ਪ੍ਰਾਪਤ ਕੀਤੀ ਗਈ ਲਿਆਕਤ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ ਨਾ ਕਿ ਉਹਨਾਂ ਦੇ ਜੀਵਨ ਨਾਲ ਕਲਪਿਤ, ਮਿਥਿਹਾਸਕ ਤੇ ਚਮਤਕਾਰੀ ਕਥਾਵਾਂ ਜੋੜ ਕੇ ਉਹਨਾਂ ਦੀ ਮਹਾਨਤਾ ਨੂੰ ਨਜ਼ਰ-ਅੰਦਾਜ਼ ਕਰਨਾ ਚਾਹੀਦਾ ਹੈ। ਇਹ ਗੱਲ ਬੜੀ ਵਿਚਾਰ ਯੁਕਤ ਹੈ ਕਿ ਅਗਰ ਦਰਸ਼ਨ ਕਰਨ ਨਾਲ ਜਾਂ ਨਾਮ ਧਿਆਉਣ ਨਾਲ ਹੀ ਸਾਡੀਆਂ ਸਭ ਸੰਸਾਰਕ ਮੁਸੀਬਤਾਂ ਹੱਲ ਹੋ ਜਾਂਦੀਆਂ ਹਨ ਤਾਂ ਸਾਡੇ ਪਾਸ ਗੁਰੂ ਸਾਹਿਬ, ਭਗਤ ਗੁਰੂ, ਗੁਰਬਾਣੀ ਦੇ ਰਚਾਇਤਾ ਹੋਰ ਰਹਿਬਰ, ਸੰਸਾਰ ਦੇ ਦੂਸਰੇ ਹੋਰ ਧਰਮਾਂ ਦੇ ਧਾਰਮਿਕ ਗ੍ਰੰਥ ਤੇ 'ਸ੍ਰੀ ਗੁਰੂ ਗ੍ਰੰਥ' ਸਾਹਿਬ ਸਾਡੇ ਪਾਸ ਹਨ ਤਾਂ ਇਹਨਾਂ ਨਾਲ ਸਾਰੇ ਮਾਨਵੀ ਦੁੱਖ-ਦਰਦ ਦੂਰ ਕੀਤੇ ਜਾ ਸਕਦੇ ਹਨ, ਪਰ ਅਜਿਹਾ ਨਹੀਂ ਹੁੰਦਾ? ਫਿਰ ਬੇਅੰਤ ਮਾਇਆ ਖਰਚ ਕੇ ਵੱਡੇ-ਵੱਡੇ ਹਸਪਤਾਲ ਤੇ ਦਵਾਖਾਨੇ ਬਣਾਉਣ ਦੀ ਮਨੁੱਖ ਨੂੰ ਕੀ ਲੋੜ ਸੀ?

ਇਸ ਲਈ ਗੁਰੂ ਗ੍ਰੰਥ ਸਾਹਿਬ 'ਚ ਦਰਜ ਗੁਰਬਾਣੀ ਦੀ ਸਿੱਖਿਆ ਹੀ ਸਾਡੇ ਲਈ ਦਾਰੂ ਦਾ ਕੰਮ ਕਰਦੀ ਹੈ, ਜਿਸਨੂੰ ਮਨੁੱਖੀ ਜੀਵਨ ਜਾਂਚ 'ਚ ਅਪਨਾ ਕੇ ਆਦਰਸ਼ਵਾਦੀ ਤੇ ਅਗਾਂਹਵਧੂ ਜੀਵਨ ਬਣਾਇਆ ਜਾ ਸਕਦਾ ਹੈ। ਇਸ ਤਰ੍ਹਾਂ ਦਾ ਜੀਵਨ ਬਣਾਉਣ ਨਾਲ ਹੀ ਮਨੁੱਖ ਕਾਫ਼ੀ ਹੱਦ ਤੱਕ ਆਪਣੀਆਂ ਸਮੱਸਿਆਵਾਂ ਤੋਂ ਛੁਟਕਾਰਾ ਪਾ ਸਕਦਾ ਹੈ, ਨਾ ਕਿ ਚਮਤਕਾਰੀ ਕਲਪਿਤ ਕਥਾਵਾਂ ਸੁਣਾ ਕੇ ਤੇ ਉਹਨਾਂ ਦੇ ਮਗਰ ਲੱਗ ਕੇ ਨਿਜਾਤ ਪਾ ਸਕਦਾ ਹੈ।

## ਖਤਰਨਾਕ ਸੱਪਾਂ ਦਾ ਦੋਸਤ- ਭੌਰਾ ਹਕੀਮਪੁਰ ਵਾਲਾ



**ਬੰਗਾ (ਧੰਮੀ ਲਾਲੋ ਮਜਾਰਾ)-** ਜਿਹੜੇ ਸੱਪ ਦਾ ਡੰਗਿਆ ਆਦਮੀ ਪਾਣੀ ਦਾ ਘੁੱਟ ਵੀ ਨਹੀਂ ਮੰਗਦਾ, ਭੌਰਾ (ਹਕੀਮਪੁਰ( ਵਾਲਾ ਅੱਖ ਝਪਕਦੇ ਹੀ ਉਸ ਸੱਪ ਨੂੰ ਆਪਣਾ ਦੋਸਤ ਬਣਾ ਲੈਂਦਾ ਹੈ। ਔੜਾ-ਮੁਕੰਦਪੁਰ ਰੋਡ ਤੇ ਵੱਸਿਆ ਪਿੰਡ ਹਕੀਮਪੁਰ, ਜਿਸ ਵਿਚ ਤਿੰਨ ਪਾਤਸ਼ਾਹੀਆਂ ਨੇ ਆਸਣ ਲਾਇਆ ਸੀ, ਦਾ ਬਾਸ਼ਿੰਦਾ ਅਸ਼ੋਕ ਕੁਮਾਰ ਉਰਫ ਭੌਰਾ 'ਹਕੀਮਪੁਰ' ਵਾਲਾ ਇਲਾਕੇ ਵਿਚ ਕਿਸੇ ਵੀ ਜਾਣ-ਪਹਿਚਾਣ ਦਾ ਮੁਥਾਜ ਨਹੀਂ ਹੈ। ਅੱਤ ਦੀ ਗਰੀਬੀ ਦਾ ਝੁਲਸਿਆ, ਬਖ਼ਾਲਮੀਕੀ ਭਾਈਚਾਰੇ ਦਾ ਇਹ ਸਖਸ਼ ਪਿਤਾ ਸ੍ਰੀ ਪ੍ਰਕਾਸ਼ ਰਾਮ ਤੇ ਮਾਤਾ ਸ੍ਰੀਮਤੀ ਸਰਦਾਰਾਂ ਦੀ ਅੱਖ ਦਾ ਤਾਰਾ, ਸ੍ਰੀਮਤੀ ਹਰਜਿੰਦਰ ਕੌਰ ਦਾ ਜੀਵਨ ਸਾਥੀ, ਫਰਜ਼ੰਦ ਬਲਜੀਤ ਸਿੰਘ ਤੇ ਬੇਟੀ ਨਵਨੀਤ ਕੌਰ ਦਾ ਪਿਤਾ ਅਸ਼ੋਕ ਕੁਮਾਰ ਸਮਾਜ ਦੇ ਹਰ ਸਖਸ਼ ਲਈ ਹਮੇਸ਼ਾ ਹੀ ਨਿਰਸਵਾਰਥ ਹਾਜ਼ਰ ਰਹਿੰਦਾ ਹੈ। ਅਗਰ ਕੋਈ. ਉਹਨੂੰ ਉਹਦੇ ਫੋਨ ਤੇ 84275-34460 ਮਦਦ ਲਈ ਗੁਹਾਰ ਲਗਾਉਂਦਾ ਹੈ ਤਾਂ ਉਹ ਕਦੇ ਵੀ ਕੰਨੀ ਨਹੀਂ ਕਤਰਾਉਂਦਾ ਤੇ ਨਾ ਹੀ ਕਦੇ ਨੀਂਦ ਦੀ ਪਰਵਾਹ ਹੀ ਕਰਦਾ ਹੈ। ਬੇਸ਼ੱਕ ਪੋਹ-ਮਾਘ ਦੀ ਯੱਖ ਭਰੀ ਅੱਧੀ ਰਾਤ ਹੀ ਕਿਉਂ ਨਾ ਹੋਵੇ, ਉਹ ਫੌਰਨ ਹਾਜ਼ਰ ਹੋ ਜਾਂਦਾ ਹੈ, ਕਿਉਂਕਿ ਕਿਸੇ ਦੀ ਜ਼ਿੰਦਗੀ ਦਾ ਸਵਾਲ ਹੁੰਦਾ ਹੈ। ਹੁਣ ਤੱਕ ਉਹ ਹਜ਼ਾਰਾਂ ਸੱਪ ਫੜ ਕੇ ਸੁਰੱਖਿਅਤ ਥਾਵਾਂ 'ਤੇ ਛੱਡ ਚੁੱਕਾ ਹੈ। ਇਕ ਦਿਨ ਵਿਚ ਉਹ ਸੱਤ-ਸੱਤ ਸੱਪ ਵੀ ਫੜਕੇ ਛੱਡ ਚੁੱਕਾ ਹੈ। ਅਸ਼ੋਕ ਕੁਮਾਰ 'ਭੌਰਾ' ਇਹ ਖੁਦ ਵੀ ਬਾਖੂਬੀ ਜਾਣਦਾ ਹੈ ਕਿ ਸੱਪ ਫੜਨ ਵਾਲਿਆਂ ਦੀ ਮੌਤ ਅਕਸਰ ਸੱਪ ਲੜਨ ਨਾਲ ਹੀ ਹੁੰਦੀ ਹੈ ਪਰ ਉਹਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਮੈਂ ਹੁਣ ਤੱਕ ਹਜ਼ਾਰਾਂ ਜਾਨਾਂ ਬਚਾ ਚੁੱਕਾ ਹਾਂ। ਜੇਕਰ ਮੇਰੀ ਮੌਤ ਵੀ ਹੋ ਜਾਵੇਗੀ ਤਾਂ ਮੈਨੂੰ ਕੋਈ ਗਮ ਜਾਂ ਚਿੰਤਾ ਨਹੀਂ ਹੈ। ਸੱਪ ਬਾਰੇ ਬਹੁਤ ਸਾਰਾ ਗਿਆਨ ਤੇ ਜਾਂ ਸੱਪ ਲੜਨ ਤੇ ਕਿਹੜੀ ਦਵਾਈ ਇਸਤੇਮਾਲ ਕਰਨੀ ਹੈ, ਉਹਨੂੰ ਇਕ ਰੱਬ ਰੂਪੀ ਉਤਰ ਪ੍ਰਦੇਸ਼ ਦੇ ਵੈਦ ਪ੍ਰਕਾਸ਼ ਨਾਂ ਦੇ ਵਿਅਕਤੀ ਨੇ ਦਿੱਤੀ ਸੀ। ਸਮਾਜ ਦੇ ਲਈ ਤੜਫਣ ਵਾਲੇ ਅਸ਼ੋਕ ਭੌਰਾ ਵਰਗੇ ਵਿਅਕਤੀਆਂ ਦੀ ਸਰਕਾਰਾਂ ਨੂੰ ਤੇ ਪ੍ਰਵਾਸੀ ਭਾਰਤੀਆਂ ਨੂੰ ਵੀ ਚਾਹੀਦਾ ਹੈ ਕਿ ਮਦਦ ਕੀਤੀ ਜਾਵੇ ਤਾਂ ਕਿ ਏਦਾਂ ਦੇ ਵਖਤਾਂ ਦੇ ਮਾਰੇ ਤੇ ਝੰਬੇ ਲੋਕਾਂ ਨੂੰ ਆਪਣੀ ਰੋਜ਼ੀ-ਰੋਟੀ ਲਈ ਕਿਸੇ ਅੱਗੇ ਹੱਥ ਨਾ ਅੱਡਣੇ ਪੈਣ। ਕਿਉਂਕਿ ਗਲੇ ਸੜੇ ਖੂਹਾਂ 'ਚੋਂ ਤੇ ਡੂੰਘੇ ਦਰਿਆਵਾਂ 'ਚੋਂ ਮ੍ਰਿਤਕਾਂ ਦੀਆਂ ਲਾਸ਼ਾਂ ਸਿਰਫ ਅਸ਼ੋਕ ਭੌਰੇ ਵਰਗੇ ਬੰਦੇ ਹੀ ਕੱਢ ਸਕੇਦ ਹਨ, ਕੋਈ ਹੋਰ ਨਹੀਂ।

## ਕੁਫਰ ਦਾ ਖਾਤਮਾ!



ਅਣਖ ਨਾਲ ਜੋ ਤੁਰਦਾ ਏ ਸੱਚ ਉਤੇ
ਟੁੱਟ ਸਕਦਾ ਕਦੇ ਵੀ ਨਾ ਝੁੱਕਦਾ ਨਾ।

ਸਹਿਣਸ਼ੀਲਤਾ ਸਬਰ ਨੂੰ ਧਾਰਿਆ ਜਿਨ
ਰਹੂ ਨਿਮਰ ਉਹ ਕਦੇ ਵੀ ਬੁੱਕਦਾ ਨਾ।

ਜਿਸਨੂੰ ਮੁੱਲ ਖੁੱਦਦਾਰੀ ਦਾ ਪਤਾ ਹੋਵੇ
ਦਿੱਤੇ ਲਾਲਚਾਂ ਉਤੇ ਉਹ ਥੁੱਕਦਾ ਨਾ।

ਬੰਦਾ 'ਬੋਲਦਾ' ਅੰਦਰੋਂ ਪਤਾ ਲੱਗਦੈ
ਗੱਲ ਕਰਦਿਆਂ ਬੁੱਲ੍ਹਾਂ ਨੂੰ ਟੁੱਕਦਾ ਨਾ।

ਲੋਕੀ ਦੇਖ ਕੇ ਬਹੁਤ ਮਾਯੂਸ ਹੁੰਦੇ
ਜਦੋਂ ਝੂਠ ਚੌਰਾਹੇ ਵਿਚ ਫੁੱਟਦਾ ਨਾ।

ਪਾਏ ਪੂਰਨੇ ਸੈਂਕੜੇ ਰਹਿਬਰਾਂ ਨੇ
ਫਿਰ ਵੀ ਕੁਫ਼ਰ ਸਮਾਜ 'ਚੋਂ ਮੁੱਕਦਾ ਨਾ!

**- ਤਰਲੋਚਨ ਸਿੰਘ 'ਦੁਪਾਲ ਪੁਰ'**
**001-408-915-1268**

## ਜਨਮ ਦਿਨ ਮੁਬਾਰਕ



**ਨਵਰੀਤ**
**ਪਿਤਾ ਦਾ ਨਾਂ- ਬੀ.ਕੇ.ਰੱਤੂ**
**ਮਾਤਾ ਦਾ ਨਾਂ- ਸ੍ਰੀਮਤੀ ਰੀਨਾ**
**ਪਤਾ- ਪ੍ਰੇਮਪੁਰਾ ਫਗਵਾੜਾ**

## ਅੰਬਰ ਵਲ ਪ੍ਰਵਾਜ ਭਰਦੀ ਨਿਵੇਕਲੀ ਕਲਮ- ਮਨਦੀਪ ਕੌਰ ਪ੍ਰੀਤ

**(ਸਫਾ 9 ਦੀ ਬਾਕੀ)**

ਭਰਾ ਅਮਨਦੀਪ, ਭਾਬੀ ਨਵਦੀਪ ਅਤੇ ਹੋਰ ਭੈਣ-ਭਰਾ ਇਕੱਠੇ ਬੈਠਕੇ ਉਸ ਦੇ ਲਿਖੇ ਗੀਤਾਂ ਦੀ ਮਹਿਫਲ ਸਜਾਉਂਦੇ ਹਨ ਤਾਂ ਉਸ ਵਕਤ ਬੜਾ ਮਾਣ ਤੇ ਖੁਸ਼ੀ ਮਹਿਸੂਸ ਕਰਦੀ ਹੈ ਉਹ। ਇਵੇਂ ਹੀ, ਹਮੇਸ਼ਾਂ ਉਸਨੂੰ ਉਤਸ਼ਾਹਿਤ ਕਰਨ ਵਾਲੀ ਆਪਣੀ ਕੁਲੀਗ ਅਧਿਆਪਕਾ ਜੋਤੀ ਬਾਲਾ ਦਾ ਨਾਂਓ ਲੈਣਾ ਵੀ ਉਹ ਨਹੀ ਭੁੱਲਦੀ। ਪ੍ਰੀਤ ਦੀ ਖੂਬਸੂਰਤ ਕਲਮ, ਉਡਾਣਾ ਭਰਦੀ, 'ਸੱਚ ਕਹੂ', 'ਨਿਰਪੱਖ ਅਵਾਜ', 'ਆਸ਼ਿਆਨਾ', 'ਸੂਰਜ', 'ਮਹਿਕ ਵਤਨ ਦੀ', 'ਸੰਗੀਤ ਦਰਪਣ', 'ਫਿਲਮੀ ਫੋਕਸ', 'ਅਦਬੀ ਸਾਂਝ', 'ਪੰਜਾਬੀ ਇੰਨ ਹਾਲੈਂਡ' 'ਸਕੇਪ ਪੰਜਾਬ' 'ਪੰਜ-ਆਬੀ ਸੱਥ', 'ਨਿੱਡਰ ਅਵਾਜ', 'ਪੰਜਾਬੀ ਨਿਊਜ਼ ਮਾਸਟਰ', 'ਮੀਰਜਾਦਾ', 'ਲੋਕ-ਲੀਡਰ', 'ਸੱਤ ਸਮੁੰਦਰੋਂ ਪਾਰ', 'ਸਮਰਾਟ', 'ਪੰਜਾਬੀ ਡਾਟ ਕਾਮ' ਅਤੇ 'ਬੁਰਜ ਸਿੱਧਵਾਂ' ਆਦਿ ਅਨੇਕਾਂ ਪੇਪਰਾਂ ਦੇ ਕਾਲਮਾਂ ਦਾ ਸ਼ਿੰਗਾਰ ਬਣ ਚੁੱਕੀ ਹੈ। ਪੁਸਤਕ-ਪ੍ਰਕਾਸ਼ਨਾ ਖੇਤਰ ਵਿਚ 'ਹੋਕਾ ਕਲਮਾਂ ਦਾ' ਸਾਂਝੇ ਕਾਵਿ-ਸੰਗ੍ਰਹਿ ਵਿਚ ਹਾਜਰੀਆਂ ਭਰਨ ਤੋਂ ਬਾਅਦ, 'ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ:)', 'ਅਦਾਰਾ ਅਦਬੀ ਸਾਂਝ' ਅਤੇ 'ਚਾਇਲਡ ਏ ਸਪੋਟ' ਨਾਂਓ ਦੀਆਂ ਸੰਸਥਾਵਾਂ ਦੁਆਰਾ ਕੱਢੀਆਂ ਜਾ ਰਹੀਆਂ ਸਾਂਝੀਆਂ ਪ੍ਰਕਾਸ਼ਨਾਵਾਂ ਵਿਚ ਪਰੂਫ-ਰੀਡਿੰਗ ਤੱਕ ਦਾ ਸਫਲ ਮੁਕਾਮ ਹਾਸਲ ਕਰ ਚੁੱਕੀਆਂ ਹਨ, ਉਸ ਦੀਆਂ ਰਚਨਾਵਾਂ। ਸ਼ਾਲ੍ਹਾ! ਕਲਮੀ-ਤਪੱਸਿਆ ਵਿਚ ਜੁਟੀ, ਅੰਬਰ ਵਲ ਪ੍ਰਵਾਜ ਭਰਦੀ, ਇਹ ਖੂਬਸੂਰਤ ਨਿਵੇਕਲੀ ਕਲਮ, ਅਜੀਮ ਪੇਸ਼ਕਾਰੀਆਂ ਦਿੰਦੀ, ਛੋਟੀਆਂ ਛੋਟੀਆਂ ਮੰਜ਼ਲਾਂ ਸਰ ਕਰਦੀ, ਇਕ-ਨਾ-ਇਕ ਦਿਨ ਵੱਡੀਆਂ ਸ਼ਾਨਦਾਰ ਮੰਜ਼ਲਾਂ ਦੀਆਂ ਸਿਖ਼ਰਾਂ ਨੂੰ ਜਾ ਛੂਹਵੇ ! ਆਮੀਨ !

ਕਹਾਣੀ

# ਪਹਿਲੀ ਇੱਟ



ਐੱਸ ਬਲਵੰਤ
s.balwantuk@yahoo.co.uk

ਜ਼ੁਬੇਦਾ ਦੇ ਅੱਬਾ ਨੂੰਲਗਦਾ ਸੀ ਕਿ ਉਸ ਦੀ ਔਲਾਦ ਬਾਰੇ ਉਸੇ ਦੀ ਸੋਚ ਹੀ ਔਲਾਦ ਦੀ ਆਖਰੀ ਪਸੰਦ ਹੈ। ਉਸੇ ਸੋਚ ਦੇ ਆਧਾਰ ਤੇਜ਼ੁਬੇਦਾ ਦੇ ਅੱਬਾ ਨੇ ਉਸ ਨੂੰ ਸੁਜਾਹ ਨਾਲ ਵਿਆਹ ਕੇ ਵਿਲਾਇਤ ਤਾਂ ਭੇਜ ਦਿੱਤਾਪਰਉਨ੍ਹਾਂਦੋਹਾਂ ਦੀ ਉਮਰ ਦੇ ਅੱਧੋ-ਅੱਧੀ ਫਰਕ ਦੇ ਅਹਿਸਾਸ ਨੂੰ ਵੀ ਕਿਸੇ ਨਾ ਦੇਖਿਆ। ਦੋਵਾਂ ਦੀ ਪੜ੍ਹਾਈ ਲਿਖਾਈ ਅਤੇ ਕਾਬਲੀਅਤ ਦਾ ਵੀ ਖਿਆਲ ਨਾ ਕੀਤਾ। ਉਮਰ ਦੇ ਨਾਲ ਨਾਲ ਜ਼ੁਬੇਦਾ ਅੱਜ ਦੀ ਸੋਚੀ-ਫਿਜ਼ਾ ਵਿਚ ਉੜਨ ਦੇ ਸੁਪਨੇ ਲੈਂਦੀ ਸੀ।ਸੁਜਾਹ ਭਾਵੇਂ ਇੰਗਲੈਂਡ ਦੀ ਧਰਤੀ 'ਤੇ ਵਿਚਰ ਰਿਹਾ ਸੀ ਪਰਉਹ ਪੈਸੇ ਦੇ ਘੁਮੰਡ ਵਿਚ ਹਾਲੇ ਵੀ ਅੱਧੀ ਸਦੀ ਪਿਛੇ ਵੱਸਦੀ ਨਵਾਬੀ ਠਾਠ ਨੂੰ ਜੱਫਾ ਮਾਰੀ ਬੈਠਾ ਸੀ। ਵਿਦੇਸ਼ੀ ਧਰਤੀ ਤੇ ਪੌਂਡਾਂ ਦੀ ਖਣਕਾਰ ਨੇ ਜ਼ੁਬੇਦਾ ਲਈ ਚੁਣੇ ਵਰ ਦੀ ਪੈਂਹਠ ਸਾਲਾਂ ਦੀ ਉਮਰ ਦਾ ਵੀ ਖਿਆਲ ਨਾ ਕੀਤਾ ਜਦਕਿ ਖੁਦ ਜ਼ੁਬੇਦਾ ਹਾਲੇ ਛੱਬੀਆਂ ਦੀ ਹੀ ਹੋਈ ਸੀ।

ਜ਼ੁਬੇਦਾਨੇ ਵਿਆਹ ਵੇਲੇ ਚੂੰਅ ਤਕ ਨਾ ਕੀਤੀ ਤੇ ਪੇਰੈਂਟਸ ਵਲੋਂ ਤੇ ਸਮਾਜਕ ਬੰਧਨਾਂ ਦੀਆਂ ਸਾਰੀਆਂ ਰਸਮਾਂ ਪ੍ਰਵਾਨ ਚੜ੍ਹਾਈਆਂ। ਅੱਬਾ-ਅੰਮੀ ਦਾ ਹੁਕਮ ਮੰਨਿਆ...ਸਮਾਜ ਦੀ ਕੁੱਖਚੋਂ ਉਕਰੇ ਨਿਯਮਾਂ ਦਾ ਪਾਲਣ ਪੂਰੀ ਸ਼ਿੱਦਤ ਨਾਲ ਕੀਤਾ!...ਪਰ ਖਾਹਸ਼ਾਂ ਤੇ ਸੋਚਾਂ ਦੇ ਖੰਭ ਉਸ ਨੂੰ ਆਪਣੀ ਹੀ ਰੂਹ ਦੀਆਂ ਉਡਾਰੀਆਂ 'ਚ ਆਪਣੇ ਹੀ ਤਰੀਕੇ ਨਾਲ ਉਡਾਉਂਦੇ ਰਹੇ।

ਜ਼ੁਬੇਦਾ ਨੂੰ ਵਲਾਇਤ 'ਚ ਆ ਕੇ ਇਥੇ ਦੇ ਸਮਾਜ ਦੇ ਤਜੁਰਬਾਤ ਦਾ ਅਹਿਸਾਸ ਹੁੰਦਿਆਂ ਹੀ ਇਹ ਬੇਜੋੜ ਨਰੜ ਕੱਚ ਦੇ ਟੁਕੜਿਆਂ ਵਾਂਗ ਟੁੱਟ ਕੇ ਬਿਖਰ ਗਿਆ। ਆਪਣੇ ਅਣਚਾਹੇ ਖਾਵੰਦ ਨਾਲ ਮੁਕੰਮਲ ਤੋੜ-ਵਿਛੋੜੇ ਤੋਂ ਮਗਰੋਂ ਜ਼ੁਬੇਦਾ ਆਜ਼ਾਦ ਚਿੜੀਆਂ ਵਾਂਗ ਆਪਣੇ ਹਿੱਸੇ ਦਾ ਨਵਾਂ ਆਸਮਾਨ ਲੱਭਦੀ ਬੇਗਾਨੀ ਵਾਦੀਆਂ ਵਿਚ ਉੱਡ ਰਹੀ ਸੀ ਕਿ ਉਸ ਦੀ ਮੁਲਾਕਾਤ ਸ਼ਾਮ ਲਾਲਨਾਲ ਹੋ ਗਈ। ਉਸ ਨੂੰ ਜ਼ੁਬੇਦਾ ਬਹੁਤ ਖੂਬਸੂਰਤ ਲਗੀ । ਅੰਤਾਂ ਦੀ ਹੁਸੀਨ। ਹੌਲੀ ਹੌਲੀ ਉਹ ਇਕ ਦੂਜੇ ਨੂੰ ਕਾਫੀ ਪਸੰਦ ਕਰਨ ਲਗ ਪਏ।ਮੁਲਾਕਾਤਾਂ ਵਧਣ ਨਾਲ ਉਹਨਾਂ ਦੇ ਦਿਲ ਇਕ ਦੂਜੇ ਲਈ ਧੜਕਣ ਲੱਗ ਪਏ। ਪਰ ਜਿਵੇਂ ਜਿਵੇਂ ਉਹ ਇਕ ਦੂਜੇ ਦੇ ਨੇੜੇ ਆਉਂਦੇ ਗਏ, ਸ਼ਾਮ ਨੂੰ ਜ਼ੁਬੇਦਾ ਦੇ ਅੰਦਰਲੇ ਜ਼ਖਮ ਵੀ ਦਿਸਣ ਲੱਗੇ। ਉਂਜ ਉਹ ਆਮ ਬੰਦੇ ਨੂੰ ਨਹੀਂ ਸਨ ਦਿਸਦੇ ਕਿਉਂਕਿ ਜਦ ਉਹ ਮੁਸਕਰਾਉਂਦੀ ਜਾਂ ਖਿਲਖਿਲਾ ਕੇ ਹੱਸਦੀ ਤਾਂ ਲੱਗਦਾ ਕਿ ਦੁਨੀਆਂ ਵਿਚ ਇਸ ਤੋਂ ਵਧ ਖੁਸ਼ ਹੋਰ ਕੋਈ ਇਨਸਾਨ ਨਹੀਂ ਹੋਵੇਗਾ। ਅੰਤਾਂ ਦੀ ਹੁਸੀਨ ਤੇ ਖੁਸ਼ ਨਜ਼ਰ ਅਉਂਦੀ ਸੀ ਉਹ। ਪਰ ਜਦੋਂ ਜ਼ੁਬੇਦਾ ਦੇ ਦਿਲ ਦੀ ਦਰਗਾਹ 'ਚੋਂ ਕੋਈ ਗੱਲ ਨਿਕਲਦੀ ਤਾਂ ਉਹਦੀ ਆਵਾਜ਼ ਵਿਚ ਇਕ ਤਰਾਹਟ ਹੁੰਦੀ...ਇਕ ਚੀਸ ਹੁੰਦੀ...! ਸ਼ਾਮ ਨੂੰ ਉਸ ਦੇ ਨਾਲ ਲੰਦਨ ਦੀਆਂ ਵਾਦੀਆਂ 'ਚ ਘੁੰਮਦਿਆਂ ਕਈ ਵਾਰ ਇਹ ਅਹਿਸਾਸ ਵੀ ਹੋਇਆ। ਉਹ ਇਕ ਦੂਜੇ ਦੇ ਨੇੜੇ ਤਾਂ ਹੁੰਦੇ ਗਏ ਪਰ ਜ਼ਿੰਦਗੀ 'ਚ ਇਕੋ ਰਾਹ ਤੁਰਨ ਲਈ ਉਹਨਾਂ ਦੋਹਾਂ ਦਾ ਨਜ਼ਰੀਆ ਵੱਖੋ-ਵੱਖਰਾਬਣਦਾ ਗਿਆ। ਜ਼ੁਬੇਦਾ, ਸ਼ਾਦੀ-ਸ਼ੁਦਾ ਤੋਂ ਤਲਾਕ-ਸ਼ੁਦਾ ਬਣ ਚੁਕੀ ਸੀ ਅਤੇ ਸ਼ਾਮ ਕੁਆਰਾ। ਇਕ ਮੁਸਲਮਾਨ ਤੇ ਦੂਜਾ ਹਿੰਦੂ। ਸੰਸਕਾਰ ਤਾਂ ਜ਼ੁਬੇਦਾ ਦੇ ਵੀ ਅਜਿਹੇ ਨਹੀਂ ਸਨ ਕਿ ਕਿਸੇ ਗ਼ੈਰ-ਮਰਦ ਦੀ ਤਲਾਸ਼ ਵਿਚ ਲੰਡਨ ਦੀਆਂ ਗਲੀਆਂ ਵਿਚ ਭਟਕਦੀ ਫਿਰਦੀ। ਉਹ ਵੀ ਉਸ ਮੁਸਲਿਮ ਸਮਾਜ ਵਿਚੋਂ ਆਈ ਸੀ, ਜਿੱਥੇ ਖਾਵੰਦ ਨਾਲ ਉਮਰਾਂ ਦਾ ਸਾਥ ਨਿਭਾਉਣ ਦਾ ਪਾਠ ਪੜ੍ਹਾਇਆ ਜਾਂਦਾ। ਪਰ ਇਸ ਛੋਟੀ ਜਿਹੀ ਜ਼ਿੰਦਗੀ ਦੇ ਸਫਰ 'ਚ ਛੋਟੀਆਂ-ਵੱਡੀਆਂ ਪਗਡੰਡੀਆਂ ਲੰਘਦਿਆਂ ਜ਼ੁਬੇਦਾ ਦੇ ਅੰਦਰ ਇਹ ਅਹਿਸਾਸ ਪੂਰੀ ਤਰ੍ਹਾਂ ਭਰ ਚੁਕਾ ਸੀ ਕਿ ਸਮਾਜਕ ਬੰਧਨ ਫਜ਼ੂਲ ਦੀਆਂ ਗੱਲਾਂ ਹਨ। ਇਨ੍ਹਾਂ ਵਿਚ ਧਕਿਆਨੂਸੀ-ਪਾਬੰਦੀਆਂ ਵਧੇਰੇ ਹਨ ਤੇ ਜ਼ਿੰਦਗੀ ਦੀ ਲੋੜੀਂਦੀ ਅਸਲੀਅਤ ਘੱਟ.. ਮੁਖੌਟੇ ਜ਼ਿਆਦਾ ਹਨ ਤੇ ਰੂਹਾਂ ਦੇ ਰਿਸ਼ਤੇ ਘੱਟ... ਇਥੇ ਹਰ ਕੋਈ ਜ਼ਿੰਦਗੀ ਜੀਉਣ ਦੀ ਮਹਿਜ਼ ਸਮਾਜਿਕ ਰਸਮ ਨਿਭਾ ਰਿਹਾ ਹੈ। ਜ਼ਿੰਦਗੀ ਜੀਅ ਕੋਈ ਵੀ ਨਹੀਂ ਰਿਹਾ। ਇਸੇ ਝੂਠੇਪਨ ਦੀ ਕੁੜਿੱਤਣ ਨਾਲ ਸਭ ਕੁਝ ਗਰਕ ਹੋਇਆ ਪਿਆ ਸੀ।

ਜ਼ੁਬੇਦਾ ਹੁਣ ਜ਼ਿੰਦਗੀ ਦੇ ਹਰ ਪੱਖੋਂ ਇਹਨਾਂ ਘਿਸੇ-ਪਿਟੇ ਸੰਸਕਾਰਾਂ ਤੋਂ ਮੁਕਤ ਹੋਣਾ ਚਾਹੁੰਦੀ ਸੀ। ਉਹਦਾ ਇਹ ਮੰਨਣਾ ਸੀ ਕਿ ਮੁਸਲਮਾਨੀ ਤੇ ਹਿੰਦੁਸਤਾਨੀ ਸਮਾਜਾਂ ਵਿਚ ਔਰਤ ਤੇ ਧਰਮ ਨੂੰ ਜਿਸ ਤਰ੍ਹਾਂ ਰੱਖਿਆ ਜਾਂਦਾ, ਹੁਣ ਉਹ ਕਾਬਲੇ-ਬਰਦਾਸ਼ਤ ਨਹੀਂ।

ਉਂਜ ਸ਼ਾਮ ਵੀ ਔਰਤ ਦੀ ਸਮਾਜਿਕ ਸਥਿਤੀ ਬਾਰੇ ਕੁਝ ਇਸ ਤਰ੍ਹਾਂ ਹੀ ਸੋਚਦਾ ਸੀ ਪਰ ਧਕਿਆਨੂਸੀ-ਪਾਬੰਦੀਆਂ ਤੋਂ ਪਾਰ ਲੰਘਣ ਜੋਗਾ ਹੀਆ ਨਹੀਂ ਸੀ ਉਸ ਦੇ ਕੋਲ। ਇਸ ਲਈ ਸ਼ਾਮ ਦੇ ਅੰਦਰ ਇਕ ਦਵੰਦ-ਯੁੱਧ ਚੱਲਦਾ ਰਹਿੰਦਾ।ਪਰ ਜ਼ੁਬੇਦਾ ਜ਼ਿੰਦਗੀ ਦਾ ਇਹ ਅਹਿਮ ਫੈਸਲਾ ਕਰਨ ਲਈ ਮਿਲਣ ਵਾਸਤੇ ਤਿਆਰ ਸੀ ਤੇ ਇਸੇ ਲਈ ਉਹ ਸ਼ਾਮ ਨੂੰ ਅੱਜ ਹੀ ਮਿਲਣ ਵਾਸਤੇ ਜ਼ਿੱਦ ਕਰ ਰਹੀ ਸੀ। ਅਖੀਰ ਉਹ ਦੋਨੋਂ ਮਿਥੀ ਹੋਈ ਥਾਂ ਠੀਕ ਸਮੇਂ ਪਹੁੰਚ ਗਏ।

ਪਰ ਫਿਰ ਵੀ ਆਉਂਦੇ ਹੋਏ ਸ਼ਾਮ ਰਾਹ ਵਿਚ ਵੀ ਕਾਫੀ ਡਰ ਰਿਹਾ ਸੀ। ਕਈ ਤਰ੍ਹਾਂ ਦੇ ਸਵਾਲ ਉੱਭਰ ਰਹੇ ਸਨ। ਬਣੇ ਬਣਾਏ ਤਸੱਵੁਰਾਂ ਮੁਤਾਬਕ ਉਹ ਇਸੇ ਸ਼ਸ਼ੋਪੰਜ ਵਿਚ ਉਲਝਿਆ ਤੁਰ ਰਿਹਾ ਸੀ ਕਿ "ਜ਼ੁਬੇਦਾ ਇਕ ਤਲਾਕ-ਸ਼ੁਦਾ ਔਰਤ ਹੈ...ਪਰ ਫਿਰ ਵੀ ਉਹ ਉਸ ਵੱਲ ਕਿਉਂ ਵਧ ਰਹੀ ਹੈ?...ਕੀ ਉਸ ਦਾ ਪਤੀ ਉਸ ਨੂੰ ਤੰਗ ਕਰਦਾ ਹੋਵੇਗਾ?...ਕੀ ਉਸ ਨੂੰ ਮਾਰਦਾ ਕੁੱਟਦਾ ਹੋਵੇਗਾ?...ਕੀ ਵਾਕਈ ਉਸ ਨੇ ਜ਼ੁਬੇਦਾ ਨੂੰ ਕੈਦ ਕਰਕੇ ਰੱਖਿਆ ਹੋਇਆ ਹੋਵੇਗਾ? ਪਰਉਸ ਨੂੰ ਯਕੀਨ ਨਹੀਂ ਸੀ ਆ ਰਿਹਾ । ਏਨੀ ਖੂਬਸੂਰਤ ਔਰਤ ਨੂੰ ਕੋਈ ਕੁੱਟ-ਮਾਰ ਕਿਵੇਂ ਸਕਦਾ ਹੈ?...ਕੈਦ ਕਿਉਂ ਰੱਖੇਗਾ?"...ਇਹੋ ਜਿਹੀਆਂ ਗੱਲਾਂ ਉਸ ਨੂੰ ਇੰਝ ਸੋਚਣ ਲਈ ਮਜਬੂਰ ਕਰ ਰਹੀਆਂ ਸਨ।

ਅਖੀਰ, ਉਹ ਮਿਥੀ ਹੋਈ ਥਾਂ ਪਹੁੰਚ ਉਹ ਦੋਨੋਂ ਬਹੁਤ 'ਤਪਾਕ ਨਾਲ ਮਿਲੇ ਅਤੇ ਹਾਲ ਚਾਲ ਪੁੱਛਣ ਮਗਰੋਂ ਨਾਲ ਲਗਦੇ ਇਕ ਰੈਸਟੋਰੈਂਟ ਵਿਚ ਜਾ ਵੜੇ। ਖੂੰਜੇ 'ਚ ਖਾਲੀ ਜਿਹੀ ਤੇ ਸ਼ਾਂਤ ਥਾਂ ਲੱਭ ਬੈਠ ਗਏ।ਦੋਨਾਂ ਨੇ ਖਾਣ ਲਈ ਆਪਣਾ ਆਪਣਾ ਆਰਡਰ ਕੀਤਾ। ਜਦੋਂ ਚੁੱਪ ਭਾਰੂ ਹੋਣ ਲੱਗੀ ਤਾਂ ਗੱਲਬਾਤ ਦੀ ਸ਼ੁਰੂਆਤ ਜ਼ੁਬੇਦਾ ਨੇ ਹੀ ਕੀਤੀ, "ਸੋ ਵੱਟ ਹੈਵ ਯੂ ਥੌਟਡੀਅਰ ਸ਼ਾਮ?"

"ਆਈ ਥਿੰਕ ਯੂ ਮਸਟ ਪੈਚ-ਅੱਪ ਵਿਦ ਯੂਅਰ ਹਸਬੈਂਡ !।"

"ਇਜ਼ ਫੀਮੇਲ ਏ ਪੀਸ ਆਫ ਰਬੜ?...ਜੋ ਗਰਮ ਕਰਕੇ ਜਦੋਂ ਮਰਜ਼ੀ, ਜਿੱਥੇ ਮਨ-ਚਾਹੇ ਚਿਪਕਾ ਲਓ ਤੇ ਫਿਰ ਜਦੋਂ ਮਨ ਕਰੇ ਉਤਾਰ ਕੇ ਸੁੱਟ ਦਿਓ?" ਜ਼ੁਬੇਦਾ ਦੀ ਤਿੱਖੀ ਤੇ ਬਾਰੀਕ ਨਜ਼ਰ ਸ਼ਾਮ ਦੀਆਂ ਅੱਖਾਂ ਦੇ ਆਰ-ਪਾਰ ਨਿਕਲ ਗਈ ।ਸ਼ਾਮ ਨੂੰ ਲੱਗਾ ਜਿਵੇਂ ਅਗੋਂ ਗੱਲ ਕਰਨ ਲਈ ਉਹਦੀ ਜ਼ੁਬਾਨ ਹੀ ਬੰਦ ਹੋ ਗਈ ਹੋਵੇ । ਪਰ ਫਿਰ ਪਤਾ ਨਹੀਂ ਕਦੋਂ ਤੇ ਕਿਵੇਂ ਇਹ ਸ਼ਬਦ ਉਹਦੀ ਜ਼ੁਬਾਨ 'ਤੇ ਆ ਗਏ, "ਤੂੰ ਖੁਦਾ ਨੂੰ ਮੰਨਦੀ ਏਂ?"

"ਔਰਤ ਦਾ ਕੋਈ ਖੁਦਾ ਜਾਂ ਰੱਬ ਨਹੀਂ ਹੁੰਦਾ, ਸ਼ਾਮ !"

"ਮਤਲਬ?" ਉਹ ਚੌਂਕਿਆ।

"ਜੇ ਔਰਤ ਦਾ ਕੋਈ ਖੁਦਾ ਜਾਂ ਰੱਬ ਹੁੰਦਾ ਤਾਂ ਉਹ ਕੁੱਖ ਵਿਚ ਹੀ ਨਾ ਮਾਰੀ ਜਾਂਦੀ। ਵੇਚੀ ਜਾਂ ਖਰੀਦੀ ਨਾ ਜਾਂਦੀ। ਚਕਲਾ-ਘਰਾਂ ਵਿਚ ਇਕ ਵਸਤ ਵਾਂਗ ਕੈਦ ਨਾ ਹੁੰਦੀ।...ਜੇ ਔਰਤ ਦਾ ਵੀ ਕੋਈ ਖੁਦਾ ਜਾਂ ਰੱਬ ਹੁੰਦਾ ਤਾਂ ਉਹ ਮਰਦ ਦੇ ਬਰਾਬਰ ਦੀ ਹੈਸੀਅਤ ਲੈ ਕੇ ਪੈਦਾ ਹੁੰਦੀ...ਤੈਨੂੰ ਪਤੈ ਸ਼ਾਮ?...ਇਹ ਖੁਦਾ ਨਾਂਅ ਦਾ ਅਹਿਸਾਸ ਵੀ ਮਰਦ ਦਾ ਹੀ ਪੈਦਾ ਕੀਤਾ ਅਹਿਸਾਸ ਹੈ?...ਤੂੰ ਏਨਾ ਪੜ੍ਹ ਲਿਖ ਕੇ ਵੀ ਇਹ ਮਾਮੂਲੀ ਜਿਹੀ ਗੱਲ ਨਹੀਂ ਜਾਣਦਾ?" ਇਹ ਕਹਿੰਦਿਆਂ ਉਹ ਖੂਬ ਖੁੱਲ੍ਹ ਕੇ ਹੱਸੀ ।



"ਦੇਖ ਜ਼ੁਬੇਦਾ! ਮੈਂ ਵੀ ਇਸ ਪੱਖ ਨੂੰ ਤਸਦੀਕ ਕਰਦਾਂ, ਪਰ ਇਸ ਵਿਚ ਖੁਦਾ...ਰੱਬ ਜਾਂ ਭਗਵਾਨ ਦਾ ਕੀ ਕਸੂਰ?...ਇਹ ਤਾਂ ਉਸ ਸਮਾਜਿਕ ਢਾਂਚੇ ਦਾ ਕਸੂਰ ਹੈ ਜੋ ਔਰਤ ਨੂੰ ਮਰਦ ਦੇ ਆਧੀਨ ਹੋਣ ਦਾ ਪਾਠ ਪੜ੍ਹਾਉਂਦਾ ! ਧਕਿਆਨੂਸੀ ਸੰਸਕਾਰ ਪੈਦਾ ਕਰਦਾ ਤੇ ਹਰ ਕਿਸੇ ਉੱਤੇ ਪਰ ਖਾਸ ਕਰ ਔਰਤ ਉਪਰ ਵਧੇਰੇ ਔਕੜਾਂ ਠੋਸਦਾ ਹੈ।"

"ਚੱਲ ਠੀਕ ਹੈ...ਇਸ ਸੜੇ ਸਿਸਟਮ ਨੂੰ ਮੈਂ ਹੁਣ ਨਹੀਂ ਮੰਨਦੀ! ਮੈਨੂੰ ਚੰਗੀ ਤਰ੍ਹਾਂ ਪਤਾ, ਮੈਂ ਕੀ ਕਰ ਰਹੀ ਹਾਂ ਤੇ ਕੀ ਕਰਨਾ ਚਾਹ ਰਹੀ ਹਾਂ...ਪਰ ਤੂੰ ਕੀ ਚਾਹੁੰਨਾਂ ਏਂ...ਏਹ ਤਾਂ ਦੱਸ?" ਜ਼ੁਬੇਦਾ ਤੇ ਸ਼ਾਮ ਨੇ ਆਪੋ-ਆਪਣੀ ਡਰਿੰਕ ਦਾ ਘੁੱਟ ਭਰਿਆ ।ਦੋਨੋ ਕੁਝ ਦੇਰ ਸੋਚਦੇ ਰਹੇ। ਅਗਲੇ ਪਲ ਵਕਤੀ-ਚੁੱਪ ਨੂੰ ਸ਼ਾਮ ਨੇ ਤੋੜਿਆ, "ਮੈਂ ਹਾਲੇ ਵਿਆਹ ਨਹੀਂ ਕਰਨਾ ਚਾਹੁੰਦਾ!" ਉਸ ਨੇ ਦੋ-ਟੁੱਕ ਗੱਲ ਮੁਕਾ ਦਿੱਤੀ।

"ਮੈਂ ਤੈਨੂੰ ਆਪਣੇ ਅੰਦਰ ਜਜ਼ਬ ਕਰ ਚੁਕੀ ਹਾਂ। ਮੇਰਾ ਨਜ਼ਰੀਆ ਇਹ ਹੈ ਕਿ ਅਸੀਂ ਦੋ ਸੱਚੇ ਦੋਸਤਾਂ ਵਾਂਗ ਹੀ ਰਹੀਏ...ਕੀ ਇਕ ਜਵਾਨ ਮਰਦ ਤੇ ਜਵਾਨ ਔਰਤ ਵਿਚਕਾਰ ਸਿਰਫ ਵਿਆਹ ਦਾ ਹੀ ਰਿਸ਼ਤਾ ਹੋ ਸਕਦਾ ਹੈ?... ਆਪਾਂ ਜਿਸ ਪੱਛਮੀ ਕਲਚਰ ਵਿਚ ਰਹਿ ਰਹੇ ਹਾਂ... ਉਹ ਇਸ ਬੰਧਨ ਨੂੰ ਓਨੀ ਅਹਿਮੀਅਤ ਨਹੀਂ ਦੇਂਦਾ, ਜਿੰਨਾ ਆਪਣੇ ਦੇਸੀ ਲੋਕ ਦੇਂਦੇ ਹਨ।" ਜ਼ੁਬੈਦਾ ਨੇ ਸ਼ਬਾਬ ਤੇ ਗੁੱਸੇ ਨਾਲ ਭਰੀਆਂ ਆਪਣੀਆਂ ਅੱਖਾਂ ਉਹਦੇ ਚਿਹਰੇ ਉੱਤੇ ਗੱਡ ਦਿੱਤੀਆਂ ਤਾਂ ਅੱਜ ਸ਼ਾਮ ਜ਼ੁਬੇਦਾ ਦੇ ਹੁਸਨ ਨੂੰ ਦੇਖ ਇਕ ਪਲ ਲਈ ਤਰਾਹ ਉਠਿਆ, ਪਰ ਬੋਲ ਕੁਝ ਨਾ ਸਕਿਆ ਤਾਂ ਜ਼ੁਬੈਦਾ ਨੇ ਆਪਣੀ ਗੱਲ ਜਾਰੀ ਰਖੀ, "ਖ਼ੈਰ! ਪਰਫਿਰ ਤੂੰ ਚਾਹੁੰਨਾਂ ਕੀ ਏਂ?"

"ਦੇਖ ਜ਼ੁਬੇਦਾ! ਜਦੋਂ ਮੈਂ ਤੇਰੇ ਵੱਲ ਵਧਿਆ ਸੀ, ਮੈਨੂੰ ਨਹੀਂ ਸੀ ਪਤਾ ਕਿ ਤੂੰ ਸ਼ਾਦੀ- ਸ਼ੁਦਾ ਏਂ...ਮੈਂ ਤੇਰੀ ਬੈਕ-ਗਰਾਊਂਡ ਵੀ ਨਹੀਂ ਸੀ ਜਾਣਦਾ ਕਿ ਤੂੰ ਮੁਸਲਮਾਨ ਹੈਂ ! ਬੱਸ ਤੇਰੀ ਖੂਬਸੂਰਤੀ ਤੇ ਤੇਰੇ ਲਹਿਜੇ ਨੇ ਹੀ ਮੈਨੂੰ ਕੀਲ੍ਹ ਲਿਆ ਸੀ!... ਤੂੰ ਅੱਜ ਅਹਿਸਾਸ ਨਹੀਂ ਕਰ ਰਹੀ...ਪਰ ਕਲ੍ਹ ਨੂੰ ਸਭ ਚੇਤੇ ਆਉਣਗੇ ਜਦੋਂ ਆਪਣੀ ਔਲਾਦ ਦਾ ਮਸਲਾ ਆਏਗਾ...ਸਾਡੇ ਸਭਿਆਚਾਰ ਵੱਖੋ-ਵੱਖਰੇ ਰੀਤ ਰਿਵਾਜ ਮੰਗਦੇ ਹਨ...!"

"ਓਸ਼ਿਟ !ਤੂੰ ਏਨਾ ਬੇਵਾਕੂਫ ਹੈਂ?...ਮੈਂ ਇਹ ਕਦੇ ਸੋਚ ਵੀ ਨਹੀਂ ਸੀ ਸਕਦੀ !...ਮੈਂ ਸੋਚਦੀ ਸੀ ਕਿ ਤੂੰ ਤੇ ਮੈਂ ਇਕ ਨਵੇਂ ਸਭਿਆਚਾਰ ਦੀ ਰਚਨਾ ਕਰਾਂਗੇ...ਜਿਸ ਵਿਚ ਇਹੋ ਜਿਹੇ ਰੀਤੀ-ਰਿਵਾਜਾਂ ਦੀ ਕੋਈ ਥਾਂ ਨਹੀਂ ਹੋਵੇਗੀ ! ਉਸ ਸਮਾਜ ਦੀ ਪਹਿਲੀ ਇੱਟ ਆਪਾਂ ਲਾਵਾਂਗੇ !"

"ਮੇਰੇ ਲਈ ਇਹ ਸੰਭਵ ਨਹੀਂ...ਸ਼ਾਇਦ ਮੈਂ ਬਹੁਤ ਕਮਜ਼ੋਰ ਇਨਸਾਨ ਹਾਂ ! ਇਹ ਸਭ ਬਕਵਾਸ ਹੈ ਕਿ ਇਕ ਹਿੰਦੂ ਆਪਣੇ ਆਪ ਵਿਚ ਸਭ ਨੂੰ ਸਮੋਅ ਲੈਂਦਾ। ...ਮੈਂ ਤਾਂ ਮੁਸਲਮਾਨ ਔਰਤ ਨਾਲ ਮਿਲ ਕੇ ਇਕ ਨਵੇਂ ਸਭਿਆਚਾਰ ਦੀ ਨੀਂਹ ਰੱਖਣ ਲਈ ਪਹਿਲੀ ਇੱਟ ਲਾਉਣ ਦੀ ਵੀ ਹਿੰਮਤ ਨਹੀਂ ਰੱਖ ਸਕਦਾ।"

"ਜਦੋਂ ਆਪਾਂ ਪਹਿਲੀ ਵੇਰ ਮਿਲੇ ਤਾਂ ਇਕ ਆਸ ਜਾਗੀ ਸੀ ਮੇਰੇ ਮਨ ਵਿਚ...ਇਸੇ ਉਮੀਦ ਕਰਕੇ ਮੈਂ ਸ਼ਾਦੀ-ਸ਼ੁਦਾ ਤੋਂ ਤਲਾਕ-ਸ਼ੁਦਾ ਬਣ ਗਈ । ਮੇਰੇ ਅੰਦਰ ਇਹ ਸਭ ਤੇਰੇ ਪ੍ਰਤੀ ਜਾਗੀ ਮੁਹੱਬਤ ਦੀ ਤਾਕਤ ਨਾਲ ਹੀ ਵਾਪਰਿਆ।...ਤੇਰਾ ਧਰਮ ਹੀ ਤਾਂ ਕਹਿੰਦਾ ਹੈ ਕਿ ਰੱਬ ਪ੍ਰਾਪਤ ਕਰਨ ਲਈ ਆਪਣੇ ਆਪ ਵਿਚ ਸ਼ਰਧਾ ਜਗਾਓ !...ਪਰ ਖ਼ੈਰ!...ਤੂੰ ਦਿਲ ਦੀ ਗੱਲ ਨਹੀਂ ਖੋਲ੍ਹਣੀ ਤਾਂ ਨਾ ਖੋਲ੍ਹ !...ਪਰ ਇਹ ਤਾਂ ਦੱਸ ਤੂੰ ਮੇਰੇ ਵੱਲ ਕੀ ਸੋਚਕੇ ਕਦਮ ਵਧਾਏ ਸਨ?"

"ਹੁਣ ਤਾਂ ਮੈਂ ਤੇਰੀ ਮਦਦ ਹੀ ਕਰਨਾ ਚਾਹੁੰਨਾਂ ਹਾਂ?"

"ਮੈਂ ਕਿਸੇ ਤਕਲੀਫ਼ 'ਚ ਨਹੀਂ ਫਸੀ ਹੋਈ ਮਿਸਟਰ ਸ਼ਾਮ ਕਿ ਮੈਨੂੰ ਤੇਰੀ ਮਦਦ ਦੀ ਲੋੜ ਹੋਵੇ...ਮੇਰੇ ਕੋਲ ਸਭ ਕੁਝ ਹੈ...ਖੂਬਸੂਰਤ ਸਰੀਰ...ਆਪਣਾ ਅਪਾਰਟਮੈਂਟ... ਚੰਗੀ ਨੌਕਰੀ ਤੇ ਆਜ਼ਾਦ ਮਨ!... ਮੈਂ ਆਪਣੀ ਮਦਦ ਆਪ ਕਰਨ ਦੇ ਯੋਗ ਹਾਂ!...ਪਰ ਤੈਨੂੰ ਸਿਰਫ ਇਸ ਲਈ ਬੁਲਾਇਆ ਕਿ ਆਪਾਂ ਦੋਵੇਂ ਇਕ ਦੂਜੇ ਨੂੰ ਪਸੰਦ ਕਰਦੇ ਹਾਂ! 'ਡੇ ਬਹੁਤੇ ਵਿਚਾਰ ਇਕੋ ਜਿਹੇ ਹਨ !... ਮੇਰੇ ਕੋਲ ਘਾਟ ਹੈ ਤਾਂ ਬੱਸ ਆਪਣੇ ਹਾਣ ਦੇ ਸੱਚੇ ਪਿਆਰ ਦੀ। ਉਸ ਪਿਆਰ ਦੀ ਜੋ ਮੇਰੇ ਹਾਣ ਦਾ ਹੋਵੇ। ਜੋ ਮੇਰੇ ਦਿੱਲ ਦੀ ਗੱਲ ਉਸ ਦੀ ਧੜਕਣ ਤੋਂ ਹੀ ਪੜ੍ਹ ਲਵੇ... ਮੇਰਾ ਵਿਲਾਇਤ ਆਉਣਾ ਮੇਰੀ ਚਾਹਤ ਨਹੀਂ ਸੀ...ਇਹ ਮਾਪਿਆਂ ਦਾ ਹੁਕਮ ਸੀ...ਉਹਨਾਂ ਦਾ ਹੁਕਮ ਮੰਨਣਾ ਮੇਰੀ ਇਕ ਸਮਾਜਿਕ ਮਜਬੂਰੀ ਸੀ...ਉਦੋਂ ਮੈਂ ਮੰਨ ਗਈ...! ਮੇਰੇ ਪੇਕੇ ਸਮਾਜ ਵਿਚੋਂ ਮੈਂ ਪੂਰੇ ਮਾਣ ਤਾਣ ਨਾਲ ਤੋਰੀ ਹੋਈ ਧੀ ਹਾਂ...ਪਰ ਹੁਣ ਮੈਨੂੰ ਕੋਈ ਮਜਬੂਰੀ ਨਹੀਂ...ਮਹਿਜ਼ ਮੁਖੌਟੇ ਪਹਿਨ ਕੇ ਰਸਮੀ ਜ਼ਿੰਦਗੀ ਜੀਉਣ ਤੋਂ ਮੈਨੂੰ ਨਫਰਤ ਹੈ...ਪਿਆਰ ਚਾਹੀਦਾ ਮੈਨੂੰ ਤੇਰੇ ਕੋਲੋਂ !...ਦੇ ਸਕਦਾਂ ਮੈਨੂੰ ਇਕ ਉਹ ਵਿਸ਼ਵਾਸ ਜਿਸ ਦੀ ਮੈਨੂੰ ਤਲਾਸ਼ ਹੈ?"

ਸ਼ਾਮ ਹੁਣ ਗੁੰਮ-ਸੁੰਮ ਹੋ ਚੁਕਾ ਸੀ ਤੇ ਜ਼ੁਬੇਦਾ ਬੇਹੱਦ ਜਜ਼ਬਾਤੀ, "ਜਦੋਂ ਮੈਂ ਤੇਰੇ ਨੇੜੇ ਹੋਈ ਤਾਂ ਮੈਨੂੰ ਮਹਿਸੂਸ ਹੋਇਆ ਸੀਕਿ ਮੇਰਾ ਮਰਦ ਤੂੰ ਹੀ ਹੋ ਸਕਦਾਂ। ਉਦੋਂ ਤੂੰਜ਼ਾਤਾਂ-ਪਾਤਾਂ ਤੋਂ ਉਪਰ ਦੀਆਂ ਗੱਲਾਂ ਕਰਦਾ ਸੀ। ਮੈਨੂੰ ਲੱਗਾ ਸੀ ਕਿ ਤੂੰ ਧਕੀਆਨੂਸੀ ਸੰਸਕਾਰਾਂ ਤੋਂ ਕੋਹਾਂ ਦੂਰ ਹੈਂ! ਬਗੈਰ ਮੁਖੌਟੇ ਵਾਲਾ ਮਰਦ!... ਪਰ ਅੱਜ...?"

"ਪਰ ਤੇਰੀ ਇਹ ਹਾਲਤ ਬਣੀ ਕਿਵੇਂ? ਇਸ ਵਿਚ ਤੇਰਾ ਕੋਈ ਹਿੱਸਾ ਨਹੀਂ ਸੀ? ਤੂੰ ਨਿਕਾਹ ਤਾਂ ਕਬੂਲ ਕੀਤਾ ਹੋਵੇਗਾ? ਇੱਛਾ ਜਾਂ ਮਜ਼ਬੂਰੀ-ਵੱਸ!" ਸ਼ਾਮ ਨੇ ਉਹਨੂੰ ਕੁਰੇਦ ਦਿੱਤਾ।

"ਹਾਂ !...ਨਿਕਾਹ ਮੈਂ ਕਬੂਲ ਕੀਤਾ ਸੀ। ਇਸ ਨੂੰ ਮੇਰਾ ਕਸੂਰ ਮੰਨ ਲੈ ਭਾਵੇਂ ਮਜ਼ਬੂਰੀ ਜਾਂ ਲਾਲਚ ਸਮਝ ਲੈ!" ਉਹ ਰੋਣ-ਹਾਕੀ ਹੋ ਗਈ, "ਮੇਰੇ ਖਾਵੰਦ ਨੂੰ ਆਪਣੀ ਇੱਛਾ ਮੁਤਾਬਕ ਇਕ ਖੂਬਸੂਰਤ ਜਵਾਨ ਬੀਵੀ ਚਾਹੀਦੀ ਸੀ...ਇਕ ਓਰਨਾਮੈਂਟ!...ਆਪਣੇ ਆਸੇ ਪਾਸੇ ਇਹ ਦਿਖਾਉਣ ਲਈ ਕਿ ਉਹ ਮਰਦ ਹੈ ਤੇ ਹਾਲੇ ਵੀ ਇਕ ਖੂਬਸੂਰਤ ਬੀਵੀ ਲਿਆ ਸਕਦਾ!...ਸੋ ਉਹਨੇ ਆਪਣੇ ਜ਼ੋਰ ਨਾਲ ਮੇਰਾ ਸੌਦਾ ਕਰ ਲਿਆ। ਉਹ ਮੈਨੂੰ ਉਹ ਖਰੀਦ ਸਕਦਾ ਸੀ...ਸੋ ਮੈਂ ਵਿਕ ਗਈ...!" ਜ਼ੁਬੇਦਾ ਦੀਆਂ ਅੱਖਾਂ ਵਿਚ ਅਥਾਹ ਸਵੈ-ਭਰੋਸਗੀ ਪਰ ਇਕ ਬੇਬਸੀ ਵੀ ਝਲਕ ਰਹੀ ਸੀ...ਉਹ ਪੱਲ ਭਰ ਲਈ ਚੁੱਪ ਹੋ ਗਈ ਪਰ ਬਾਕੀ ਬਚੇ ਖਾਣੇ ਵਾਲੀ ਪਲੇਟ ਪਰੇ ਕਰ ਆਪਣੀ ਗੱਲ ਜਾਰੀ ਰੱਖੀ, "ਅਰੈਂਜਿਡ ਮੈਰਿਜ ਦਾ ਇਹੀ ਤਾਂ ਪੰਗਾ...ਨਾ ਜਾਣ ਨਾ ਪਹਿਚਾਣ...ਬਸ ਰਸਮਾਂ ਪੂਰੀਆਂ ਕਰੋ ਤੇ ਜਨਮਾਂ ਤੋਂ ਹਿਫਾਜ਼ਿਤ 'ਚ ਰਖੇ ਆਪਣੇ ਮਨ ਤੇ ਸ਼ਰੀਰ ਨੂੰ ਨੰਗਾ ਕਰ ਕੇ ਇਕ ਅਨਜਾਣ ਭੇੜੀਏ ਮੂਹਰੇ ਗੋਸ਼ਤ ਵਾਂਗ ਪਾ ਦਿਓ!... ਅਰੈਂਜਿਡ ਮੈਰਿਜ ਵਿਚ ਵੀ ਇਕ ਖਿੱਚ...ਇਕ ਸਾਂਝ...ਇਕ ਪਿਆਰ...ਇਕ ਅਟੁੱਟ ਰਿਸ਼ਤਾ ਹੋ ਸਕਦਾ...ਪਰ ਮੇਰੇ ਖਾਵੰਦ ਨੇ ਮੈਨੂੰ ਅਰੇਂਜਿਡ ਪਿਆਰ ਦਾ ਮੌਕਾ ਤਾਂ ਕੀ ਦੇਣਾ ਸੀ... ਉਹਦੇ ਧੁਰ ਅੰਦਰ ਤਾਂ ਮਰਦ ਦੀ 'ਮੈਂ' ਭਰੀ ਹੋਈ ਹੈ...ਖਾਨਦਾਨੀ ਦੁਸ਼ਮਣੀ ਭਰੀ ਹੋਈ ਹੈ... ਮੈਂ ਉਹੋ ਜਿਹੇ ਵਿਅਕਤੀ ਦਾ ਆਪਣੀ ਲਾਈਫ 'ਚ ਤੱਸਵੁਰ ਤਕ ਕਦੇ ਨਹੀਂ ਸੀ ਕੀਤਾ... ਇਸ ਲਈ ਮੈਂ ਉਸ ਨੂੰ ਕਦੇ ਵੀ ਆਪਣੀ ਰੂਹ ਤੱਕ ਦੇ ਕਰੀਬ ਨਹੀਂ ਆਉਣ ਦਿੱਤਾ...ਉਹਨੇ ਆਪਣੇ ਤੋਂ ਅੱਧੀ ਉਮਰ ਤੋਂ ਵੀ ਘੱਟ ਤੇ ਆਪਣੇ ਤੋਂ ਕਿਤੇ ਵੱਧ ਪੜ੍ਹੀ ਲਿਖੀ ਕੁਆਰੀ ਮੁਟਿਆਰ ਮੰਗ ਕੇ ਮੇਰੇ ਨਾਲ ਦੁਸ਼ਮਣੀ ਨਿਭਾਈ ਤੇ ਮੇਰੇ ਮਾਪਿਆਂ ਦੀ ਇਸ ਪ੍ਰਵਾਨਗੀ ਬਦਲੇ ਬੋਲੀ 'ਤੇ ਤਾਂ 'ਮੈਂ' ਹੀ ਲੱਗੀ ਨਾ?" ਹੁਣ ਜ਼ੁਬੇਦਾ ਭਰੇ ਗਲੇ ਨਾਲ ਬੋਲ ਰਹੀ ਸੀ, "ਹੁਣ ਮੈਂ ਫੈਸਲਾ ਕਰ ਲਿਆ ਕਿ ਮੈਂ ਆਪਣੀ ਜ਼ਿੰਦਗੀ ਖੁਦ ਜਿਉਣੀ ਹੈ। ਇਸ ਨੂੰ ਆਪਣੇ ਨਜ਼ਰੀਏ ਨਾਲ ਤਰਾਸ਼ਣਾ ਹੈ।...ਤੂੰ ਦੱਸ ! ਮੇਰੇ ਨਾਲ ਤੁਰੇਂਗਾ ਕਿ ਨਹੀਂ? ... ਮੈਂ ਆਪਣਾ ਧਰਮ... ਸਭਿਆਚਾਰ... ਸਮਾਜ... ਝੂਠੀ-ਇਜ਼ਤ... ਥੋਥੀ ਸ਼ੋਹਰਤ... ਤੇ ਉਹ ਸਾਰੇ ਰਿਸ਼ਤੇ ...ਜਿਹਨਾਂ ਨੂੰ ਅਸੀਂ ਕਈ ਨਾਂਅ ਦਿੰਦੇ ਹਾਂ... ਉਸੇ ਮੁਕਾਮ 'ਤੇ ਫੂਕ ਆਈ ਹਾਂ ਜਿਥੋਂ ਮੈਨੂੰ ਮੰਡੀ ਦੀ ਇਕ ਵਸਤ ਵਾਂਗ ਖਰੀਦਿਆ ਗਿਆ ਸੀ।" ਹੁਣ ਜ਼ੁਬੇਦਾ ਇੰਝ ਬੋਲ ਰਹੀ ਸੀ ਜਿਵੇਂ ਪਹਿਲੀ ਵਾਰ ਆਪਣੇ ਮਨ ਦੀ ਗੱਲ ਕਿਸੇ ਆਪਣੇ ਕੋਲ ਕਹਿਣ ਦਾ ਮੌਕਾ ਮਿਲਿਆ ਹੋਵੇ, "ਇਸ ਵਿਲਾਇਤੀ ਸਮਾਜ ਵਿਚ ਕੋਈ ਕਿਸੇ ਵੱਲ ਝਾਕਦਾ ਤਕ ਨਹੀਂ...ਪਰ ਆਪਣਾ ਸਮਾਜ?...ਜਿੱਥੇ ਕੁੜੀਆਂ ਦੀ ਜੰਮਦਿਆਂ ਹੀ ਗਿੱਚੀ ਨੱਪ ਦਿੱਤੀ ਜਾਂਦੀ ਹੈ ਕਿ ਇਹ ਕਿਹੜੀ ਕਮਾਊ ਪੁੱਤ ਹੋਣੀ ਹੈ?...ਜੇ ਕਿਸੇ ਦੀ ਵਾਹ ਨਹੀਂ ਲਗਦੀ ਤਾਂ ਬੋਝ ਸਮਝ ਕੇ ਪਾਲ ਲਿਆ ਜਾਂਦਾ...ਤੇ ਅਖੀਰ ਕੁੜੀ ਦੀ ਚਾਹਤ-ਬੇਚਾਹਤ ਪੁੱਛੇ ਬਗੈਰ ਫਜ਼ੂਲੀ ਗੈਰਤ ਦੇ ਫਿਕਰ ਵਿਚ ਧੱਕੇ ਮਾਰ ਕੇ ਇਕ ਐਸੇ ਥੰਮ੍ਹੇਂ ਨਾਲ ਬੰਨ੍ਹ ਦਿੱਤਾ ਜਾਂਦਾ ਜਿਸ ਦਾ ਉਸ ਕੁੜੀ ਨੇ ਕਦੇ ਸੁਪਨਾ ਤਾਂ ਕੀ ਕਦੇ ਅੰਦਾਜ਼ਾ ਵੀ ਨਹੀਂ ਲਗਾਇਆ ਹੁੰਦਾ?...ਮੇਰੇ ਨਾਲ ਵੀ ਇੰਝ ਹੀ ਹੋਇਆ...ਉਮਰ ਦਾ ਅੱਧੋ-ਅੱਧ ਫਰਕ?...ਕਿੰਝ ਮਿਲ ਸਕਣੀਆਂ ਸੀ ਸਾਡੀਆਂ ਰੀਝਾਂ ਤੇ ਰੂਹਾਂ?...ਕਿੱਥੇ ਮਿਲਣੇ ਸੀ ਸਾਡੇ ਦਿਲ ਤੇ ਖਿਆਲ?"

ਸ਼ਾਮ ਖਾਮੋਸ਼ ਬੈਠਾ ਇਹ ਸਭ ਸੁਣੀ ਜਾ ਰਿਹਾ ਸੀ। ਉਸ ਦੇ ਦਿਲ ਨੂੰ ਜ਼ੁਬੇਦਾ ਦੇ ਜਜ਼ਬਾਤ ਟੁੰਬ ਤਾਂ ਰਹੇ ਸਨ ਪਰ ਉਸਦੇ ਸੰਸਕਾਰ ਉਸ ਨੂੰ ਇਹ ਇਜਾਜ਼ਤ ਨਹੀਂ ਸਨ ਦਿੰਦੇ ਕਿ ਇਕ ਤਲਾਕ-ਸ਼ੁਦਾ ਤੇ ਉਹ ਵੀ ਮੁਸਲਮਾਨ ਔਰਤ ਨਾਲ ਉਮਰ ਭਰ ਦਾ ਰਿਸ਼ਤਾ ਜੋੜ ਲਵੇ। "ਕੀ ਕਹਿਣਗੇ ਮੇਰੇ ਮਾਪੇ ਤੇ ਰਿਸ਼ਤੇਦਾਰ?" ਪਰ ਜ਼ੁਬੇਦਾ ਔਰਤ ਦੇ ਰੂਪ ਵਿਚ ਆਪਣੇ ਸਮਾਜੀ ਚੌਖਟੇ ਦੇ ਦੂਜੇ ਪਾਸੇ ਇਕ ਚੱਟਾਨ ਵਾਂਗ ਖੜ੍ਹੀ, ਟੱਸ ਤੋਂ ਮੱਸ ਨਹੀਂ ਸੀ ਹੋ ਰਹੀ। ਉਸ ਦੀਆਂ ਅੱਖਾਂ ਵਿਚ ਅੰਤਾਂ ਦਾ ਸਵੈ-ਮਾਣ ਸੀ ਪਰ ਸ਼ਾਮ ਦੀਆਂ ਅੱਖਾਂ ਵਿਚ ਡੂੰਘੀ ਸੋਚ । ਜ਼ੁਬੇਦਾ ਦੀਆਂ ਅੱਖਾਂ ਜਵਾਬ ਮੰਗ ਰਹੀਆਂ ਸਨ ਪਰ ਸ਼ਾਮ ਆਪਣੇ ਮਨ ਵਿਚ ਤਨਾਅ ਮਹਿਸੂਸ ਕਰ ਰਿਹਾ ਸੀ।

ਬਿੱਲ ਦੇ ਕੇ ਉਹ ਬਾਹਰ ਨਿਕਲ ਕੁਝ ਕਦਮ ਅਗਾਂਹ ਤੁਰੇ ਪਰ ਅਖੀਰ ਸ਼ਾਮ ਕੋਈ ਵੀ ਉੱਤਰ ਦਿੱਤੇ ਬਗੈਰ ਹੀ "ਬਾਈ-ਬਾਈ" ਕਹਿ ਆਪਣੀ ਕਾਰ ਵੱਲ ਨੂੰ ਤੁਰ ਪਿਆ ਪਰ ਜ਼ੁਬੇਦਾ ਨੇ ਉਹਨੂੰ ਰੋਕ ਕੇ ਏਨਾ ਜ਼ਰੂਰ ਕਿਹਾ, "ਮੈਂ ਅਗਲੇ ਹਫਤੇ ਈਦ ਤੱਕ, ਤੇਰੀ 'ਹਾਂ' ਜਾਂ 'ਨਾਂਹ' ਦਾ ਇੰਤਜ਼ਾਰ ਕਰਾਂਗੀ!"

ਉਹ ਵਿਛੜ ਤਾਂ ਗਏ ਪਰ ਇਸ ਘਟਨਾ ਨੇ ਸ਼ਾਮ ਦੀਸੋਚ ਨੂੰਜਕੜ ਲਿਆ ਜੋ ਕਹਿ ਰਹੀ ਸੀ ਕਿ "ਜ਼ੁਬੇਦਾ ਬਾਗੀ ਹੋ ਚੁੱਕੀ ਹੈ...ਸੰਸਕਾਰਾਂ ਦਾ ਰੱਤੀ ਵੀ ਧਿਆਨ ਨਹੀਂ ਹੈ ਉਸ ਨੂੰ !...

ਜਿਹੜੇ ਦਾਨਿਸ਼ਵਰਾਂ ਇਹ ਸਮਾਜੀ ਕਾਨੂੰਨ ਜਾਂ ਵਿਆਹ-ਸੰਸਥਾ ਬਣਾਏ ਹੋਣਗੇ ਉਹਨਾਂ ਵੀ ਤਾਂ ਕੁਝ ਸੋਚਿਆ ਹੀ ਹੋਵੇਗਾ?"... ਜ਼ੁਬੇਦਾ ਦਾ ਇਸ ਤਰ੍ਹਾਂ ਬਾਗੀ ਹੋ ਜਾਣਾ ਉਸ ਨੂੰ ਅਜੀਬ ਲੱਗ ਰਿਹਾ ਸੀ !...ਉਹ ਸੋਚ ਰਿਹਾ ਸੀ ਕਿ ਵਿਆਹ-ਸੰਸਥਾ ਦੀ ਹੋਂਦ...ਆਪਸੀ ਰਿਸ਼ਤਿਆਂ ਦੀਆਂ ਗੰਢਾਂ...ਆਪਸੀ ਭਾਈਚਾਰਾ... ਸਮਾਜ ਦੀ ਉਸਾਰੀ ਲਈ ਇਕ ਲਾਹੇਵੰਦ ਜ਼ਰੀਆ ਰਿਹਾ। ਵਿਆਹ ਸ਼ਬਦ ਇਕ ਆਪਸੀ ਵਿਸ਼ਵਾਸ ਦਾ ਆਧਾਰ ਹੈ। ਇਸ ਵਿਚ ਜ਼ਿੰਦਗੀ ਭਰ ਦਾ ਸਾਥ ਸ਼ਾਮਿਲ ਹੈ। ਸਮਾਜ ਦਾ ਵਿਕਾਸ ਸ਼ਾਮਲ ਹੈ।

ਉਧਰ ਜ਼ੁਬੇਦਾ ਵੀ ਆਪਣੀ ਉਧੇੜ-ਬੁਣ 'ਚ ਮਸਰੂਫ ਸੀ। ਉਹ ਸੋਚ ਰਹੀ ਸੀ ਕਿ ਔਰਤ ਨੂੰ ਭੰਬਲਭੂਸੇ 'ਚ ਪਾਉਣ ਲਈ ਇਹੋ ਜਿਹੇ ਮੁਖੌਟੇ ਹਾਲੇ ਵੀ ਚਿਕਨੇ-ਚੁਪੜੇ ਥੋਬੜੇ ਲਈ ਤੁਰੇ ਫਿਰਦੇ ਹਨ। ਪਰ ਔਰਤ ਕਿਓਂ ਕਿਸੇ ਇਕ ਦੇ ਇਕ-ਤਰਫਾ ਅਧਿਕਾਰ ਥੱਲੇ ਰਹੇ?

ਕਿਉਂ ਉਮਰ ਭਰ ਗੁਲਾਮੀ ਕਰੇ? ਜਦ ਕਿ ਇਸ ਦੇ ਉਲਟ ਮਰਦ ਇਸ ਤਰ੍ਹਾਂ ਦੀ ਆਜ਼ਾਦੀ ਆਪਣੀ ਜੇਹਬ 'ਚ ਪਾਈ ਫਿਰਦੈ? ਵਿਆਹ ਦੀ ਸੰਸਥਾ ਜਦੋਂ ਸਥਾਪਤ ਹੋਈ ਜਾਂ ਇਸ ਪ੍ਰਥਾ ਦੀ ਨੀਂਹ ਰਖੀ ਗਈ ਹੋਵੇਗੀ ਤਾਂ ਓਸ ਵੇਲੇ ਦੇ ਹਾਲਾਤ ਹੋਰ ਹੋਣਗੇ। ਪਰ ਹਰ ਪੁਰਾਣੀ ਨੀਂਹ ਨੂੰ ਤੋੜ ਕੇ ਨਵੀ ਇਮਾਰਤ ਬਨਾਉਣ ਲਈ ਪਹਿਲੀ ਇੱਟ ਕਿਸੇ ਨਾ ਕਿਸੇ ਨੂੰ ਤਾਂ ਲਾਉਣੀ ਹੀ ਪੈਂਦੀ ਹੈ?...

ਇਹ ਇੱਟ ਲਾਉਣ ਲਈ ਔਰਤ ਤਾਂ ਤਿਆਰ ਸੀ ਪਰ ਮਰਦ ਹਾਲੇ ਵੀ ਉਸੇ ਦਹਿਲੀਜ ਦੇ ਅੰਦਰ ਖੜ੍ਹਾ ਸੋਚ ਰਿਹਾ ਸੀ ਕਿ ਕੀ ਗਲਤ ਹੈ ਤੇ ਕੀ ਠੀਕ?

ਜ਼ੁਬੇਦਾ ਨੂੰ ਜੁਆਬ ਤਾਂ ਕੀ ਦੇਣਾ ਸੀ ਹੁਣ ਉਹ ਸੁਪਨੇ ਵਿਚ ਵੀ ਜ਼ੁਬੇਦਾ ਦੇ ਸਾਹਮਣੇ ਹੋਣ ਤੋਂ ਤ੍ਰਭਕ ਰਿਹਾ ਸੀ। ਪਰ ਜ਼ੁਬੇਦਾ ਨੇ ਈਦ ਦਾ ਚੰਨ ਚੜ੍ਹਨ ਤੱਕ ਉਹਦਾ ਬੇਸਬਰੀ ਨਾਲ ਇੰਤਜ਼ਾਰ ਕੀਤਾ।

ਸ਼ਾਮ ਨਹੀਂ ਪਰਤਿਆ ਤਾਂ ਅਖੀਰ ਜ਼ੁਬੇਦਾਆਪਣੇ ਨਾਲ ਹੀ ਚੁੱਕੀ ਲਿਆਈ ਮਜ਼ਹਬੀ ਜਾਂ ਧਾਰਮਿਕ ਸੰਸਾਰਾਂ ਵਿਚ ਤਾਂਡਵ ਨਾਚ ਕਰਦੇ ਸਮਾਜਾਂ ਤੋਂ ਦੂਰ ਇਕ ਐਸੀ ਦੁਨੀਆਂ ਵਿਚ ਮਾਈਗਰੇਟ ਕਰ ਗਈ ਜਿਸ ਦਾ ਅਜੇ ਤਕ ਕਿਸੇ ਹੋਰ ਨੇ ਤਸੱਵਰ ਤੱਕ ਵੀਨਹੀਂ ਸੀ ਕੀਤਾ!

ਕਾਫੀ ਚਿਰ ਬਾਅਦ ਸ਼ਾਮ ਲਾਲ ਨੇ ਇਕ ਖਬਰ ਪੜ੍ਹੀ, "ਸਮੁੰਦਰ ਦੇ ਇਕ ਟਾਪੂ 'ਤੇ ਵੱਸਦਾ ਇਕ ਅਲੱਗ ਸੰਸਾਰ!" ਇਸੇ ਖਬਰ ਦਾ ਵਿਸਥਾਰ ਇਹ ਸੀ ਕਿ ਇਸ ਸਮਾਜ ਵਿਚ ਰਹਿਣ ਵਾਲੇ ਲੋਕ ਹਾਲੇ ਬਹੁਤ ਥੋਹੜੇ ਹਨ ਪਰ ਹਰ ਪੱਲ ਹੋਰ ਤੇ ਹੋਰ ਸ਼ਾਮਿਲ ਹੋਈ ਜਾ ਰਹੇ ਸਨ...ਉਹ ਕਿਸੇ ਧਰਮ...ਜ਼ਾਤ ਜਾਂ ਊਚ-ਨੀਚ ਨੂੰ ਨਹੀਂ ਮੰਨਦੇ...ਇਥੇ ਰੱਬ ਦਾ ਨਾਂਅ ਲੈਣਾ ਜਾਂ ਜ਼ਾਤ-ਪਾਤੀ ਹੋਣਾ ਸਜ਼ਾਏ ਮੌਤ ਨੂੰ ਬੁਲਾਵਾ ਦੇਣਾ ਹੈ...ਲੋਕਾਂ ਦੇ ਨਾਂਅ ਹਰਫਾਂ ਵਿਚ ਨਹੀ ਸਗੋਂ ਹਿੰਦਸਿਆਂ ਵਿਚ ਲਿਖੇ ਜਾਂਦੇ ਹਨ...ਜਿਵੇਂ ਇਸ ਰਾਜ ਦੀ ਪਹਿਲੀ ਔਰਤ ਦਾ ਨਾਂਅ "ਇਕ" ਹੈ ਤੇ ਮਰਦ ਦਾ "ਦੋ" !... ਰਾਜ ਵਲੋਂ ਹਰ ਵਾਸੀ ਤੋਂ ਅੱਠ ਘੰਟੇ ਕੰਮ ਕਰਵਾਇਆ ਜਾਂਦਾ... ਅੱਠ ਘੰਟੇ ਸੌਣ ਲਈ ਦਿੱਤੇ ਜਾਂਦੇ ਹਨ ਤੇ ਬਾਕੀ ਅੱਠ ਘੰਟੇ ਮੌਜ-ਮਸਤੀ ਲਈ... ਇਸ ਦੇਸ਼ ਦੇ ਵਾਸੀ ਦੀ ਹਰ ਲੋੜ ਜ਼ਰੂਰਤ ਮੁਤਾਬਕ ਪੂਰੀ ਕੀਤੀ ਜਾਂਦੀ ਹੈ ਤੇ ਕੰਮ ਉਸ ਦੀ ਲਿਆਕਤ ਮੁਤਾਬਕ ਲਿਆ ਜਾਂਦਾ ਤੇ ਇਕ ਉਮਰ ਬਾਅਦ ਉਸ ਨੂੰ ਆਪਣੀ ਇੱਛਾ ਨਾਲ ਕੁਝ ਵੀ ਕਰਨ ਦੀ ਛੁੱਟ ਹੀ ਨਹੀਂ ਦਿੱਤੀ ਜਾਂਦੀ ਸਗੋਂ ਉਸ ਦੀ ਹਰ ਲੋੜ ਦਾ ਪ੍ਰਬੰਧ ਕੀਤਾ ਜਾਂਦਾ ਹੈ !



# ਮੁਕਤੀ ਦਾਤਾ ਸਤਿਗੁਰੂ ਬਾਲਮੀਕ ਜੀ



ਸ਼ਾਮ ਸੌਂਧੀ
(530)751- 6714
sondhisham@yahoo.com

ਸਤਿਗੁਰੂ ਬਾਲਮੀਕ ਜੀ ਦੇ ਸ਼ਬਦਾਂ ਵਿਚ ਸੰਸਾਰ ਦੇ ਦੁੱਖਾਂ ਤੋਂ ਛੁਟਕਾਰੇ ਦਾ ਨਾਂ ਮੁਕਤੀ ਹੈ। ਗੁਰੂ ਜੀ ਦੇ ਸਿੱਖ ਭਾਰਦਵਾਜ ਨੇ ਬ੍ਰਹਮਾ ਤੋਂ ਜੀਵਨ ਮੁਕਤੀ ਦਾ ਦਾਨ ਮੰਗਿਆ ਕਿ ਸੰਸਾਰੀ ਜੀਵ ਸੰਸਾਰਕ ਦੁੱਖਾਂ 'ਚ ਗ੍ਰਸੇ ਹੋਏ ਹਨ। ਕਿਰਪਾ ਕਰਕੇ ਤੁਸੀਂ ਮੈਨੂੰ ਸੰਸਾਰੀ ਜੀਵਾਂ ਦੇ ਨਾਲ ਸੰਸਾਰਕ ਦੁੱਖਾਂ ਅਤੇ ਕਲੇਸ਼ਾਂ ਤੋਂ ਛੁਟਣ ਲਈ ਜੀਵਨ ਮੁਕਤੀ ਬਖ਼ਸ਼ੋ।

ਇਸ ਕਾਰਜ ਦੀ ਪੂਰਤੀ ਲਈ ਬ੍ਰਹਮਾ ਭਾਰਦਵਾਜ ਨੂੰ ਨਾਲ ਲੈ ਕੇ ਬਾਲਮੀਕ ਜੀ ਦੇ ਆਸ਼ਰਮ ਵਿਚ ਪੁੱਜੇ। ਬ੍ਰਹਮ ਰਿਸ਼ੀ ਬਾਲਮੀਕ ਜੀ ਨੂੰ ਆਖਦੇ ਹਨ ਕਿ 'ਤੁਸਾਂ ਜੋ ਉਪਦੇਸ਼ ਆਪਣੇ ਸ਼ਿਸ਼ਾਂ ਨੂੰ ਦੇਣਾ ਸ਼ੁਰੂ ਕੀਤਾ ਹੋਇਆ ਹੈ, ਜੇ ਇਸ ਉਪਦੇਸ਼ ਨੂੰ ਲਿਖਿਆ ਜਾਵੇ ਤਾਂ ਜੋ ਪ੍ਰਾਣੀ ਇਸ ਗ੍ਰੰਥ ਨੂੰ ਪੜ੍ਹਨ-ਸੁਣਨਗੇ, ਉਹ ਭਵ ਸਾਗਰ ਤੋਂ ਪਾਰ ਹੋ ਜਾਣਗੇ, ਤੁਹਾਡਾ ਇਹ ਲਿਖਿਆ ਹੋਇਆ ਗ੍ਰੰਥ ਰਹਿੰਦੀ ਦੁਨੀਆਂ ਤੱਕ ਅਟੱਲ ਰਹੇਗਾ।' ਇਸੇ ਲਈ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਸਮ ਗ੍ਰੰਥ ਵਿਚ ਕਿਹਾ ਹੈ:

"ਰਾਮ ਕਥਾ ਜਗੋ ਜੁਗ ਅਟਲ"

ਬ੍ਰਹਮਾ ਨੇ ਆਖਿਆ, "ਇਹੋ ਗੱਲ ਕਹਿਣ ਲਈ ਮੈਂ ਇੱਥੇ ਤੁਹਾਡੇ ਪਾਸ ਆਇਆ ਹਾਂ।" ਬ੍ਰਹਮਾ ਦੀ ਬੇਨਤੀ ਪ੍ਰਵਾਨ ਹੋ ਗਈ ਤੇ ਮਹਾਂ ਰਮਾਇਣ ਗ੍ਰੰਥ ਲਿਖਿਆ ਗਿਆ।" ਬਾਅਦ ਵਿਚ ਇਹੋ ਗ੍ਰੰਥ ਸੁਣਾ ਕੇ ਸਤਿਗੁਰੂ ਬਾਲਮੀਕ ਜੀ ਨੇ ਰਾਜਾ ਅਸ਼ਟਰ ਨੇਮੀ ਦਾ ਦੁੱਖ ਦੂਰ ਕੀਤਾ।

ਇੰਦਰ ਆਪਣੇ ਦੇਵ ਦੂਤ ਨੂੰ ਰਾਜਾ ਅਸ਼ਟਰ ਨੇਮੀ ਦੇ ਪਾਸ ਭੇਜ ਕੇ ਕਹਿੰਦਾ ਹੈ ਕਿ 'ਤੁਸੀਂ ਉਸ ਵੈਰਾਗੀ ਰਾਜਾ ਨੂੰ ਯਥਾਰਥ ਆਤਮ ਗਿਆਨ ਦੀ ਪ੍ਰਾਪਤੀ ਲਈ ਤਤਵਾਂ ਦੇ ਗਿਆਤਾ ਮਹਾਂਰਿਸ਼ੀ ਬਾਲਮੀਕ ਦੇ ਆਸ਼ਰਮ ਵਿਚ ਲੈ ਕੇ ਜਾਓ ਅਤੇ ਮਹਾਂਰਿਸ਼ੀ ਬਾਲਮੀਕ ਜੀ ਨੂੰ ਮੇਰਾ ਬੇਨਤੀ ਪੱਤਰ ਦੇਣਾ, ਜਿਸ ਵਿਚ ਕਿਹਾ ਗਿਆ ਕਿ ਐ ਮਹਾ ਮੁਨੀ, ਮਹਾ ਰਿਸ਼ੀ ਪ੍ਰਵਰ ਇਸ ਵਿਨੈਸ਼ ਸ਼ੀਲ ਬੀਤ ਰਾਗ ਤਥਾ ਸਵਰਗ ਵਰਗੇ ਸੁਖ ਸਥਾਨ ਦੀ ਇੱਛਾ ਨਾ ਰੱਖਣ ਵਾਲੇ ਰਾਜਾ ਨੂੰ ਆਪ ਤਤਵ ਗਿਆਨ ਦਾ ਉਪਦੇਸ਼ ਦੇਵੋ।"

ਦੇਵਦੂਤ ਨੇ ਰਾਜੇ ਅਸ਼ਟਰ ਨੇਮੀ ਨੂੰ ਮਹਾਂਰਿਸ਼ੀ ਬਾਲਮੀਕ ਜੀ ਦੇ ਪਾਸ ਪਹੁੰਚਾ ਦਿੱਤਾ ਤੇ ਦੇਵਰਾਜ ਇੰਦਰ ਦਾ ਵੀ ਸੰਦੇਸ਼ ਪੱਤਰ ਰਿਸ਼ੀ ਬਾਲਮੀਕ ਜੀ ਨੂੰ ਸੁਣਾ ਦਿੱਤਾ।

"ਭਗਵਾਨ ਪ੍ਰਸ਼ਦ ਮਿਛਾ ਮਿਤ ਦਵਿ ਧਨੇਨ ਮੇਵਦ
ਸੰਸਾਰ ਬੰਧ ਦੁਖਾਰ ਤੇ : ਕਥੰ ਮੁੰਚਾ ਮਿਤ ਦਵਦ'
ਸ਼ਰਣ ਰਾਜਨ ਪ੍ਰਵਖ ਯਾਮਿ ਰਾਮਾਇਣ ਖੰਡਤਮ
ਸੂਰਤਵਾ ਵਧਾਰਯਯਤ ਨੇਨ ਜੀਵ ਮੁਕਤੋ ਭਵਿਸ਼ਯਤਿ"

ਵੈਰਾਗ ਪ੍ਰਕਣ ਸਹਗ। ਸ਼ਲੋਕ 44 ਤੋਂ 52 ਤੱਕ ਰਾਜਾ ਅਸ਼ਟਰ ਨੇਮੀ ਰਿਸ਼ੀ ਬਾਲਮੀਕ ਜੀ ਨੂੰ ਹੈ। "ਐ ਭਗਵਾਨ ਕ੍ਰਿਪਾ ਕਰਕੇ ਬਿਨਾਂ ਕਿਸੇ ਵਿਘਨ ਦੇ ਮੇਰਾ ਦੁੱਖ ਨਿਵਾਰਣ ਕੀਜੀਏ, ਮੈਂ ਸੰਸਾਰਕ ਬੰਧਨਾਂ ਦੇ ਦੁੱਖਾਂ ਨਾਲ ਪੀੜਿਆ ਜਾ ਰਿਹਾ ਹਾਂ, ਇਸ ਤੋਂ ਮੇਰਾ ਛੁਟਕਾਰਾ ਕਰੇਂ। ਤਾਂ ਬਾਲਮੀਕ ਕਹਿੰਦਾ ਹੈ, ਮੈਂ ਤੈਨੂੰ ਰਾਮਾਇਣ ਦੀ ਕਥਾ ਸੁਣਾਉਂਦਾ ਹਾਂ, ਤੁਸੀਂ ਸੁਣ ਕੇ ਜੀਵਨ ਮੁਕਤ ਹੋਵੋਗੇ।'

ਰਾਮ ਦਾ ਵੈਰਾਗੀ ਹੋਣਾ

ਸੰਸਾਰੀ ਦੁੱਖਾਂ ਨੂੰ ਅਨੁਭਵ ਕਰਦਿਆਂ ਰਾਮ ਵੈਰਾਗੀ ਹੋ ਗਿਆ। ਉਸ ਨੇ ਵੈਰਾਗੀ ਹਾਲਤ ਵਿਚ ਖਾਣਾ, ਪੀਣਾ, ਬੋਲਣਾ, ਚਲਣਾ, ਤੁਰਨਾ-ਫਿਰਨਾ ਬੰਦ ਕਰ ਦਿੱਤਾ। ਉਹ ਦਿਨੋ ਦਿਨ ਕਮਜ਼ੋਰ ਹੁੰਦਾ ਚਲਾ ਗਿਆ। ਉਸਦੀ ਇਹ ਦਸ਼ਾ ਦੇਖ ਕੇ ਰਾਜਾ ਦਸਰਥ ਚਿੰਤਾਤੁਰ ਹੋਇਆ। ਰਾਮ ਦੇ ਇਲਾਜ ਲਈ ਚੰਗੇ-ਚੰਗੇ ਵੈਦ ਬੁਲਾਏ ਗਏ ਪਰ ਰਾਮ ਦੀ ਹਾਲਤ ਵਿਚ ਕੋਈ ਫਰਕ ਨਾ ਪਿਆ। ਜੇ ਸਰੀਰਕ ਰੋਗ ਹੁੰਦਾ ਤਾਂ ਫਰਕ ਪੈਂਦਾ, ਉਸ ਨੂੰ ਤਾਂ ਮਾਨਸਿਕ ਰੋਗ ਸੀ। ਉਸਦਾ ਇਹ ਰੋਗ ਦੂਰ ਕਰਨ ਲਈ ਵਿਸ਼ਵਾਮਿਤਰ ਦੇ ਕਹਿਣ 'ਤੇ ਉਸਨੂੰ ਮੁਨੀ ਵਸ਼ਿਸ਼ਟ ਦੁਆਰਾ ਮਹਾਂਰਿਸ਼ੀ ਬਾਲਮੀਕ ਜੀ ਦੀ ਰਚਨਾ ਮਹਾਂ-ਰਮਾਇਣ ਦੀ ਕਥਾ ਸੁਣਾਈ ਗਈ।

ਰਮਾਇਣ ਸੁਣ ਕੇ ਰਾਮ ਕਹਿੰਦਾ ਹੈ, "ਮੇਰਾ ਭਰਮ ਮਿਟ ਗਿਆ, ਦੁਈ ਦਾ ਪੜਦਾ ਉੱਠ ਗਿਆ, ਜਾਨਣ ਯੋਗ ਤੱਤ ਨੂੰ ਮੈਂ ਜਾਣ ਲਿਆ, ਮੇਰੀ ਕਾਮਨਾ ਮਿਟ ਗਈ, ਮੈਂ ਬ੍ਰਹਮ ਪਦ ਨੂੰ ਪਾ ਲਿਆ ਤੇ ਹੁਣ ਮੈਂ ਬ੍ਰਹਮ ਦਾ ਹੀ ਰੂਪ ਹੋ ਗਿਆ ਹਾਂ।

ਯੋਗ ਵਸ਼ਿਸ਼ਟ ਗ੍ਰੰਥ ਦੇ ਹਿੰਦੀ ਅਨੁਵਾਦਕ ਪੰਡਤ ਸ੍ਰੀ ਰਾਮ ਸ਼ਰਮਾ ਭੂਮਿਕਾ ਪੰਨਾ 40-42 ਉਤੇ ਪੁਰਸ਼ਾਂ ਦਾ ਵਰਣਨ ਕਰਦੇ ਹਨ। ਜਿਹਨਾਂ ਰਮਾਇਣ ਨੂੰ ਸੁਣ ਕੇ ਜੀਵਨ ਮੁਕਤੀ ਪ੍ਰਾਪਤ ਕੀਤੀ, ਜਿਵੇਂ ਕਿ ਰਾਜਾ ਜਨਕ, ਰਾਜਾ ਦਲੀਪ, ਸਵਯੰਭੂ ਮਨੂ, ਰਾਜਾ ਮਾਨ ਧਾਤਾ, ਰਾਜਾ ਬਲ, ਰਾਜਾ ਸ਼ਰਯਤਿ, ਰਾਜਾ ਸਗੜ, ਭਗਤ ਪ੍ਰਹਿਲਾਦ, ਨਾਰਦ ਮੁਨੀ, ਭ੍ਰਿਗੂ ਮੁਨੀ, ਭਾਰਦਵਾਜ, ਵਿਸ਼ਵਾ ਮਿੱਤਰ, ਸ਼ੁਕਰਾਚਾਰੀ-ਆਇਤ ਆਦਿ।

ਮਹਾਂ ਰਮਾਇਣ ਦੇ ਨਾਂ ਦੀ ਬਦਲੀ

ਸਤਿਗੁਰੂ ਬਾਲਮੀਕ ਜੀ ਦੀ ਰਚਨਾ ਮਹਾਂ ਰਾਮਾਇਣ ਦਾ ਨਾਂ ਯੋਗ ਵਸ਼ਿਸ਼ਟ ਕਿਵੇਂ ਪੈ ਗਿਆ? ਲੋਕ ਮਾਨੀਆ ਬਾਲ ਗੰਗਾਧਰ ਤਿਲਕ ਆਪਣੀ ਰਚਨਾ ਗੀਤਾ ਹਸਯ ਦੇ ਪੰਨਾ 4 ਉਤੇ ਅੰਕਿਤ ਕਰਦੇ ਹਨ ਕਿ 'ਮੁਨੀ ਵਸ਼ਿਸ਼ਟ ਦੁਆਰਾ ਰਾਮ ਨੂੰ ਮਹਾਂਰਿਸ਼ੀ ਬਾਲਮੀਕ ਜੀ ਦੀ ਮਹਾਂ ਰਮਾਇਣ ਸੁਣਾਉਣ ਕਾਰਨ ਗ੍ਰੰਥ ਦਾ ਨਾਂ ਮਹਾਂ ਰਾਮਾਇਣ ਤੋਂ ਯੋਗ ਵਸ਼ਿਸ਼ਟ ਪੈ ਗਿਆ ਅਤੇ ਪੰਡਤ ਜਾਨਕੀ ਨਾਥ ਸ਼ਰਮਾ ਕਲਿਆਣ ਦੇ ਯੋਗ ਵਸ਼ਿਸ਼ਟ ਅੰਕ ਜਨਵਰੀ 1961 ਦੇ ਇਕ ਲੇਖ ਵਿਚ ਲਿਖਦੇ ਹਨ ਕਿ "ਯੋਗ ਵਸ਼ਿਸ਼ਟ ਗ੍ਰੰਥ ਦੇ ਮੰਨਣ ਵਾਲਿਆਂ 'ਚੋਂ ਇਹ ਗੱਲ ਲੁਕੀ-ਛਿਪੀ ਨਹੀਂ ਕਿ ਇਹ ਗ੍ਰੰਥ ਭਾਰਤੀ ਹੀ ਨਹੀਂ ਬਲਕਿ ਵਿਸ਼ਵ ਸਾਹਿਤ ਵਿਚ ਗਿਆਨ ਆਤਮਿਕ ਸੂਖਮ ਵਿਚਾਰ ਤਤਵ ਨਰੂ ਮਣ ਭਾਵ ਵਾਸਤਵਿਕ ਰੂਪ ਦਾ ਖੋਲ੍ਹ ਕੇ ਨਿਰਣਾ ਕਰਦਾ ਹੈ। ਅਥਵਾ ਉੱਤਮ ਸਦਾਕਤ ਪੂਰਨ ਗ੍ਰੰਥਾਂ 'ਚੋਂ ਸਰਵ ਸ਼੍ਰੇਸਟ ਗ੍ਰੰਥ ਹੈ। ਇਹ ਮਹਾਂ ਰਾਮਾਇਣ, ਵਸ਼ਿਸ਼ਟ ਰਾਮਾਇਣ ਨਾਲ ਵਿਖਿਆਤ (ਪ੍ਰਸਿੱਧ) ਹੈ, ਕਿਉਂਕਿ ਵਸ਼ਿਸ਼ਟ ਮੁਨੀ ਨੇ ਮਹਾਂ ਰਾਮਾਇਣ ਦੀ ਕਥਾ ਰਾਮ ਨੂੰ ਸੁਣਾਈ ਸੀ, ਜਿਸ ਕਰਕੇ ਗ੍ਰੰਥ ਦਾ ਨਾਂ ਯੌਗਵ ਵਸ਼ਿਸ਼ਟ ਪ੍ਰਚੱਲਿਤ ਹੋ ਗਿਆ।

ਮਹਾਂ ਰਾਮਾਇਣ ਦੀ ਮਹਾਨਤਾ ਤੇ ਸਿੱਖਿਆ ਇਸ ਗ੍ਰੰਥ ਦੀ ਮਹਾਨਤਾ ਬਾਰੇ ਡਾਕਟਰ, ਭਗਵਾਨ ਦਾਸ ਦੇਹਲੀ ਦੀ ਲਿਖੀ ਮਿਸਟਕ ਐਕਸ ਪ੍ਰੈਸ ਚਾਇੰਜ ਇੰਨ ਦੀ ਵਰਡ ਗੁੱਡ ਰਿਲੀਜਸ, ਇੰਡੀਅਨ ਜਿਲਦ 3 ਦੇ ਪੰਨਾ 295 ਉਤੇ ਅੰਕਿਤ ਹੈ, ਕਿ 'ਯੋਗ ਵਸ਼ਿਸ਼ਟ ਸਿੱਧ ਅਵਿਸਥਾ ਦਾ ਗ੍ਰੰਥ ਹੈ। ਇਸ ਦੇ ਵਿਚਾਰ ਦਰਸ਼ਨ ਰਸਯ ਨਰੂਪਣ ਪ੍ਰਣਾਲੀ ਭਾਸ਼ਾ ਅਲੰਕਾਰ ਸਭ ਇਕ ਤੋਂ ਇਕ ਅਸਚਰਜ ਹਨ।" ਇਸ ਪੁਸਤਕ ਦੇ ਹਿੰਦੀ ਉਲੱਥਾਕਾਰ ਲਾਲਾ ਬੈਜਨਾਥ ਇਸ ਗ੍ਰੰਥ ਦੀ ਮਹੱਤਤਾ ਬਾਰੇ ਲਿਖਦੇ ਹਨ ਕਿ ਵੇਦਾਂਤ ਦੇ ਗ੍ਰੰਥਾਂ 'ਚੋਂ ਯੋਗ ਵਸ਼ਿਸ਼ਟ ਦੀ ਕੋਟੀ ਦਾ ਹੋਰ ਕੋਈ ਗ੍ਰੰਥ ਨਹੀਂ ਮਿਲਦਾ। ਅਤੇ 'ਜੈ ਮੁਨੀ ਵਿਦਯਾਨੰਦ ਦੇ ਲੇਖ ਦਾ ਸਾਰੰਸ਼ 'ਯੋਗਵਸ਼ਿਸ਼ਟ ਗ੍ਰੰਥ ਵਿਚ ਇਸ ਤਰ੍ਹਾਂ ਕਿਹਾ ਗਿਆ ਹੈ ਕਿ ਧੀਰ ਪੁਰਸ਼ ਭੈਭੀਤ ਨਹੀਂ ਹੁੰਦੇ, ਸਮ ਦ੍ਰਿਸ਼ਟੀ ਵਾਲੇ ਪੁਰਸ਼ ਗਿਆਨੀ ਹੁੰਦੇ ਹਨ। ਨਿਰ ਭੈ ਹੋਣਾ ਹੀ ਮੁਕਤੀ ਦਾ ਮਾਰਗ ਹੈ। ਇਸ ਤੋਂ ਬਿਨਾਂ ਮੁਕਤੀ ਮਿਲ ਨਹੀਂ ਸਕਦੀ। ਸਮਦ੍ਰਿਸ਼ਟੀ ਵਾਲਾ ਪੁਰਸ਼ ਗੁਲਾਮੀ ਨੂੰ ਪਸੰਦ ਨਹੀਂ ਕਰਦਾ ਤੇ ਦੀਨ ਭਾਵ ਬਣ ਕੇ ਰਹਿਣਾ ਤੰਦਰੁਸਤੀ ਦੀ ਨਿਸ਼ਾਨੀ ਨਹੀਂ। ਪ੍ਰਾਣੀ ਆਤਮਾ ਵਿਚ ਤਾਂ ਹੀ ਲੀਕ ਹੋ ਸਕਦਾ ਹੈ ਜੇ ਉਸਦੇ ਮਨ ਵਿਚ ਦੀਨ ਭਾਵ ਨਾ ਹੋਵੇ। ਸਮ ਦਰਸ਼ਨ ਗਿਆਨ ਚਰਿਤ੍ਰ ਪ੍ਰਾਪਤ ਹੋਣ ਤੋਂ ਬਾਅਦ ਹੀ ਮੁਕਤੀ ਮਿਲਦੀ ਹੈ। ਆਤਮ ਦਰਸ਼ੀ ਉਸੇ ਨੂੰ ਹੀ ਸਮਝਣਾ ਚਾਹੀਦਾ ਹੈ ਜੋ ਬਜ਼ਰਾਂ ਦੀ ਆਵਾਜ਼ ਤੋਂ ਹਾਥੀਆਂ ਦੀ ਚੰਗਾੜ ਤੋਂ ਨਾ ਕੰਬੇ।

ਪੰਡਤ ਸ੍ਰੀ ਰਾਮ ਸ਼ਰਮਾ ਅੰਕਿਤ ਕਰਦਾ ਹੈ ਕਿ 'ਯੋਗ ਵਸ਼ਿਸ਼ਟ ਗ੍ਰੰਥ ਵਿਚ ਬਾਲਮੀਕ ਕਹਿੰਦਾ ਹੈ, ਘਟੀਆ ਵਸਤੂ ਨਾਲ ਖੇਦ ਨਾ ਕਰੋ, ਤੇ ਚੰਗੀ ਵਸਤੂ ਦੀ ਕਾਮਨਾ ਨਾ ਕਰੋ। ਘਟੀਆ ਅਤੇ ਵਧੀਆ ਦੋਹਾਂ ਦਾ ਤਿਆਗ ਕਰਕੇ ਨਿਰਮਲ ਭਾਵ ਨਾਲ ਅਡੋਲ ਰਹੋ, ਊਚ ਨੀਚ ਦੇ ਭਾਵ ਨੂੰ ਦੂਰ ਕੀਤਿਆਂ ਬਿਨਾਂ ਸੰਮਤਾ ਦਾ ਪੈਦਾ ਹੋਣਾ ਅਸੰਭਵ ਹੈ। ਅਤੇ ਸੰਮਤਾ ਵਾਲਾ ਪੁਰਸ਼ ਹੀ ਭੋਗਾਂ ਵਿਲਾਸਾਂ ਨੂੰ ਛੱਡ ਕੇ ਆਨੰਦ ਮਾਣ ਸਕਦਾ ਹੈ। ਸੰਮਤਾ ਦਾ ਭਾਵ ਸ਼ਾਂਤੀ ਪੈਦਾ ਕਰਨਾ ਹੈ ਤੇ ਸ਼ਾਂਤੀ ਵਾਲਾ ਪੁਰਸ਼ ਦੁੱਖਾਂ-ਦਰਦਾਂ ਤੋਂ ਛੁੱਟ ਜਾਂਦਾ ਹੈ। ਉਪਰੋਕਤ ਪ੍ਰਮਾਣਾਂ 'ਚ ਮਹਾਂਰਿਸ਼ੀ ਬਾਲਮੀਕ ਜੀ ਦੇ ਗ੍ਰੰਥ ਦੀ ਸਿੱਖਿਆ ਦਾ ਪਤਾ ਚਲਦਾ ਹੈ।

ਸ਼ਿਵ ਦੇ ਸਥਾਨ ਤੇ ਸਤਿਗੁਰੂ ਬਾਲਮੀਕ ਨੇ ਕਥਾ ਕਰਨੀ

ਪੰਡਤ ਅਮੀ ਚੰਦ ਜੀ ਦੇ ਕਥਨ ਅਨੁਸਾਰ ਸਤਿਗੁਰੂ ਬਾਲਮੀਕ ਜੀ ਨੇ ਦੁਨੀਆਂ ਨੂੰ ਚਾਨਣਾ ਕਰਨ ਲਈ ਸ਼ਿਵ ਦੇ ਸਥਾਨ ਕਾਸ਼ੀ ਵਿਖੇ ਮਹਾਂ ਰਮਾਇਣ ਗ੍ਰੰਥ ਦੀ ਕਥਾ ਖੁਦ ਆਰੰਭ ਕੀਤੀ, ਜਿਸ ਨੂੰ ਸੁਣਨ ਲਈ ਤੀਨ ਲੋਕ ਦੇ ਸਰੋਤੇ ਆਕਾਸ਼ ਵਾਸੀ, ਸਿੰਧ ਵਾਸੀ, ਮਾਤਲੋਕ ਆਦਿ ਤੋਂ ਆਏ। ਕਥਾ ਸਾਲ ਭਰ ਹੁੰਦੀ ਰਹੀ, ਸਮਾਪਤੀ ਤੋਂ ਬਾਅਦ ਸਰੋਤਿਆਂ ਦੀ ਮੰਗ ਉਤੇ ਗ੍ਰੰਥ ਦੇ ਸੌ ਉਤਾਰੇ ਕੀਤੇ ਗਏ ਅਤੇ ਸ਼ਿਵ ਭੰਡਾਰੀ ਦੁਆਰਾ ਤੀਨ ਲੋਕ ਦੇ ਸਰੋਤਿਆਂ ਨੂੰ ਵੰਡੇ ਗਏ, ਜਿਸ 'ਚੋਂ ਦੋ ਅੱਖਰ ਬਚ ਗਏ ਤਾਂ 'ਸਤਿਗੁਰਾਂ' ਨੇ ਆਖਿਆ, ਬਚੇ-ਖੁਚੇ ਭੰਡਾਰੇ ਦਾ ਮਾਲਕ ਭੰਡਾਰੀ ਹੋਇਆ ਕਰਦਾ ਹੈ। ਇਸ ਲਈ ਉਹ ਵੰਡ ਤੋਂ ਬਚੇ ਦੋ ਅੱਖਰ ਜਦ ਸ਼ਿਵ ਨੇ ਗ੍ਰਹਿਣ ਕੀਤੇ ਤਾਂ ਉਹਨਾਂ ਦੇ ਕੰਠ ਦਾ ਦਰਦ ਦੂਰ ਹੋ ਗਿਆ।"

ਕਿਹਾ ਜਾਂਦਾ ਹੈ ਕਿ ਦੇਵਤਿਆਂ ਤੇ ਦੈਂਤਾਂ ਨੇ ਮਿਲ ਕੇ ਖੀਰ ਸਮੁੰਦਰ ਰਿੜਕਿਆ, ਜਿਸ ਦਾ ਉਲੇਖ ਬਾਲ ਕਾਂਡ ਗੁਰੂ ਗ੍ਰੰਥ ਸਾਹਿਬ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਕੀਤਾ ਗਿਆ ਹੈ। ਇਹ ਬਿਰਤਾਂਤ ਪੁਰਾਣ ਕਿ ਸਾਖੀਆਂ ਦੇ ਆਧਾਰ 'ਤੇ ਕੀਤਾ ਗਿਆ ਹੈ ਕਿ ਮੇਰੂ ਪਰਬਤ ਦਾ ਮਣਾਣਾ ਕਸ਼ ਦੀ ਖੋਪਰੀ 'ਤੇ ਰੱਖ ਕੇ ਬਾਸਕ ਨਾਗ ਦਾ ਨੇਤਾ ਪਾ ਕੇ ਖੀਰ ਸਮੁੰਦਰ ਰਿੜਕ ਕੇ ਚੌਦਾਂ ਰਤਨ ਕੱਢੇ, ਜਿਹਨਾਂ 'ਚੋਂ ਇਹ ਵੇਹਵੀ ਨਿਕਲੀ, ਉਹ ਸ਼ਿਵ ਨੂੰ ਦਿੱਤੀ ਗਈ। ਉਹ ਵੇਹ ਨੂੰ ਹਲਾਹਲ ਕਰਕੇ ਪੀ ਗਏ, ਜਿਸ ਦੇ ਪੀਣ ਨਾਲ ਉਹਨਾਂ ਦਾ ਕੰਠ ਨੀਲਾ ਹੋ ਗਿਆ ਤੇ ਸਰੀਰ ਕਸ਼ਟਾਂ ਵਿਚ ਗ੍ਰਸਿਆ ਗਿਆ। ਗੁਰੂ ਜੀ ਦੇ ਬਖਸ਼ੇ ਭੰਡਾਰੇ 'ਚੋਂ ਦੋ ਅੱਖਰਾਂ ਦੇ ਉਚਾਰਣ ਨਾਲ ਸ਼ਿਵ ਨੂੰ ਸ਼ਾਂਤੀ ਆ ਗਈ। ਸਰੀਰਕ ਰੋਗ ਜਾਂਦਾ ਰਿਹਾ। ਨਾਮਦੇਵ ਦੇ ਅਭੰਗ 55 ਵਿਚ ਵੀ ਇਸ ਵਾਰਤਾ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਤੁਲਸੀ ਦਾਸ ਇਸ ਵਾਰਤਾ ਬਾਰੇ ਆਖਦਾ ਹੈ:

"ਨਾਮ ਪ੍ਰਭਾਓ ਕਾਨ ਸ਼ਿਵ ਨੀਕੋ ਕਾਲ ਕੂਟ ਫੂਲ ਦੀਨ ਅਮੀਕੋ।'

ਨਾਮ ਦੇ ਜਪਣ ਦਾ ਹੀ ਪ੍ਰਭਾਵ ਸੀ ਕਿ ਸ਼ਿਵ ਨੇ ਨਿਰਭੈ ਹੋ ਕੇ ਜ਼ਹਿਰ ਪੀ ਲਈ, ਜਿਸ ਨਾਲ ਉਸਦੇ ਸਰੀਰ ਨੂੰ ਕਸ਼ਟਹੋਣ ਲੱਗਾ, ਜੋ ਨਾਮ ਦੇ ਜਪ ਨਾਲ ਦੂਰ ਹੋਇਆ। ਉਸ ਦੇ ਜਾਪ ਬਾਰੇ ਤੁਲਸੀ ਦਾਸ ਕਹਿੰਦਾ ਹੈ:

ਸਹਿਸਾ ਨਾਮ ਸੁਣ ਸ਼ਿਵ ਬਾਣੀ ਜਪਿਉ ਜੋਈ ਪੀਆ ਸੰਗ ਭਵਾਨੀ।

ਮਹਾਂ ਰਿਸ਼ੀ ਬਾਲਮੀਕ ਜੀ ਦੀ ਬਾਣੀ ਰਾਮਾਇਣ ਨੂੰ ਸ਼ਿਵ ਨੇ ਚੰਗੀ ਤਰ੍ਹਾਂ ਜਪਿਆ ਤੇ ਪਾਰਬਤੀ ਦੇ ਨਾਲ ਮਿਲ ਕੇ ਉਸ ਦਾ ਪਾਠ ਕੀਤਾ।

ਅਖਰ ਮਧੁਰ ਮਨਹੋਰ ਦੋਊ ਵਰਨ ਵਲੋਚਨ ਜਨ ਜਹਿ ਜੋਊ
ਸ਼ਿਵ ਨੇ ਜਿਹਨਾਂ ਦੋ ਅੱਖਰਾਂ ਦਾ ਜਾਪ ਕੀਤਾ, ਉਹ ਬੜੇ ਮਿੱਠੇ ਸੁੱਖ ਦੇਣ ਵਾਲੇ ਸਨ।

ਕਾਕ ਭਸੁੰਡ ਸ਼ਿਵ ਪ੍ਰਥਮ ਗਾਈ ਔਰ ਗਾਈ ਜਗਜੇਤ ਰਸਾਈ।
ਮਹਾ ਮੰਤ੍ਰ ਜੋ ਜਪਤ ਮਹੇਸ਼ ਕਾਂਸੀ ਮੁਕਤ ਹੋਤ ਉਪਦੇਸ਼।

ਰਾਮ ਚਰਿਤ ਮਾਨਸ ਬਾਲ ਕਾਂਡ ਦੋਹਾ 18 ਵਿਚ ਤੁਲਸੀ ਦਾਸ ਕਹਿੰਦਾ ਹੈ। ਸਭ ਤੋਂ ਪਹਿਲੇ ਕਾਕ ਸੁੰਡ ਤੇ ਸ਼ਿਵ ਜੀ ਨੇ ਰਾਮਾਇਣ ਦੀ ਬਾਣੀ ਦਾ ਉਚਾਰਣ ਕੀਤਾ, ਫਿਰ ਲੋਕ ਦੇ ਭਲੇ ਲਈ ਮੈਂ ਇਸ ਬਾਣੀ ਨੂੰ ਗਾਇਆ ਅਤੇ ਕਾਸ਼ੀ ਪਤੀ ਸ਼ਿਵ ਨੇ ਮੁਕਤੀ ਖਾਤਰ ਮਹਾਂਰਿਸ਼ੀ ਬਾਲਮੀਕ ਦੇ ਉਪਦੇਸ਼ ਨਾਲ ਉਸ ਤੋਂ ਮਹਾਂ ਮੰਤ੍ਰ ਲਿਆ।

ਪ੍ਰਸ਼ਨ 2: ਉਹ ਮਹਾਂ ਮੰਤ੍ਰ ਕਿਹੜਾ ਸੀ ਜੋ ਸ਼ਿਵ ਰਿਸ਼ੀ ਬਾਲਮੀਕ ਤੋਂ ਲਿਆ ਸੀ?

ਸ਼ਬਦ ਸੋਹੰ: ਦਾ ਸੀ ਜਿਸ ਬਾਰੇ ਗੁਰੂ ਨਾਨਕ ਜੀ ਫੁਰਮਾਉਂਦੇ ਹਨ:

ਸਜਗ ਹੰਸ ਉਤਾਰ ਬਾਕ ਸੋਹੰ: ਬ੍ਰਹਮ ਨ ਦੂਜ ਖਾਜੋ
ਸੋਹੰ ਬ੍ਰਹਮ ਪੈਹਿਵਾਨ 2, ਪੜਦਾ ਭਰਮ ਕਰਤਾਰ ਸੁਣਾਈ

ਸਤਿਯੁਗ ਵਿਚ ਪ੍ਰਮੇਸ਼ਰ ਨੇ ਹੰਸ ਦਾ ਅਵਤਾਰ ਧਾਰ ਕੇ ਸੋਹੰ ਦਾ ਜਪਿ ਕੀਤੀ ਅਤੇ ਸੋਹੰ ਸ਼ਬਦ ਦੇ ਪੜਦੇ ਦੀ ਗੱਲ ਗੌਤਮ ਮੁੰਨੀ ਨੇ ਸੁਣਾਈ।

ਸੋਹੰ ਸ਼ਬਦ ਪਛਾਣੀਐ ਸਭ ਦੀ ਤੇਟ ਪਤਿਆਹਿ।
ਸ੍ਰੀ ਰਾਗ ਮਹਲਾ1
ਤਤ ਨਰਜਨ ਜੋਤੀ ਸਭਾਈ ਸੋਹੰ ਭੇਦ ਦਾ ਕੋਈ ਜੀਉ ਸਰੋਰਸਹਲੀ
ਰਸਨਾ ਰਾਮ ਕਹਿਤ ਗੁਣ ਸੋਹੰ ਏਕ ਨਿਮਖ ਉਪਾਏ ਸਮਾਏ
ਸਾਰੰਗ ਸਭਲਾ 5
ਨਾਨਕ ਸੋਹੰ ਹੰਸਾ ਜਾਪ ਜਪਹੁ ਤ੍ਰੈਭਵਣ ਤਿਸੇ ਮਮਾਏ।।
ਸਲੋਕ ਮਹਲਾ 1

ਗੁਰੂ ਨਾਨਕ ਜੀ ਕਹਿੰਦੇ ਹਨ ਕਿ ਸੋਹੰ ਸ਼ਬਦ ਦੀ ਪਛਾਣ ਕਰਨੀ ਚਾਹੀਦੀ ਹੈ, ਕਿਉਂਕਿ ਪ੍ਰਮੇਸ਼ਰ ਦੀ ਜੋਤ ਤੇ ਸੋਹੰ ਸ਼ਬਦ ਵਿਚ ਕੋਈ ਫਰਕ ਨਹੀਂ। ਇਸ ਲਈ ਗੁਰੂ ਅਰਜਨ ਦੇਵ ਜੀ ਆਖਦੇ ਹਨ ਕਿ ਪਾਣੀ ਦੇ ਰਸਨਾਂ ਨੂੰ ਸੋਹੰ ਦੇ ਜਾਪ ਨਾਲ ਪਵਿੱਤ੍ਰ ਕਰਨ ਦਾ ਇਹ ਇਕ ਉਪਾਅ ਹੈ। ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਐ ਹੰਸਾ ਜੀਵ ਤੂੰ ਸੋਹੰ ਦਾ ਜਾਪ ਕਰ, ਜਿਸ ਵਿਚ ਤ੍ਰੈ ਭਵਨ ਸਮਾਏ ਹੋਏ ਹਨ।

ਸਾਰ ਬਚਨ 12 ਵਿਚ ਸ਼ਬਦ ਭੇਦ ਦਾ ਖਾਲਸਾ ਖੋਲਦੇ ਹੋਏ ਲਿਖਦੇ ਹਨ, ਸ਼ਬਦ ਬਹੁਤ ਗੁਪਤ ਹੈ, ਇਸ ਸ਼ਬਦ ਤੋਂ ਸਤ ਪੁਰਸ਼ ਪ੍ਰਗਟ ਹੋਇਆ। ਸ਼ਬਦ ਪਹਿਲਾ ਸੱਤ ਪੁਰਸ਼ ਜਿਸ ਨੂੰ ਸਤਿਨਾਮ ਵੀ ਕਹਿੰਦੇ ਹਨ, ਜਿਸ ਸਤਿ ਦੀ ਕੁਦਰਤ ਤੋਂ ਸੋਹੰ ਪੁਰਸ਼, ਪਾਰਬ੍ਰਹਮ ਤੇ ਮਾਇਆ ਪ੍ਰਗਟ ਹੋਏ। ਦੂਜਾ ਸੋਹੰ ਪੁਰਸ਼ ਦਾ ਤੀਜਾ ਪਾਰਬ੍ਰਹਮ ਦਾ ਸ਼ਬਦ ਜਿਸ ਦੀ ਮਦਦ ਨਾਲ ਤ੍ਰੈਲੋਕੀ ਦੀ ਰਚਨਾ ਠਹਿਰੀ ਹੋਈ ਹੈ। ਚੌਥਾ ਬ੍ਰਹਮ ਸ਼ਬਦ ਜੋ ਕਿ ਉ ਹੈ। ਜਿਸ ਤੋਂ ਬ੍ਰਹਿਮੰਡੀ ਵੇਦ ਇਸਵਰ ਤੇ ਮਾਇਆ ਪ੍ਰਗਟ ਹੋਈ। ਪੰਜਵਾਂ ਮਾਇਟਾ ਤੇ ਬ੍ਰਹਮ ਦਾ ਸ਼ਬਦ ਹੈ, ਜਿਸ ਤੋਂ ਤ੍ਰੈਲੋਕੀ ਦੀ ਰਚਨਾ ਦਾ ਮਸਾਲਾ ਪ੍ਰਗਟ ਹੋਇਆ ਤੇ ਆਕਾਸ਼ੀ ਵੇਦ ਜ਼ਹਰਿ ਹੋਏ, ਮਾਇਆ ਸ਼ਬਦ ਦੇ ਹੇਠਾਂ ਵੈਰਾਟ ਪੁਰਸ਼ ਦਾ ਸ਼ਬਦ ਜੀਵ ਤੇ ਮਨ ਦਾ ਸ਼ਬਦ ਪ੍ਰਗਟ ਹੋਏ।

ਰੂਹ ਜਦ ਤੀਜਾ ਪੜਦਾ ਪਾੜ ਕੇ ਮੰਨ ਵਿਚ ਪਹੁੰਚ ਜਾਂਦੀ ਹੈ ਤਾਂ ਇਸ ਨੂੰ ਆਲਿਮ ਹਲੂਤ ਜੀ ਮਾਨਸਰੋਵਰ ਕਿਹਾ ਜਾਂਦਾ ਹੈ। ਇੱਥੇ ਆਵੀ ਹਯਾਤ ਅੰਮ੍ਰਿਤ ਮਿਲਦਾ ਹੈ, ਜਿਸ ਨੂੰ ਤਾਲਿਬ ਜਲਾਲੀ ਹੋਜਰੀ ਕੋਸ਼ ਵੀ ਕਿਹਾ ਜਾਂਦਾ ਹੈ।

ਫੇਰ ਰੂਹ ਮਹਾਂ ਸੁੰਨ ਵਿਚ ਜਾਂਦੀ, ਇੱਥੇ ਗੁਰੂ ਰੂਹ ਦਾ ਛੁਟਕਾਰਾ ਕਰਦਾ ਹੈ। ਫਿਰ ਰੂਹ ਹਤ ਲਹੂਤ ਵਿਚ ਪਹੁੰਚਦੀ ਹੈ, ਜਿਸ ਨੂੰ ਭਵਰ ਗੁਠਾਂ ਕਹਿੰਦੇ ਹਨ। ਇੱਥੇ ਸੋਹੰ ਸੋਹੰ ਸੁਦਾਇ ਅਨਾਹ ਹੋ ਅਨਾਹ ਹੂ ਦਾ ਆਵਾਜਾ ਆਉਂਦਾ ਹੈ। ਬਾਬਾ ਸਾਵਣ ਸਿੰਘ ਬਿਆਸਾ ਵਾਲੇ ਸੰਤ ਸਮਾਗਮ ਲੇਖ ਪੰਨਾ 128 ਉਤੇ ਆਖਦੇ ਹਨ ਕਿ:

ਜਦੋਂ ਆਤਮਾ ਸੱਚਖੰਡ ਤੋਂ ਉਤਰੀ ਤਾਂ ਇਹ ਸੋਹੰ ਸੋਹੰ ਸ਼ਬਦ ਦਾ ਗੀਤ ਗਾਉਣ ਲੱਗ ਪਈ ਅਤੇ ਸੋਹੰ ਰੂਹਾਨੀ ਤਰੱਕੀ ਦੀ ਇਕ ਖਾਸ ਮੰਜ਼ਿਲ ਹੈ।

ਸੁਖ ਮਨਾ ਨਾੜੀ ਪ੍ਰਾਣ ਵਾਯੂ ਦੇ ਪ੍ਰਵੇਸ਼ ਹੋਣ ਨਾਲ ਬ੍ਰਹਮ ਰੁਧਰ ਅਰਥਾਤ ਦਸਮ ਦੁਆਰ ਵੱਲ ਜਾਣ ਲੱਗਦਾ ਹੈ ਤਾਂ ਯੋਗੀ ਇਸਨੂੰ ਸਿੱਧ ਅਵਸਥਾ ਆਖਦੇ ਹਨ। ਇਹ ਸੁੰਨ ਮੰਡਲ ਦੀ ਗੁਫਾ ਹੈ। ਇਹ ਯੋਗਿਆ ਦਾ ਆਗਾਯਾ ਚੱਕਰ ਹੈ। ਹ-ਸ ਦਾ ਉਚਾਰਣ ਕਰਦਿਆਂ ਸੁਖਮਨਾ ਵਿਚ ਕੁੰਡਲੀ ਜਾਗਣ ਸਮੇਂ ਸੋਹੰ ਵਿਚ ਬਦਲ ਜਾਂਦਾ ਹੈ ਤੇ ਸੋਹੰ ਸ਼ਬਦ ਨਾਲ ਯੋਗੀ ਪ੍ਰਮ ਤੱਤ ਨਾਲ ਅਭੇਦਤਾ ਦੀ ਅਵਸਥਾ ਦਾ ਅਨੁਭਵ ਕਰਨ ਲੱਗ ਜਾਂਦੇ ਹਨ।

ਡਾਕਟਰ ਧਰਮ ਪਾਲ ਸੈਣੀ ਦਾ ਵਿਚਾਰ ਹੈ ਕਿ ਲੇਕਿਕ ਜੀਵ, ਸਤਿ ਸੰਗਤ ਨਾਲ ਲੋਕਾਂ ਤੋਂ ਉੱਚਾ ਉੱਠਦਾ ਹੈ। ਹੌਲੀ ਹੌਲੀ ਉਹ ਸਾਧ ਸੰਤ ਗਿਆਨੀ ਅਵਿਸਥਾ ਨੂੰ ਧਾਰ ਕੇ ਬ੍ਰਹਮ ਗਿਆਨੀ ਆਪ ਪ੍ਰਮੇਸ਼ਵਰ ਉਹ ਆਪ ਪ੍ਰਮੇਸ਼ਰ ਬਣ ਜਾਂਦਾ ਹੈ। ਬ੍ਰਹਮ ਗਿਆਨੀ ਆਪ ਨਰੰਕਾਰ, ਨਰੰਕਾਰ ਵਿਚ ਬਦਲ ਜਾਂਦਾ ਹੈ। ਇਸੇ ਸੋਹੰ ਸ਼ਬਦ ਦਾ ਜਾਪ ਸ਼ਿਵ ਨੇ ਕੀਤਾ ਸੀ, ਜਿਸ ਕਰਕੇ ਉਸਨੂੰ ਮੁਕਤੀ ਮਿਲੀ ਤੇ ਸਰੀਰ ਦਾ ਕਸ਼ਟ ਦੂਰ ਹੋਇਆ। ਸੰਸਾਰਕ ਕਸ਼ਟਾਂ ਨੂੰ ਦੂਰ ਕਰਨਾ ਇਹ ਸਤਿਗੁਰੂ ਬਾਲਮੀਕ ਜੀ ਦਾ ਲਕਸ਼ ਸੀ। ਇਸੇ ਲਈ ਉਸਨੇ ਰਿਸ਼ੀ ਭਾਰਦਵਾਜ ਅਸ਼ਟਰ ਨੇਮੀ ਰਾਮ ਅਤੇ ਸ਼ਿਵ ਆਦਿ ਦਾ ਮਾਨਸਿਕ ਰੋਗ ਹੀ ਨਹੀਂ ਬਲਕਿ ਸਰੀਰਕ ਕਸ਼ਟ ਤੋਂ ਵੀ ਉਹਨਾਂ ਨੂੰ ਮੁਕਤ ਕੀਤਾ ਅਤੇ ਸੰਸਾਰੀ ਜੀਵਾਂ ਨੂੰ ਜੀਵਨ ਮੁਕਤੀ ਦਾ ਦਾਨ ਬਖਸ਼ਿਆ, ਜਿਸ ਕਰਕੇ ਉਸਨੂੰ ਮੁਕਤੀ ਦਾਤਾ ਕਿਹਾ ਗਿਆ ਹੈ। ਸਰੀਰਕ ਕਸ਼ਟ ਵੁਦੋਂ ਦੂਰ ਹੋ ਜਾਂਦਾ ਹੈ ਜਦੋਂ ਪ੍ਰਾਣੀ ਬ੍ਰਹਮ ਗਿਆਨੀ ਦੀ ਅਵਿਸਥਾ ਧਾਰਨ ਕਰਦਾ ਹੈ। ਸੋ ਸੋਹੰ ਦੇ ਸ਼ਬਦ ਨਾਲ ਸ਼ਿਵ, ਬ੍ਰਹਮ ਗਿਆਨੀ ਬਣ ਗਏ ਸਨ ਤੇ ਉਹਨਾਂ ਦਾ ਸਰੀਰਕ ਕਸ਼ਟ ਦੂਰ ਹੋ ਗਿਆ ਸੀ।

# ਭਗਵਾਨ ਵਾਲਮੀਕ ਜੀ ਦਾ ਜਨਮ ਦਿਹਾੜਾ ਧੂੰਮਧਾਮ ਨਾਲ ਮਨਾਇਆ

ਪਿੰਡ ਘੱਲਕਲਾਂ ਵਿਖੇ ਭਗਵਾਨ ਵਾਲਮੀਕ ਸਭਾ ਵੱਲੋਂ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਪਾਵਨ ਗ੍ਰੰਥ ਰਮਾਇਣ ਦੇ ਰਚਨਹਾਰ ਭਗਵਾਨ ਵਾਲਮੀਕ ਜੀ ਦਾ ਜਨਮ ਦਿਹਾੜਾ ਭਗਵਾਨ ਬਾਲਮੀਕ ਮੰਦਰ ਵਿਖੇ ਧੂੰਮਧਾਮ ਅਤੇ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਪਾਵਨ ਗ੍ਰੰਥ ਰਮਾਇਣ ਦੇ ਭੋਗ ਪਾਏ ਗਏ। ਭੋਗ ਉਪਰੰਤ ਭਾਈ ਸੁੱਖਪ੍ਰੀਤ ਸਿੰਘ ਅਤੇ ਭਾਈ ਗੁਰਜੀਤ ਸਿੰਘ ਜੀ ਦੇ ਕੀਰਤਨੀ ਜਥੇ ਨੇ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਬਾਣੀ ਨਾਲ ਜੋੜਿਆ। ਕੀਰਤਨੀ ਜਥੇ ਨੇ ਮਹਾਂਰਿਸ਼ੀ ਭਗਵਾਨ ਵਾਲਮੀਕ ਜੀ ਦੀ ਜੀਵਨੀ ਅਤੇ ਫਲਸਫੇ ਬਾਰੇ





ਸੰਗਤਾਂ ਨੂੰ ਜਾਣੂ ਕਰਵਾਇਆ। ਇਸ ਮੌਕੇ ਗੁਰੂ ਕਾ ਲੰਗਰ ਸੰਗਤਾਂ ਵਿਚ ਅਤੁੱਟ ਵਰਤਾਇਆ ਗਿਆ। ਜਨਮ ਦਿਹਾੜੇ ਮੌਕੇ ਪ੍ਰਧਾਨ ਦਰਸ਼ਨ ਸਿੰਘ, ਉਪ ਪ੍ਰਧਾਨ ਗੁਰਪ੍ਰੀਤ ਸਿੰਘ, ਖਜ਼ਾਨਚੀ ਪਵਨਦੀਪ ਬੰਟੀ, ਡਾ. ਸਮਸ਼ੇਰ ਸਿੰਘ ਲਾਡੀ, ਲਾਭ ਸਿੰਘ ਸਹੋਤਾ, ਗੁਰਮਹਿਕ ਸਿੰਘ ਸਹੋਤਾ, ਬਲਬੀਰ ਸਿੰਘ, ਸੁਰਜੀਤ ਸਿੰਘ, ਸ਼ੇਰ ਸਿੰਘ, ਅਰਸ਼ਦੀਪ ਸਿੰਘ, ਹਰਜੀਤ ਸਿੰਘ, ਪੰਕਜ ਸਿੰਘ, ਲਖਵੀਰ ਸਿੰਘ, ਰਾਜਿੰਦਰ ਸਿੰਘ, ਦੀਪਕ ਰਾਜਾ, ਅਨਮੋਲ ਸਿੰਘ, ਜਸ਼ਨਦੀਪ ਸਿੰਘ, ਸੰਦੀਪ ਸਿੰਘ ਸਹੋਤਾ ਅਤੇ ਸੰਗਤਾਂ ਵੱਡੀ ਗਿਣਤੀ ਵਿਚ ਹਾਜ਼ਰ ਸਨ।

# ਬਹੁਜਨਾਂ ਦੇ ਨਾਇਕ ਸਾਹਿਬ ਕਾਂਸ਼ੀ ਰਾਮ



ਸੰਤੋਖ ਜੱਸੀ (ਸਰਪੰਚ)
91-98766-50364


ਜਿਸ ਇਤਿਹਾਸ ਨੂੰ ਅਸੀਂ ਪੜ੍ਹਦੇ ਹਾਂ, ਉਹ ਜਿਹੜਾ ਆਦਮੀ ਤਾਕਤ ਵਿਚ ਹੈ, ਉਸ ਦੇ ਹੱਕ ਵਿਚ ਢਾਲਿਆ ਹੋਇਆ ਹੈ। ਇਸ ਲਈ ਸਾਨੂੰ ਭਾਰਤ ਦੇ ਇਤਿਹਾਸ ਨੂੰ ਆਪਣੇ ਹੱਕ ਵਿਚ ਢਾਲਣਾਹੈ, ਜਿਸ ਨੂੰ ਅਸੀਂ ਢਾਲਣ ਦੀ ਸਥਿਤੀ ਵਿਚ ਹਾਂ। ਜੇ ਅਸੀਂ ਢਾਲ ਲਿਆ ਤਾਂ ਉਸ ਨਾਲ ਇਤਿਹਾਸ ਅਤੇ ਸਮਾਜ ਵਿਚ ਬਹੁਤ ਵੱਡੀ ਤਬਦੀਲੀ ਆ ਜਾਵੇਗੀ।ਇਹ ਕਥਨ ਸਾਹਿਬ ਕਾਂਸ਼ੀ ਰਾਮ ਜੀ ਦੇ ਪਹਿਲੇ ਸਿਖਾਈ ਕੈਂਪ ਦਾ ਹੈ। ਉਹਨਾਂ ਟੱਗੇ ਕਿਹਾ ਕਿ ਮੈਂ ਆਪਣੀ ਸਮਾਜਿਕ ਚੇਤਨਤਾ ਕਰਕੇ ਵਿਆਹ ਨਾ ਕਰਵਾਉਣ ਦੀ ਸਿੱਖਿਆ ਲਈ। ਮੈਂ ਜਾਤ-ਪਾਤ ਦਾ ਬੀਜਨਾਸ਼ ਕਿਤਾਬ ਜੋ ਡਾ. ਅੰਬੇਡਕਰ ਜੀ ਨੇ ਲਿਖੀ ਸੀ, 7 ਵਾਰ ਪੜ੍ਹੀ। ਮੈਂ ਮਹਿਸੂਸ ਕੀਤਾ ਕਿ ਜੇ ਤਮੰਨਾ ਸੱਚੀ ਹੈ ਤਾਂ ਰਸਤੇ ਨਿਕਲ ਆਉਂਦੇ ਹਨ। ਮੈਂ ਦੀਨਾ-ਭਾਨਾ ਦੇ ਕੇਸ ਵਿਚ ਉਸ ਦੀ ਡੱਟ ਕੇ ਮਦਦ ਕੀਤੀ। ਮੈਂ ਇਨਸਾਫ ਲਈ ਲੜਿਆ ਅਤੇ ਬਾਬਾ ਸਾਹਿਬ ਦੇ ਜਨਮ ਦਿਨ 14 ਅਪ੍ਰੈਲ ਦੀ ਛੁੱਟੀ ਦਾ ਐਲਾਨ ਕਰਵਾਇਆ। ਆਖਿਰ ਉਹ ਮੈਨੂੰ ਉਸਤਾਦਾਂ ਦਾ ਉਸਤਾਦ ਮੰਨਣ ਲੱਗੇ।

ਇਸ ਤਰ੍ਹਾਂ ਘਰਦਿਆਂ ਦਾ ਕਾਸ ਰਾਮ ਬਹੁਜਨਾਂ ਦਾ 'ਸਾਹਿਬ' ਬਣਿਆ ਤੇ ਪੂਰਨ ਗੈਰ-ਬਰਾਬਰੀ ਵਾਲੀ ਵਿਵਸਥਾ ਨੂੰ ਸੰਪੂਰਨ ਬਰਾਬਰੀ ਵਾਲੀ ਵਿਵਸਥਾ ਲਈ ਸੰਘਰਸ਼ ਆਰੰਭ ਕਰ ਦਿੱਤਾ।

15 ਮਾਰਚ 1934 ਨੂੰ ਨਾਨਕੇ ਪਿੰਡ ਬੁੰਗੇ ਸਾਹਿਬ ਵਿਖੇ ਪਿਤਾ ਹਰੀ ਸਿੰਘ ਤੇ ਮਾਤਾ ਬਿਸ਼ਨ ਕੌਰ ਦੇ ਜਾਏ ਨੇ ਆਪਣੀ ਪੜ੍ਹਾਈ ਆਪਣੇ ਪਿੰਡ ਖਵਾਸਪੁਰ (ਰੋਪੜ) ਤੇ ਰੋਪੜ ਸ਼ਹਿਰ 'ਚ ਕੀਤੀ। ਪੜ੍ਹ-ਲਿਖ ਕੇ ਦੇਹਰਾਦੂਨ ਤੇ ਫਿਰ ਪੂਨੇ ਖੋਜ ਕੇਂਦਰ 'ਚ ਸੇਵਾ ਨਿਭਾਈ। ਜਿੱਥੇ ਬਾਬਾ ਸਾਹਿਬ ਤੇ ਮਹਾਤਮਾ ਬੁੱਧ ਦੇ ਜਨਮ ਦਿਨ ਦੀਆਂ ਛੁੱਟੀਆਂ ਰੱਦ ਕਰਨ 'ਤੇ ਦੀਨਾ-ਭਾਨਾ ਨਾਲ ਲੜਾਈ ਲੜੀ। ਜਿੱਥੋਂ ਕਾਂਸ਼ੀ ਰਾਮ ਦੀ ਜ਼ਿੰਦਗੀ ਵਿਚ ਇੰਨਾ ਵੱਡਾ ਪਰਿਵਰਤਨ ਆਇਆ ਕਿ ਉਹ ਬ੍ਰਾਹਮਣਵਾਦੀ ਪਥਰੀਲੇ ਸਿਸਟਮ ਨੂੰ ਤਹਿਸ-ਨਹਿਸ ਕਰਕੇ ਦੇਸ਼ ਅੰਦਰ ਬਹੁਜਨਾਂ ਦੇ ਰਾਜ ਲਈ ਜ਼ਿੰਦਗੀ ਦੀਆਂ ਸਭ ਖੁਸ਼ੀਆਂ ਨੂੰ ਤਿਲਾਂਜਲੀ ਦੇ ਗਿਆ।

1964-65 ਤੋਂ ਬਾਅਦ ਉਹ ਭਾਰਤ ਖਾਸ ਕਰਕੇ ਮਹਾਰਾਸ਼ਟਰ ਵਰਗੇ ਰਾਜਾਂ 'ਚ ਗਏ, ਜਿੱਥੇ ਉਹਨਾਂ ਧੜੇਬੰਦੀਆਂ ਮਹਿਸੂਸ ਹੀ ਨਹੀਂ ਕੀਤੀਆਂ ਤੇ ਕਿਹਾ ਕਿ ਇਹ ਬਾਬਾ ਸਾਹਿਬ ਦੀਆਂ ਕੁਰਬਾਨੀਆਂ ਦਾ ਮੁੱਲ ਵੱਟਦੇ ਹਨ।

ਆਖਿਰ ਉਹਨਾਂ ਪੜ੍ਹੇ-ਲਿਖੇ ਬੁੱਧੀਜੀਵੀ ਵਰਗ ਲਈ ਬਾਮਸੇਫ ਬਣਾਈ। ਆਮ ਜਨ ਸਧਾਰਨ ਲਈ ਡੀ. ਐਸ.



4 ਬਣਾਈ ਤੇ ਸੂਬਿਆਂ ਤੇ ਕੇਂਦਰ 'ਚ ਸੱਤਾ ਪ੍ਰਾਪਤੀ ਲਈ ਬਹੁਜਨ ਸਮਾਜ ਪਾਰਟੀ ਦਾ ਗਠਨ ਕੀਤਾ। ਪੰਜਾਬ ਦੇ ਪਿੰਡ ਮੂਸਾਪੁਰ (ਬੰਗਾ) ਤੋਂ ਕਾਨਫਰੰਸਾਂ ਦੀ ਸ਼ੁਰੂਆਤ ਕਰਕੇ ਆਂਧਰਾ ਪ੍ਰਦੇਸ਼ ਦੀ ਰਾਜਧਾਨੀ ਹੈਦਰਾਬਾਦ ਤੱਕ ਹਜ਼ਾਰਾਂ ਸਮਾਗਮ, ਅੰਦੋਲਲ ਕੀਤੇ, ਜਿਸ ਨਾਲ ਭਾਰਤ ਦਾ ਦਲਿਤ ਖਾਸ ਕਰਕੇ ਉਤਰੀ ਭਾਰਤ ਵਿਚ ਪਾਰਟੀ ਨੇ ਆਪਣੀ ਪਕੜ ਬਣਾ ਲਈ ਤੇ ਦੱਖਣ ਵੱਲ ਕੂਚ ਕਰ ਦਿੱਤਾ। ਵਧੀ ਹੋਈ ਚੇਤਨਾ ਕਾਰਨ ਸਮੇਂ ਦੀਆਂ ਸਰਕਾਰਾਂ ਡਗਮਗਾ ਗਈਆਂ। ਅਨੇਕਾਂ ਕਿਸਮ ਦੇ ਦੋਸ਼ ਵਿਰੋਧੀਆਂ ਵੱਲੋਂ ਲਗਾਏ ਜਾਣ ਲੱਗੇ। ਪਰ ਕਹਿੰਦੇ ਨੇ ਸੂਰਜ ਨੇ ਸਦਾ ਚਮਕਣਾ ਹੀ ਹੁੰਦਾ ਹੈ। ਕਾਂਸ਼ੀ ਰਾਮ ਦੀ ਸਮਾਜ ਪ੍ਰਤੀ ਨਿਸ਼ਠਾ ਨੂੰ ਸਮਾਝ ਸਮਝ ਚੁੱਕਾ ਸੀ ਤੇ ਕਾਂਸ਼ੀ ਰਾਮ ਭਾਰਤ ਦੀ ਸਿਆਸਤ 'ਚ ਹਰ ਉਹ ਪੈਂਤੜਾ ਵਰਤਣ ਲੱਗੇ ਕਿ ਰਾਜ ਭਾਗ ਦੀ ਚਾਬੀ ਹਜ਼ਾਰਾਂ ਸਾਲਾਂ ਤੋਂ ਸ਼ੋਸ਼ਿਤ ਰਹੇ ਸਮਾਜ ਕੋਲ ਆਵੇ ਤਾਂ ਜੋ ਰੋਜ਼ ਮਰ-ਮਰ ਕੇ ਜ਼ਿੰਦਗੀ ਕੱਟਣ ਵਾਲੇ ਲੋਕਾਂ ਲਈ ਹੋਰ ਕਲਿਆਣਕਾਰੀ ਯੋਜਨਾਵਾਂ ਬਣਾ ਕੇ ਉਹਨਾਂ ਨੂੰ ਸਮੇਂ ਦਾ ਹਾਣੀ ਬਣਾਇਆ ਜਾ ਸਕੇ।

ਸਮੇਂ ਦੇ ਹਾਕਮ ਮੌਕੇ ਦੇ ਸਿਰਕੱਢ ਆਗੂ ਕਾਂਸ਼ੀ ਰਾਮ ਨਾਲ ਵਾਰਤਾਲਾਪ ਕਰਨਾ ਚਾਹੁੰਦੇ ਸਨ। ਸਿਆਸੀ ਸਮਝੌਤੇ ਚਾਹੁੰਦੇ ਸਨ। ਪਰ ਉਹ ਆਪਣੇ ਮਿਸ਼ਨ ਨੂੰ ਕਦੇ ਨਾ ਭੁੱਲਦੇ ਤੇ ਪਾਰਟੀ ਨੂੰ ਹਰ ਤਰਫੋਂ ਅੱਗੇ ਵਧਾਉਣ 'ਚ ਕਦੇ ਕਾਪੀ ਤੇ ਕਦੇ ਬੋਰਡ ਤੇ ਲੱਗੇ ਰਹਿੰਦੇ।

ਸਾਹਿਬ ਕਾਂਸ਼ੀ ਰਾਮ ਜਿੱਥੇ ਭਾਰਤ ਦੇ ਖਾਸ ਕਰਕੇ ਪੰਜਾਬ 'ਚ ਪਿੰਡ-ਪਿੰਡ ਗਏ, ਉਥੇ ਉਹਨਾਂ ਵਿਦੇਸ਼ਾਂ ਇੰਗਲੈਂਡ, ਜਾਪਾਨਤੇ ਮਲੇਸ਼ੀਆ 'ਚ ਬੈਠੇ ਬਾਬਾ ਸਾਹਿਬ ਅੰਬੇਡਕਰ ਜੀ ਦੇ ਪੈਰੋਕਾਰਾਂ ਨਾਲ ਮੁਲਾਕਾਤ ਕੀਤੀ ਅਤੇ ਸੁਨੇਹਾ ਦਿੱਤਾ ਕਿ ਛੋਟੇ-ਛੋਟੇ ਸੰਗਠਨ ਬਣਾਉਣ ਨਾਲੋਂ ਤੁਹਾਡਾ ਵੱਡਾ ਸੰਗਠਨ ਬਣ ਚੁੱਕਾ ਹੈ। ਸਭ ਤੋਂ ਪਿੱਛੇ ਖੜ੍ਹਨ ਨਾਲੋਂ ਮੋਹਰੇ ਹੋਕੇ ਰਾਜ ਭਾਗ ਲਈ ਕੰਮ ਕਰਨਾ ਸਮੇਂ ਦੀ ਲੋੜ ਹੈ।

ਉਹਨਾਂ ਸਮਾਜ, ਖਾਸ ਕਰਕੇ ਕੁੱਲ ਦੁਨੀਆ ਵਿਚ ਇਹ ਮਾਣ ਪ੍ਰਾਪਤ ਕੀਤਾ ਕਿ ਉਹ ਡਾ. ਅੰਬੇਡਕਰ ਦੇ ਸੱਚੇ ਪੈਰੋਕਾਰ ਹਨ, ਜਿਹਨਾਂ ਦੇ ਅਧੂਰੇ ਸੁਪਨੇ ਸਾਕਾਰ ਕਰਨ ਲਈ ਮਾਪੇ ਛੱਡੇ, ਮੰਗਣੀ ਛੱਡੀ, ਦੁਖ-ਸੁਖ ਛੱਡੇ, ਘਰ ਪਰਿਵਾਰ, ਰਿਸ਼ਤੇਦਾਰ ਛੱਡੇ ਤੇ ਕਿਹਾ ਕਿ ਮੈਂ ਸਮਾਜ 'ਚ ਚੇਤਨਾ ਪੈਦਾ ਕਰਨੀ ਹੈ ਤੇ ਇਹ ਸਾਨੂੰ ਸਭ ਕੁਝ ਵੱਡੀਆਂ ਪ੍ਰਾਪਤੀਆਂ (ਡਾ. ਅੰਬੇਡਕਰ ਜੀ ਦੇ ਮਿਸ਼ਨ ਨੂੰ ਮੰਜ਼ਲੇ-ਮਕਸੂਦ ਤੱਕ ਪਹੁੰਚਾਉਣਾ) ਲਈ ਕਰਨਾ ਹੀ ਪੈਣਾ ਹੈ।

ਸਾਹਿਬ ਨੇ ਆਪਣੇ 1965 ਵੇਂ ਜਨਮ ਦਿਨ 'ਤੇ ਕਿਹਾ ਕਿ ਮਹਾਤਮਾ ਜੋਤੀਵਾ ਫੂਲੇ 63 ਸਾਲ ਦੀ ਉਮਰ 'ਚ ਬਾਬਾ ਸਾਹਿਬ 65 ਸਾਲਾਂ ਬਾਅਦ ਸਾਨੂੰ ਛੱਡ ਗਏ ਸਨ। ਮੇਰੀ ਉਮਰ ਵੀ ਹੁਣ 65 ਸਾਲਾਂ ਦੀ ਹੈ। ਉਧਰ ਦੇ ਹਿਸਾਬ ਨਾਲ ਮੈਨੂੰ ਵੀ ਚਲੇ ਜਾਣਾ ਚਾਹੀਦਾ ਹੈ ਪਰ ਮੇਰੀ ਇਹ ਜ਼ਬਰਦਸਤ ਇੱਛਾ ਹੈ ਕਿ ਜਿਹੜੀ ਮੈਨੂੰ ਹੋਰ ਜਿਊਣ ਲਈ ਲਗਾਤਾਰ ਤਾਕਤ ਬਖਸ਼ੀ, ਆ ਰਹੀ ਹੈ। ਮੈਂ ਆਪਣੇ ਨਲਾਇਕ ਸਮਾਜ ਦੀ ਨਲਾਇਕੀ ਨੂੰ ਦੂਰ ਕਰਕੇ ਲਾਇਕੀ ਪੈਦਾ ਕਰਕੇ ਮੰਗਣ ਵਾਲੇ ਹੱਥਾਂ ਨੂੰ ਵੰਡਣ ਵਾਲੇ ਹੱਥਾਂ ਵਿਚ ਤਬਦੀਲ ਕਰਕੇ ਆਪਣੇ ਜਿਉਂਦੇ ਜੀਅ ਦਿੱਲੀ ਦੇ ਤਖਤ ਉਤੇ ਬਹੁਜਨ ਸਮਾਜ ਨੂੰ ਦੇਸ਼ ਦੇ ਹੁਕਮਰਾਨ ਵਜੋਂ ਦੇਖਣਾ ਚਾਹੁੰਦਾ ਹਾਂ। ਇਹੋ ਮੇਰੀ ਜ਼ਿੰਦਗੀ ਦੀ ਨਿਸ਼ਾਨਾ ਹੈ।''

ਅੱਜ ਸਾਹਿਬ ਕਾਂਸ਼ੀ ਰਾਮ ਨੂੰ ਸਾਥੋਂ ਵਿਛੜਿਆਂ (ਦੁਨਿਆਵੀ ਤੌਰ 'ਤੇ) 10 ਵਰ੍ਹੇ ਹੋ ਰਹੇ ਹਨ। ਸਾਨੂੰ ਉਹਨਾਂ ਦੇ ਇਕ-ਇਕ ਲਫਜ਼ ਵੰਗਾਰ ਰਹੇ ਹਨ ਕਿ ਉਠੋ! ਜਾਗੋ! ਇੱਕਮੁੱਠ ਹੋ ਜਾਓ ਤੇ ਸਮੇਂ ਦੀਆਂ ਸਰਕਾਰਾਂ ਖਿਲਾਫ ਬਗਾਵਤ ਛੇੜ ਦਿਓ। ਲੋਕਾਂ ਦੀਆਂ ਭਾਵਨਾਵਾਂ ਮੁਤਾਬਕ ਸਿਆਸੀ ਢੰਗ-ਤਰੀਕਿਆਂ ਨਾਲ ਜਿੱਲਣ 'ਚ ਫਸੀ ਕੌਮ ਨੂੰ ਬਾਹਰ ਕੱਢੋ। ਸ਼ਾਇਦ ਸਾਨੂੰ ਉਹ ਹੁਣ ਉਹ ਕੀ ਕਹਿ ਰਹੇ ਹਨ। ਆਓ ਆਪਾਂ ਕੁਝ ਮਿਸ਼ਨ ਦੀ ਚੜ੍ਹਦੀ ਕਲਾ ਲਈ ਕਰੀਏ। ਸਾਰਾ ਸਮਾਜ, ਦੇਸ਼ ਕਾਂਸ਼ੀ ਰਾਮ ਦੇ ਪੈਰੋਕਾਰਾਂ ਵੱਲ ਅੱਖਾਂ ਗੱਡ ਕੇ ਦੇਖ ਰਿਹਾ ਹੈ। ਸਾਡੀ ਸੱਚੀ ਸ਼ਰਧਾਂਜਲੀ ਸਿਰਫ ਉਹੀ ਕਬੂਲ ਹੋਵੇਗੀ ਜੋ ਉਹ ਦਿੱਲੀ ਦੇ ਤਖਤ, ਸੂਬਿਆਂ ਤੇ ਰਾਜ ਕੀ ਸਥਾਪਨਾ ਚਾਹੁੰਦੇ ਸਨ।

# "ਤਿੰਨ ਤਲਾਕ" ਨੂੰ ਲੈ ਕੇ ਮੋਦੀ ਸਰਕਾਰ ਦਾ ਮੁਸਲਮਾਨਾਂ ਤੇ ਹਮਲਾ



ਫਰੈਡੀ ਜੋਜ਼ਫ

ਮੁਸਲਿਮ ਪਰਸਨਲ ਲਾਅ ਬੋਰਡ ਨੇ ਮੋਦੀ ਸਰਕਾਰ ਵੱਲੋਂ ਸਭ ਲਈ ਸਮਾਨ ਕਾਨੂੰਨ ਬਣਾਉਣ ਦੇ ਯਤਨਾਂ ਨੂੰ ਮੁਸਲਮਾਨਾਂ ਉਤੇ ਹਮਲਾ ਕਰਾਰ ਦਿੱਤਾ ਹੈ ਅਤੇ ਕਿਹਾ ਹੈ ਕਿ ਮੁਸਲਮਾਨ ਇਸਦਾ ਸਖਤ ਵਿਰੋਧ ਕਰਨਗੇ। 'ਜੁੱਤੀ ਲੱਤ' ਦੀ ਲੜਾਈ ਤੱਕ ਦੀ ਨੌਬਤ ਆਈ ਤਾਂ ਉਹ ਵੀ ਕੀਤੀ ਜਾਵੇਗੀ। ਉਘੇ ਮੁਸਲਿਮ ਨੇਤਾ ਆਸਦੂਦੀਨ ਓਵੈਸ਼ੀ ਐਮ. ਪੀ. ਦਾ ਕਹਿਣਾ ਹੈ ਕਿ ਸਰਕਾਰੀ ਰਿਕਾਰਡ ਅਨੁਸਾਰ ਭਾਰਤ ਵਿਚ 10 ਸਾਲ ਦੀਆਂ ਲੜਕੀਆਂ ਦੇ ਵੀ ਵਿਆਹ ਕਰ ਦਿੱਤੇ ਜਾਂਦੇ ਹਨ ਜੋ ਕਿ ਇਕ ਗੈਰ ਕਾਨੂੰਨੀ ਗੱਲ ਹੈ। ਇਹਨਾਂ ਵਿਚੋਂ 84 ਫੀਸਦੀ ਵਿਆਹ ਹਿੰਦੂ ਲੜਕੀਆਂ ਦੇ ਹੀ ਹੁੰਦੇ ਹਨ। ਮੋਦੀ ਸਰਕਾਰ ਇਸ ਬੁਰਾਈ ਵੱਲ ਤਾਂ ਕੋਈ ਧਿਆਨ ਨਹੀਂ ਦਿੰਦੀ। ਮੁਸਲਮਾਨਾਂ ਤੇ ਤਿੰਨ ਤਲਾਕ ਦੇ ਮਸਲੇ ਨੂੰ ਲੈ ਕੇ ਮੁਸਲਿਮ ਸ਼ਰੀਅਤ ਤੇ ਹਮਲੇ ਕਰ ਰਹੀ ਹੈ ਜਦਕਿ ਹਕੀਕਤ ਇਹ ਹੈ। ਇਹ ਸਰਕਾਰੀ ਰਿਕਾਰਡ ਹੈ ਕਿ ਮੁਸਲਮਾਨਾਂ ਵਿਚ ਸਭ ਤੋਂ ਘੱਟ ਤਲਾਕ ਹੁੰਦੇ ਹਨ।

ਕਾਂਗਰਸ ਅਤੇ ਜਨਤਾ ਦਲ (ਯੂ) ਦੇ ਬੁਲਾਰਿਆਂ ਨੇ ਸਪਸ਼ਟ ਕਿਹਾ ਹੈ ਕਿ ਮੋਦੀ ਸਰਕਾਰ ਉਤਰ ਪ੍ਰਦੇਸ਼ ਦੀ ਵਿਧਾਨ ਸਭਾ ਚੋਣ ਨੂੰ ਮੁੱਖ ਰੱਖਦਿਆਂ ਹੀ ਤਿੰਨ ਤਲਾਕ ਦਾ ਮਸਲਾ ਉਠਾ ਰਹੀ ਹੈ।

ਯੂ. ਪੀ. ਚੋਣਾਂ ਦੇ ਮੱਦੇਨਜ਼ਰ ਧਰੁਵੀਕਰਨ ਕਰਨਾ ਚਾਹੁੰਦੀ ਹੈ ਸਰਕਾਰ। ਹੋ ਸਕਦਾ ਹੈ ਕਿ ਮੋਦੀ ਸਰਕਾਰ ਅਤੇ ਭਾਜਪਾ ਕੁਝ ਅਜਿਹਾ ਹੀ ਸੋਚ ਰਹੇ ਹੋਣ ਅਤੇ ਇਸਦੀ ਵਜ੍ਹਾ ਵੀ ਹੈ। ਯੂ. ਪੀ. 'ਚ ਕਰੀਬ 19 ਫੀਸਦੀ ਮੁਸਲਿਮ ਹਨ, ਜਿਹਨਾਂ ਦੀਆਂ ਵੋਟਾਂ ਉਸਨੂੰ ਮਿਲਣੀਆਂ ਨਹੀਂ ਹਨ, ਇਸ ਲਈ ਗੈਰ ਮੁਸਲਿਮ ਵੋਟਾਂ 'ਤੇ ਉਸਦੀ ਨਜ਼ਰ ਹੋ ਸਕਦੀ ਹੈ। ਉਹ ਮੁਸਲਮਾਨ ਵਿਰੋਧੀ ਸੋਚ ਵਾਲੇ ਫਿਰਕਾਪ੍ਰਸਤ ਹਿੰਦੂਆਂ ਨੂੰ ਖੁਸ਼ ਕਰਕੇ ਉਹਨਾਂ ਦੀਆਂ ਵੋਟਾਂ ਹਾਸਲ ਕਰਨਾ ਚਾਹੁੰਦੀ ਹੋਵੇਗੀ।

ਤਿੰਨ ਤਲਾਕ ਕੀ ਹੈ?

ਭਾਰਤ ਵਿਚ ਤਿੰਨ ਤਲਾਕ 'ਤੇ ਤਕਰਾਰ ਆਪਣੀ ਸਿਖਰ 'ਤੇ ਹੈ। ਆਖਰੀ ਫੈਸਲਾ ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਨੇ ਕਰਨਾ ਹੈ ਪਰ ਇਸ 'ਤੇ ਬਹਿਸ ਤੇਜ਼ ਹੋ ਗਈ ਹੈ। ਕਾਨੂੰਨ ਕਮਿਸ਼ਨ ਨੇ ਤਿੰਨ ਤਲਾਕ ਉਤੇ ਲੋਕਾਂ ਦੇ ਵਿਚਾਰ ਲੈਣ ਦੀ ਮੁਹਿੰਮ ਆਰੰਭ ਕੀਤੀ ਹੈ। ਉਸ ਵੱਲੋਂ ਇਸ ਬਾਰੇ ਕਰਾਈ ਜਾ ਰਹੀ ਰਾਇਸ਼ੁਮਾਰੀ ਦਾ ਵਿਰੋਧ ਕਰਦੇ ਹੋਏ ਮੁਸਲਿਮ ਪ੍ਰਸਨਲ ਲਾਅ ਬੋਰਡ ਅਤੇ 9 ਹੋਰ ਮੁਸਲਿਮ ਸੰਗਠਨਾਂ ਨੇ ਉਸਦਾ ਬਾਈਕਾਟ ਕਰਨ ਦਾ ਐਲਾਨ ਕਰ ਦਿੱਤਾ ਹੈ। ਮੋਦੀ ਸਰਕਾਰ ਸੁਪਰੀਮ ਕੋਰਟ ਵਿਚ ਦਾਇਰ ਆਪਣੇ ਹਲਫਨਾਮੇ 'ਚ ਸਾਫ ਕਰ ਚੁੱਕੀ ਹੈ ਕਿ ਉਸਦਾ ਇਰਾਦਾ ਸਿਰਫ ਤਿੰਨ ਤਲਾਕ ਨੂੰ ਹਟਾਉਣ ਦਾ ਹੀ ਹੈ ਪਰ ਬੋਰਡ ਨੂੰ ਇਹੀ ਲੱਗਦਾ ਹੈ ਕਿ ਇਸਦੀ ਆੜ 'ਚ ਮੋਦੀ ਸਰਕਾਰ ਬਰਾਬਰ ਨਾਗਰਿਕ ਸਹਿੰਤਾ ਮਾਮਲੇ ਨੂੰ ਭਖਾਉਣਾ ਚਾਹੁੰਦੀ ਹੈ। ਅਸਲ ਵਿਚ ਇਹ ਸਾਰਿਆਂ ਲਈ ਸਮਾਨ ਕਾਨੂੰਨ ਦੀ ਦਿਸ਼ਾ ਵਿਚ ਹੀ ਇਕ ਕਦਮ ਹੈ। ਜਮੀਅਤ ਉਲੇਮਾ-ਏ-ਹਿੰਦ ਦੇ ਕੌਮੀ ਪ੍ਰਧਾਨ ਅਰਸ਼ਦ ਮਦਨੀ ਦਾ ਕਹਿਣਾ ਹੈ ਕਿ ਦੇਸ਼ ਵਿਚ 1400 ਸਾਲਾਂ ਤੋਂ ਮੁਸਲਮਾਨ ਆਪਣੇ ਮਸਲਿਆਂ ਦਾ ਹੱਲ ਸ਼ਰੀਅਤ ਮੁਤਾਬਕ ਕਰਦੇ ਆਏ ਹਨ ਪਰ ਮੋਦੀ ਸਰਕਾਰ ਯੂ. ਪੀ. ਦੀਆਂ ਚੋਣਾਂ ਵਿਚ ਜਿੱਤ ਹਾਸਲ ਕਰਨ ਦੇ ਇਰਾਦੇ ਨਾਲ ਮੁਸਲਮਾਨਾਂ ਨਾਲ ਖਿਲਵਾੜ ਕਰ ਰਹੀ ਹੈ। ਉਹਨਾਂ ਕਿਹਾ ਕਿ 3 ਤਲਾਕ ਦੇ ਮੁੱਦੇ ਨੂੰ ਬਿਨਾਂ ਕਾਰਨ ਤੂਲ ਦਿੱਤਾ ਜਾ ਰਿਹਾ ਹੈ ਜਦੋਂ ਕਿ ਸਰਕਾਰੀ ਅੰਕੜਿਆਂ ਮੁਤਾਬਕ ਸਭ ਤੋਂ ਘੱਟ ਤਲਾਕ ਮੁਸਲਮਾਨਾਂ ਵਿਚ ਹੁੰਦੇ ਹਨ। ਸ੍ਰੀ ਮਦਨੀ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਔਰਤਾਂ ਨੂੰ ਅਧਿਕਾਰ ਦਿਵਾਉਣ ਦੀ ਗੱਲ ਕਰ ਹੇ ਹਨ ਪਰ ਉਹ ਖੁਦ ਆਪਣੀ ਪਤਨੀ ਨਾਲ ਇਨਸਾਫ ਨਹੀਂ ਕਰ ਸਕੇ। ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਜਮੀਅਤ ਨੇ ਲੜਾਈ ਲੜੀ ਸੀ। ਹੁਣ ਉਹ ਲੜਾਈ ਇਕ ਵਾਰ ਮੁੜ ਲੜੀ ਜਾਵੇਗੀ ਸ਼ਰੀਅਤ ਨੂੰ ਬਚਾਉਣ ਲਈ। ਸਰਕਾਰ ਨੂੰ ਸ਼ਰੀਅਤ ਵਿਚ ਹੀ ਕਮੀ ਕਿਉਂ ਨਜ਼ਰ ਆ ਰਹੀ ਹੈ ਜਦਕਿ ਦੱਖਣੀ ਭਾਰਤ ਵਿਚ ਅੱਜ ਵੀ ਇਹ ਪ੍ਰਥਾ ਹੈ ਕਿ ਜੇਕਰ ਕਿਸੇ ਕੁੜੀ ਦਾ ਪਹਿਲਾ ਵਿਆਹ ਹੋਵੇਗਾ ਤਾਂ ਉਹ ਪਹਿਲਾਂ ਉਸ ਦੇ ਮਾਮੇ ਨਾਲ ਹੋਵੇਗਾ, ਉਸ ਤੋਸਂ ਬਾਅਦ ਕਿਸੇ ਹੋਰ ਨਾਲ ਹੋਵੇਗਾ। ਮੋਦੀ ਸਰਕਾਰ ਅਜਿਹੀਆਂ ਘਾਤਕ ਪ੍ਰੰਪਰਾਵਾਂ ਵੱਲ ਧਿਆਨ ਕਿਉਂ ਨਹੀਂ ਦੇ ਰਹੀ?

### ਉੜੀਸਾ ਦੇ ਆਦਿਵਾਸੀ ਹਿੰਦੂ ਨਹੀਂ

ਅਗਸਤ 2008 ਵਿਚ ਉੜੀਸਾ ਦੇ ਕੰਧਮਾਲ ਵਿਚ ਹਿੰਦੂ ਕੱਟੜਪੰਥੀਆਂ ਵੱਲੋਂ ਈਸਾਈਆਂ ਤੇ ਕੀਤੇ ਭਿਆਨਕ ਹਮਲਿਆਂ ਦੇ ਨਿਸ਼ਾਨ ਹਾਲੇ ਤੱਕ ਵੀ ਮੱਧਮ ਨਹੀਂ ਹੋਏ। ਜਿਉਂ ਦੇ ਤਿਉਂ ਹਨ। ਘੱਟੋਂ ਘੱਟ 700 ਉਜੜੇ ਈਸਾਈ ਪਰਿਵਾਰ ਹਾਲੇ ਵੀ ਜੰਗਲਾਂ ਵਿਚ ਭਟਕ ਰਹੇ ਹਨ ਅਤੇ ਉਥੋਂ ਦੀਆਂ ਜੜੀਆਂ ਬੂਟੀਆਂ ਖਾ ਕੇ ਦਿਨ ਕੱਟੀ ਜਾ ਰਹੇ ਹਨ। ਇਹਨਾਂ ਹਮਲਿਆਂ ਵਿਚ 600 ਤੋਂ ਵੱਧ ਈਸਾਈ ਮਾਰੇ ਗਏ ਸਨ ਤੇ ਹਜ਼ਾਰਾਂ ਫੱਟੜ ਹੋ ਗਏ ਸਨ। ਸੈਂਕੜੇ ਚਰਚ ਸਾੜ ਦਿੱਤੇ ਜਾਂ ਢਾਹ ਦਿੰਤੇ ਗਏ ਸਨ। ਕਈ ਇਸਾਈ ਔਰਤਾਂ ਨਾਲ ਰੇਪ ਹੋਏ। ਘੱਟੋਂ ਘੱਟ 8 ਨਨਜ਼ ਨਾਲ ਵੀ ਰੇਪ ਹੋਏ। ਦੇਸ਼ ਦੇ ਅੰਦਰ ਇਹਨਾਂ ਹਿੰਦੂ ਕੱਟੜਪੰਥੀਆਂ ਦਾ ਬਹੁਤ ਸਖਤ ਵਿਰੋਧ ਹੋਇਆ। ਇਹ ਮਸਲਾ ਅੰਤਰ ਰਾਸ਼ਟਰੀ ਪੱਧਰ 'ਤੇ ਵੀ ਉਠਿਆ। ਦੇਸ਼ ਦੀ ਬਦਨਾਮੀ ਹੋਈ ਪਰ ਅੰਤਰ ਰਾਸ਼ਟਰੀ ਦਬਾਅ ਦੇ ਬਾਵਜੂਦ ਪੀੜਤ ਲੋਕਾਂ ਨੂੰ ਹਾਲੇ ਤੱਕ ਵੀ ਇਨਸਾਫ ਨਹੀਂ ਮਿਲਿਆ। ਉਥੋਂ ਦੀ ਪਟਨਾਇਕ ਸਰਕਾਰ- ਜਿਸ ਭਾਰਤੀਆ ਜਨਤਾ ਪਾਰਟੀ ਦੇ ਰਹਿਮੋ ਕਰਮ ਤੇ ਚੱਲ ਰਹੀ ਸੀ, ਉਸ ਤੋਂ ਤਾਂ ਕੀ ਇਨਸਾਫ ਮਿਲਣਾ ਸੀ। ਕੇਂਦਰੀ ਮੰਤਰੀ ਪੀ. ਚਿੰਦਬਰਮ ਵੀ ਸਥਿਤੀ ਦਾ ਜਾਇਜ਼ਾ ਲੈਣ ਲਈ ਉਥੇ ਗਏ। ਉਹਨਾਂ ਉਥੇ ਐਲਾਨ ਕੀਤਾ ਕਿ ਉਜੜੇ ਇਸਾਈਆਂ ਨੂੰ ਘਰ ਬਣਾ ਕੇ ਦਿੰਤੇ ਜਾਣਗੇ ਅਤੇ ਜਿਹਨਾਂ ਪਿੰਡਾਂ ਵਿਚੋਂ ਉਹ ਉਜੜੇ ਹਨ, ਵੁਹਨਾਂ ਨੂੰ ਉਥੇ ਹੀ ਵਸਾਇਆ ਜਾਵੇਗਾ। ਸਾਰੇ ਚਰਚ ਮੁੜ ਬਣਾਏ ਜਾਣਗੇ ਪਰ ਅੱਠ ਸਾਲ ਬਾਅਦ ਵੀ ਉਥੇ ਕਿਤੇ ਇਨਸਾਫ ਨਜ਼ਰ ਨਹੀਂ ਆ ਰਿਹਾ। ਦੋਸ਼ੀ ਦਨਦਨਾਉਂਦੇ ਫਿਰ ਰਹੇ ਹਨ।

ਜੇਕਰ ਗਹੁ ਨਾਲ ਦੇਖਿਆ ਜਾਵੇ ਤਾਂ ਇਸਾਈਅਤ ਵਿਰੋਧੀ ਹਿੰਸਾ ਦੇ ਦੋਸ਼ੀ ਦਲਿਤ ਵਰਗ ਨਾਲ ਹੀ ਸਬੰਧਤ ਹਨ, ਜਿਹਨਾਂ ਨੂੰ ਹਿੰਦੂ ਕੱਟੜਪੰਥੀ ਹਿੰਦੂ ਆਖਦੇ ਹਨ ਤੇ ਜਿਹਨਾਂ ਨੂੰ ਇਹ ਚੁਕਤ ਦਿੱਤੀ ਜਾਂਦੀ ਹੈ, ਤੁਹਾਡੇ ਲੋਕਾਂ ਨੂੰ ਇਸਾਈ ਬਣਾਇਆ ਜਾ ਰਿਹਾ ਹੈ। ਇਸ ਤਰ੍ਹਾਂ ਦਲਿਤ ਤੋਂ ਇਸਾਈ ਬਣੇ ਇਸਾਈਆਂ ਉਤੇ ਦਲਿਤਾਂ ਕੋਲੋਂ ਹੀ ਹਮਲੇ ਕਰਵਾਏ ਜਾ ਰਹੇ ਹਨ ਅਤੇ ਅਸਲ ਹਿੰਦੂ ਸਜ਼ਾਵਾਂ ਤੋਂ ਬਚ ਨਿਕਲ ਰਹੇ ਹਨ। ਆਸਟ੍ਰੇਲੀਅਨ ਮਿਸ਼ਨਰੀ ਗਰਾਹਮ ਸਟੇਨ ਅਤੇ ਉਸਦੇ ਨਿੱਕੇ ਨਿੱਕੇ ਬੇਟਿਆਂ ਨੂੰ ਵੀ ਆਦਿਵਾਸੀਆਂ ਨੇ ਹੀ ਜਿੰਦਾ ਜਲਾ ਦਿੱਤਾ ਸੀ। ਇਸ ਕੇਸ ਵਿਚ 13 ਆਦਿਵਾਸੀਆਂ ਨੂੰ ਹੀ ਉਮਰ ਕੈਦ ਹੋਈ ਸੀ। ਦਾਰਾ ਸਿੰਘ ਜੋ ਇਹਨਾਂ ਦਾ ਨੇਤਾ ਸੀ, ਉਹ ਇਕ ਪੱਛੜੀ ਸ਼੍ਰੇਣੀ ਨਾਲ ਸਬੰਧਤ ਸੀ। ਇਹ ਸਾਜਿਸ਼ ਕਰਨ ਵਾਲੇ ਉਚ ਜਾਤੀ ਦੇ ਹਿੰਦੂ ਸਾਫ ਬਚ ਕੇ ਨਿਕਲ ਗਏ।

ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਦੀ ਪੁਸਤਕ 'ਡਿਸਕਵਰੀ ਆਫ ਇੰਡੀਆ' ਵਿਚ ਸਪਸ਼ਟ ਕੀਤਾ ਗਿਆ ਹੈ ਕਿ ਭਾਰਤ ਵਿਚ ਆਰੀਆ ਲੋਕ ਬਾਹਰੋਂ ਆਏ ਸਨ। ਇਹ ਬਾਹਰੋਂ ਆਏ ਲੋਕ ਹੀ ਹਿੰਦੂ ਹਨ ਜੋ ਬ੍ਰਾਹਮਣ ਤੇ ਖੱਤਰੀ ਹਨ। ਜਦਕਿ ਵੈਸ਼ ਅਤੇ ਸ਼ੂਦਰ ਕਰਾਰ ਦਿੱਤੇ ਗਏ ਲੋਕ ਭਾਰਤ ਦੇ ਹੀ ਆਦਿਵਾਸੀ ਹਨ।

ਅੰਗਰੇਜ਼ ਰਾਜ ਸਮੇਂ ਹਰ ਧਰਮ ਦੇ ਲੋਕਾਂ ਦੀ ਗਿਣਤੀ ਦੇ ਆਧਾਰ 'ਤੇ ਹਰ ਧਰਮ ਦੀ ਅੰਗਰੇਜ਼ ਲਈ ਅਹਿਮੀਅਤ ਨੂੰ ਨਾਪਿਆ ਜਾਂਦਾ ਸੀ। ਇਸ ਕਰਕੇ ਜਿਹੜੇ ਲੋਕ ਸ਼ੂਦਰ ਕਰਾਰ ਦਿੱਤੇ ਗਏ ਸਨ ਅਤੇ ਜਿਹਨਾਂ ਨੂੰ ਨਫਰਤ ਦੀ ਨਜ਼ਰ ਨਾਲ ਵੇਖਿਆ ਜਾਂਦਾ ਸੀ, ਉਹਨਾਂ ਨੂੰ ਵੀ ਹਿੰਦੂ ਦੱਸਣ ਦੀ ਸਾਜਿਸ਼ ਹੋਂਦ ਵਿਚ ਆਈ ਤਾਂ ਕਿ ਹਿੰਦੂਆਂ ਦੀ ਗਿਣਤੀ ਵੱਧ ਤੋਂ ਵੱਧ ਦੱਸੀ ਜਾ ਸਕੇ। ਉਚ ਜਾਤੀ ਦੇ ਹਿੰਦੂਆ ਨੇ ਆਦਿਵਾਸੀਆਂ ਦੇ ਕਈ ਦੇਵਤਿਆਂ ਨੂੰ ਅਪਣਾ ਲਿਆ ਸੀ। ਆਧੁਨਿਕ ਉੜੀਸਾ ਦਾ ਇਤਿਹਾਸ ਲਿਖਣ ਵਾਲੇ ਪ੍ਰੋ. ਵਿਸ਼ਵਮੇ ਅਨੁਸਾਰ ਭਗਵਾਨ ਜਗਨ ਨਾਥ ਉੜੀਸਾ ਦੇ ਆਦਿਵਾਸੀਆਂ ਦੇ ਦੇਵਤਾ ਸਨ, ਜਿਹਨਾਂ ਨੂੰ ਹਿੰਦੂਆਂ ਦੀਆਂ ਉਚ ਜਾਤੀਆਂ ਨੇ ਅਪਣਾ ਲਿਆ ਸੀ। ਦਿੱਲੀ ਵਿਚ ਵੈਂਕਟੇਸ਼ਵਰ ਕਾਲਜ ਵਿਚ ਇਤਿਹਾਸ ਦੇ ਪ੍ਰੋਫੈਸਰ ਵਿਸ਼ਵਮੇ ਪਤੀ ਜੋ ਕਿ ਉੜੀਸਾ ਦੇ ਹੀ ਜੰਮਪਲ ਹਨ, ਉਹਨਾਂ ਦਾ ਕਹਿਣਾ ਹੈ- ਅੰਗਰੇਜ਼ ਰਾਜ ਦੇ ਸਮੇਂ 19ਵੀਂ ਸਦੀ ਵਿਚ ਆਦਿਵਾਸੀਆਂ ਨੂੰ ਹਿੰਦੂ ਧਰਮ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਗਈ ਤਾਂ ਕਿ ਹਿੰਦੂਆਂ ਦੀ ਗਿਣਤੀ ਵੱਧ ਦੱਸੀ ਜਾਵੇ। ਇਸ ਸਮੇਂ ਸ਼ਿਵ ਸ਼ੰਕਰ ਦੇ ਮੰਦਰ ਉੜੀਸਾ ਵਿਚ ਬਹੁਤ ਵੱਡੀ ਗਿਣਤੀ ਵਿਚ ਬਣਵਾਏ ਗਏ।

ਉਹਨਾਂ ਕਿਹਾ ਹੈ "ਆਦਿਵਾਸੀਆਂ ਨੂੰ ਸੰਘ ਪਰਿਵਾਰ ਹਿੰਦੂ ਆਖਦਾ ਹੈ ਪਰ ਮੈਂ ਇਹ ਗੱਲ ਨਹੀਂ ਮੰਨਦਾ। ਦਰਅਸਲ ਆਦਿਵਾਸੀ ਹਿੰਦੂ ਨਹੀਂ ਹਨ, ਤੁਸੀਂ ਇਸ ਗੱਲ ਤੋਂ ਇਨਕਾਰ ਨਹੀਂ ਕਰ ਸਕਦੇ ਕਿ ਆਦਿਵਾਸੀਆਂ ਦੇ ਆਪਣੇ ਹੀ ਦੇਵੀ ਦੇਵਤਾ ਹਨ। ਜੇਕਰ ਆਦਿਵਾਸੀਆਂ ਨੂੰ ਹਿੰਦੂ ਮੰਨ ਵੀ ਲਿਆ ਜਾਵੇ ਤਾਂ ਸਵਾਲ ਉਠਦਾ ਹੈ ਕਿ ਉਹ ਆਪਣਾ ਧਰਮ ਛੱਡ ਕੇ ਇਸਾਈ ਕਿਉਂ ਬਣ ਰਹੇ ਹਨ? ਰੁਪਏ ਪੈਸੇ ਦਾ ਲਾਲਚ ਦੇ ਕੇ ਉਹਨਾਂ ਦਾ ਧਰਮ ਬਦਲਣ ਦੀ ਗੱਲ ਗਲਤ ਹੈ। ਅਸਲ ਵਿਚ ਅਨੁਸੂਚਿਤ ਜਾਤੀ ਅਤੇ ਜਨ ਜਾਤੀ ਦੇ ਲੋਕਾਂ ਨਾਲ ਭੇਦਭਾਵ ਹੁੰਦਾ ਹੈ। ਉਹਨਾਂ ਨੂੰ ਦਬਾਇਆ ਜਾਂਦਾ ਹੈ, ਸਮਾਜਿਕ ਤੌਰ 'ਤੇ ਉਹਨਾਂ ਨੂੰ ਜ਼ਲੀਲ ਕੀਤਾ ਜਾਂਦਾ ਹੈ। ਇਸੇ ਕਰਕੇ ਹੀ ਉਹ ਇਸਾਈ ਬਣਦੇ ਹਨ। ਅੱਗੇ ਜਾ ਕੇ ਉਹ ਲਿਖਦੇ ਹਨ- ਕੁਝ ਇਸਾਈ ਵੀ ਕੱਟੜਪੰਥੀ ਹਨ ਪਰ ਉਹ ਕਦੀ ਹਿੰਸਾ ਤੇ ਨਹੀਂ ਉਤਰੇ। ਹਿੰਸਾ ਦੋ ਤਰਫਾ ਨਹੀਂ ਹੈ। ਕੇਵਲ ਬਜਰੰਗ ਦਲ ਨੇ ਇਸਾਈ ਸੰਗਠਨਾਂ ਅਤੇ ਨਨਜ਼ ਨੂੰ ਨਿਸ਼ਾਨਾ ਬਣਾਇਆ ਹੈ।

ਆਦਿਵਾਸੀਆਂ ਨੂੰ ਇਕ ਸਾਜਿਸ਼ ਤਹਿਤ ਹਿੰਦੂ ਦੱਸਿਆ ਜਾ ਰਿਹਾ ਹੈ, ਜਦਕਿ ਉਹ ਹਿੰਦੂ ਹੈ ਨਹੀਂ। ਆਦਿਵਾਸੀਆਂ ਦਾ ਹਿੰਦੂ ਸਮਾਜ ਨਾਲ ਕੋਈ ਸਬੰਧ ਨਹੀਂ ਹੈ।

ਜਦ ਸ੍ਰੀ ਲਾਲੂ ਪ੍ਰਸਾਦ ਬਿਹਾਰ ਦੇ ਮੁੱਖ ਮੰਤਰੀ ਸਨ ਤਾਂ ਉਹਨਾਂ ਨੂੰ ਪਾਦਰੀ ਸਾਹਿਬਾਨ ਦਾ ਇਕ ਵਫਦ ਮਿਲਿਆ ਸੀ। ਜਿਸਨੂੰ ਸ੍ਰੀ ਲਾਲੂ ਪ੍ਰਸ਼ਾਦ ਨੇ ਕਿਹਾ ਸੀ, ਇਨ (ਦਲਿਤ) ਸਬਕੋ ਇਸਾਈ ਬਨਾ ਲੋ। ਇਨਕਾ ਜੀਵਨ ਸੁਧਰ ਜਾਏਗਾ। ਜੇਕਰ ਸ੍ਰੀ ਲਾਲੂ ਪ੍ਰਸਾਦ ਦੀ ਗੱਲ ਦਾ ਪੋਸਟ ਮਾਰਟਮ ਕੀਤਾ ਜਾਵੇ ਤਾਂ ਇਸਦਾ ਅਰਥ ਇਹ ਨਿਕਲੇਗਾ ਕਿ ਕੱਟੜਪੰਥੀ ਹਿੰਦੂ ਨਹੀਂ ਚਾਹੁੰਦੇ ਕਿ ਦਲਿਤ ਇਸਾਈ ਬਣ ਕੇ ਸਨਮਾਨਜਨਕ ਜੀਵਨ ਜਿਊਣ ਦੇ ਰਾਹ 'ਤੇ ਪੈ ਜਾਣ।

ਇਹ ਇਕ ਚੰਗੀ ਗੱਲ ਹੈ ਕਿ ਭਾਰਤ ਵਿਚ ਕਈ ਥਾਈਂ ਹਿੰਦੂ ਕੱਟੜਪੰਥੀਆਂ ਦੀ ਇਸ ਸਾਜਿਸ਼ ਬਾਰੇ ਦਲਿਤ ਚੇਤੰਨ ਹੋ ਰਹੇ ਹਨ। ਸਤੰਬਰ 2005 ਵਿਚ ਆਰ. ਐਸ. ਐਸ. ਅਤੇ ਭਾਰਤੀ ਜਨਤਾ ਪਾਰਟੀ ਦੀ ਚੁਕਤ ਵਿਚ ਆ ਕੇ ਆਰ. ਐਸ. ਐਸ. ਤੇ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਕੁਝ ਦਲਿਤਾਂ ਨੇ ਜਲੰਧਰ ਵਿਚ ਇਸਾਈਆਂ ਦੇ ਇਕ ਜਲੂਸ ਉਤੇ ਹਮਲਾ ਕਰ ਦਿੱਤਾ। ਇਸ ਖੂਨੀ ਲੜਾਈ ਵਿਚ ਆਰ. ਐਸ. ਐਸ. ਅਤੇ ਭਾਰਤੀ ਜਨਤਾ ਪਾਰਟੀ ਨਾਲ ਸਬੰਧਤ ਕੁਝ ਦਲਿਤ ਨੇਤਾ ਬੁਰੀ ਤਰ੍ਹਾਂ ਫੱਟੜ ਹੋ ਗਏ ਤੇ ਹਸਪਤਾਲਾਂ ਵਿਚ ਦਾਖਲ ਹੋ ਗਏ। ਇਹ ਖਬਰ ਮੀਡੀਆ ਵਿਚ ਬਹੁਤ ਵੱਡੇ ਪੱਧਰ ਤੇ ਫੈਲੀ ਪਰ ਦਲਿਤ ਨੇਤਾ ਇਹਨਾਂ ਫੱਟੜ ਨੇਤਾਵਾਂ ਦੀ ਮਦਦ ਲਈ ਨਹੀਂ ਉਤਰੇ। ਉਹਨਾਂ ਕਿਹਾ ਕਿ ਜਿਹਨਾਂ ਹਿੰਦੂਆਂ ਦੀ ਮਦਦ ਲਈ ਇਹਨਾਂ ਨੇ ਇਸਾਈਆਂ ਉਤੇ ਹਮਲਾ ਕੀਤਾ, ਉਹ ਹੀ ਇਹਨਾਂ ਦੀ ਮਦਦ ਨਹੀਂ ਕਰਨਗੇ ਕਿਉਂਕਿ ਇਹ ਦਲਿਤਾਂ ਲਈ ਨਹੀਂ ਲੜੇ। ਇਸਾਈ ਸਾਡੇ ਭਰਾ ਹਨ। ਅਸੀਂ ਉਹਨਾਂ ਵਿਰੁੱਧ ਨਹੀਂ ਲੜਾਂਗੇ।

ਉਸ ਸਮੇਂ ਦੇ ਆਰ. ਐਸ. ਐਸ. ਮੁਖੀ ਨੇ ਸਭ ਤੋਂ ਵੱਧ ਫੱਟੜ ਹੋਣ ਵਾਲੇ ਇਕ ਉਘੇ ਦਲਿਤ ਨੇਤਾ ਨੂੰ ਸਨਮਾਨ ਵਜੋਂ ਤਲਵਾਰ ਭੇਂਟ ਕੀਤੀ ਸੀ। ਜਲੰਧਰ ਵਿਚ ਇਕ ਦਲਿਤ ਨੇਤਾ ਨੇ ਕਿਹਾ, ਇਹ ਤਲਵਾਰ ਦਲਿਤਾਂ ਤੇ ਚਲਾਉਣ ਲਈ ਦਿੱਤੀ ਗਈ ਹੈ। ਦਲਿਤਾਂ ਨੂੰ ਅਜਿਹੀਆਂ ਸਾਜਿਸ਼ਾਂ ਤੋਂ ਖਬਰਦਾਰ ਰਹਿਣਾ ਚਾਹੀਦਾ ਹੈ।

# ਦਲਿਤਾਂ ਦੀ ਬੇਵਸੀ ਦੇ ਸਵਾਲ ਦਾ ਹੱਲ ਲੱਭਣ ਦੀ ਲੋੜ



ਡਾ. ਸੁਰਜੀਤ ਬਰਾੜ
91-98553-71313

ਭਾਰਤ ਨੂੰ ਮਹਾਨ ਦੇਸ਼ ਕਹਿ ਕੇ ਖ਼ੁਸ਼ਫਹਿਮੀ ਪਾਲੀ ਜਾ ਸਕਦੀ ਹੈ ਪਰ ਆਜ਼ਾਦੀ ਤੋਂ ਸੱਤਰ ਸਾਲ ਬਾਅਦ ਵੀ ਦਲਿਤ ਭਾਈਚਾਰੇ ਦੀ ਸਥਿਤੀ ਵਿੱਚ ਕੋਈ ਸੁਧਾਰ ਨਾ ਹੋਣਾ ਇਸ ਮਹਾਨਤਾ 'ਤੇ ਪ੍ਰਸ਼ਨਚਿੰਨ੍ਹ ਲਾਉਂਦਾ ਹੈ। ਹੁਣ ਜਦੋਂ ਤੋਂ ਭਾਜਪਾ ਸਰਕਾਰ ਬਣੀ ਹੈ, ਉਦੋਂ ਤੋਂ ਤਾਂ ਦਲਿਤਾਂ 'ਤੇ ਤਸ਼ੱਦਦ, ਜਬਰ-ਜ਼ੁਲਮ ਹੋਰ ਵੀ ਵਧਿਆ ਹੈ। ਦਲਿਤਾਂ ਨੂੰ ਬਰਾਬਰ ਨਾ ਸਮਝਣਾ, ਉਨ੍ਹਾਂ ਨੂੰ ਘੋਰ ਨਫ਼ਰਤ ਕਰਨੀ ਤੇ ਉਨ੍ਹਾਂ ਨੂੰ ਹਰ ਥਾਂ ਅਪਮਾਨਿਤ ਕਰਨਾ ਆਦਿ ਰੁਝਾਨ ਇੱਕ ਵੱਖਰੀ ਕਿਸਮ ਦੀ ਫ਼ਿਰਕਾਪ੍ਰਸਤੀ ਹੈ। ਸਾਡੀ ਸਰਕਾਰ ਸਵਰਨ ਅਤੇ ਉੱਚ ਜਾਤਾਂ ਦੇ ਲੋਕਾਂ ਦੇ ਧਰੁਵੀਕਰਨ ਲਈ ਯਤਨਸ਼ੀਲ ਹੈ। ਅਖੌਤੀ ਉੱਚ ਜਾਤਾਂ ਦੇ ਲੋਕ ਅਕਸਰ ਹੀ ਦਲਿਤ ਮੁੰਡੇ-ਕੁੜੀਆਂ ਨੂੰ ਕਿਸੇ ਵੀ ਖੇਤਰ ਵਿੱਚ ਨਾ ਮਾਨਤਾ ਦਿੰਦੇ ਹਨ ਅਤੇ ਨਾ ਹੀ ਬਰਦਾਸ਼ਤ ਕਰਦੇ ਹਨ। ਇਸ ਦੀ ਪੁਸ਼ਟੀ ਪਿੱਛੇ ਜਿਹੇ ਹੈਦਰਾਬਾਦ ਯੂਨੀਵਰਸਿਟੀ ਦੇ ਹੋਣਹਾਰ ਵਿਦਿਆਰਥੀ ਰੋਹਿਤ ਬੇਮੁਲਾ ਨਾਲ ਕੀਤੇ ਗਏ ਭੱਦੇ ਸਲੂਕ (ਅਮਾਨਵੀ ਵਿਵਹਾਰ) ਦੀ ਘਟਨਾ ਕਰਦੀ ਹੈ। ਇਹ ਦਲਿਤਾਂ ਨਾਲ ਨਫ਼ਰਤ ਦੀ ਇੱਕ ਜੀਵੰਤ ਮਿਸਾਲ ਹੈ। ਰੋਹਿਤ ਦੀ ਖ਼ੁਦਕੁਸ਼ੀ, ਦਾਦਰੀ 'ਚ ਇਕਬਾਲ ਦੀ ਮੌਤ ਅਤੇ ਦਿੱਲੀ ਯੂਨੀਵਰਸਿਟੀ ਦੇ ਕ੍ਰਾਂਤੀਕਾਰੀ ਵਿਦਿਆਰਥੀ ਘਨੱਈਆ ਕੁਮਾਰ ਨਾਲ ਨੀਵੇਂ ਦਰਜੇ ਦੇ ਕੀਤੇ ਗਏ ਦੁਰ-ਵਿਵਹਾਰ ਆਦਿ ਬੇਹੱਦ ਦੁਖਦਾਈ ਘਟਨਾਵਾਂ ਹਨ। ਇਹ ਘਟਨਾਵਾਂ ਹਰ ਚੇਤੰਨ ਬੰਦੇ ਨੂੰ ਪਰੇਸ਼ਾਨ ਕਰਦੀਆਂ ਹਨ। ਥੋੜ੍ਹੇ ਦਿਨ ਪਹਿਲਾਂ ਗੁਜਰਾਤ ਵਿੱਚ ਅਖੌਤੀ ਗਊ ਰੱਖਿਅਕਾਂ ਨੇ ਦਲਿਤ ਮੁੰਡਿਆਂ ਨੂੰ ਰੱਸਿਆਂ ਨਾਲ ਨੂੜ ਕੇ ਅੰਨ੍ਹਾ ਅੱਤਿਆਚਾਰ ਕੀਤਾ ਸੀ। ਇਹ ਜਬਰ-ਜ਼ੁਲਮ ਦੇਖ ਕੇ ਮੱਧਯੁਗ ਵਿੱਚ ਦਲਿਤਾਂ 'ਤੇ ਹੁੰਦੇ ਅੱਤਿਆਚਾਰਾਂ ਦੀ ਯਾਦ ਤਾਜ਼ਾ ਹੋ ਗਈ ਹੈ। ਕੇਵਲ ਗੁਜਰਾਤ ਵਿੱਚ ਹੀ ਅਜਿਹਾ ਨਹੀਂ ਵਾਪਰਿਆ ਸਗੋਂ ਇਹ ਘਿਨਾਉਣਾ ਵਰਤਾਰਾ ਲਗਪਗ ਹਰ ਰਾਜ (ਖ਼ਾਸ ਕਰਕੇ ਹਰਿਆਣਾ, ਰਾਜਸਥਾਨ, ਝਾਰਖੰਡ, ਛਤੀਸਗੜ੍ਹ, ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼, ਬਿਹਾਰ, ਕੇਰਲ ਤੇ ਮਹਾਂਰਾਸ਼ਟਰ ਸੂਬਿਆਂ) ਵਿੱਚ ਘੱਟ ਜਾਂ ਵੱਧ ਰੂਪ ਵਿੱਚ ਵਾਪਰ ਰਿਹਾ ਹੈ।



ਪੰਜਾਬ ਵਿੱਚ ਮਾਨਸਾ ਦੇ ਬੰਤ ਸਿੰਘ ਝੱਬਰ ਨੂੰ ਤਸੀਹੇ ਦੇਣ ਤੋਂ ਇਲਾਵਾ ਅਬੋਹਰ ਵਿੱਚ ਭੀਮ ਸੈਨ ਟਾਂਕ ਅਤੇ ਹਾਲ ਹੀ ਵਿੱਚ ਮੁਕਤਸਰ ਅਤੇ ਮਾਨਸਾ ਵਿੱਚ ਦਲਿਤ ਨੌਜਵਾਨਾਂ ਨੂੰ ਕੋਹ ਕੋਹ ਕੇ ਮਾਰਨ ਦੀਆਂ ਘਟਨਾਵਾਂ ਦਿਲ ਕੰਬਾਊ ਹਨ। ਇੱਕ ਰਿਪੋਰਟ ਅਨੁਸਾਰ 2000 ਤੋਂ ਦਲਿਤਾਂ ਅਤੇ ਆਦਿਵਾਸੀਆਂ ਵਿਰੁੱਧ ਅੱਤਿਆਚਾਰਾਂ, ਅਪਰਾਧਾਂ ਦੀ ਗਿਣਤੀ ਵਿੱਚ ਘੋਰ ਵਾਧਾ ਹੋਇਆ ਹੈ। 1995 ਤੋਂ 1999 ਤਕ ਲੋਕਾਂ ਵਿਰੁੱਧ ਹੋਏ ਅੱਤਿਆਚਾਰਾਂ ਦੀ ਗਿਣਤੀ 1,66,400 ਸੀ ਪਰ ਦੁਖਦਾਇਕ ਪਹਿਲੂ ਇਹ ਹੈ ਕਿ ਇਨ੍ਹਾਂ ਅੱਤਿਆਚਾਰਾਂ ਵਿੱਚ ਦਲਿਤਾਂ ਵਿਰੁੱਧ ਅਪਰਾਧਾਂ ਦੀ ਗਿਣਤੀ 1,42,500 ਸੀ। ਸੰਸਦ ਦੀ ਇੱਕ ਹੋਰ ਰਿਪੋਰਟ ਅਨੁਸਾਰ 1999 ਦੀ ਤੁਲਨਾ ਵਿੱਚ 2000 ਵਿੱਚ ਦਲਿਤਾਂ ਅਤੇ ਆਦਿਵਾਸੀਆਂ ਵਿਰੁੱਧ ਅਪਰਾਧਾਂ ਦੀ ਗਿਣਤੀ ਵਧ ਕੇ 30,315 ਹੋ ਗਈ ਸੀ। ਇਹ ਗਿਣਤੀ ਹਰ ਸਾਲ ਇਸੇ ਰਫ਼ਤਾਰ ਨਾਲ ਵਧੀ ਜਾ ਰਹੀ ਹੈ। ਇਸ ਸਮੇਂ ਪ੍ਰਤੀ ਸਾਲ ਇਹ ਗਿਣਤੀ ਪੰਜਾਹ ਹਜ਼ਾਰ ਤੋਂ ਵਧ ਚੁੱਕੀ ਹੈ। ਕੁਝ ਹੋਰ ਸੂਤਰਾਂ ਤੋਂ ਵੀ ਅੱਖਾਂ ਖੋਲ੍ਹਣ ਵਾਲੇ ਅੰਕੜੇ ਪ੍ਰਾਪਤ ਹੋਏ ਹਨ। ਕੌਮੀ ਅਪਰਾਧ ਰਿਕਾਰਡ ਬਿਊਰੋ ਅਨੁਸਾਰ 2014 ਵਿੱਚ ਦੇਸ਼ ਅੰਦਰ ਦਲਿਤਾਂ ਵਿਰੁੱਧ 47,064 ਅਪਰਾਧਕ ਘਟਨਾਵਾਂ ਵਾਪਰੀਆਂ ਸਨ। ਔਸਤਨ ਪ੍ਰਤੀ ਘੰਟੇ ਵਿੱਚ ਪੰਜ ਦਲਿਤਾਂ ਵਿਰੁੱਧ ਅਪਰਾਧ ਹੋਏ, ਪ੍ਰਤੀ ਦਿਨ ਦੋ ਦਲਿਤਾਂ ਦੀ ਹੱਤਿਆ ਹੋਈ। ਹਰ ਰੋਜ਼ ਛੇ ਦਲਿਤ ਔਰਤਾਂ ਨਾਲ ਬਦਸਲੂਕੀ ਹੁੰਦੀ ਰਹੀ। ਕੁਝ ਹੋਰ ਅੰਕੜਿਆਂ ਅਨੁਸਾਰ 2004 ਤੋਂ 2013 ਤਕ 6490 ਦਲਿਤਾਂ ਦੇ ਕਤਲ ਕੀਤੇ ਗਏ ਅਤੇ 14,253 ਦਲਿਤ ਔਰਤਾਂ ਦੀ ਇੱਜ਼ਤ ਨੂੰ ਹੱਥ ਪਾਇਆ ਗਿਆ। ਪਰ 2014 ਤੋਂ ਬਾਅਦ ਹੁਣ ਤਕ ਦਲਿਤਾਂ ਵਿਰੁੱਧ 19 ਫ਼ੀਸਦੀ ਵਧ ਜੁਰਮ ਹੋਏ ਹਨ। ਇਨ੍ਹਾਂ ਅੰਕੜਿਆਂ ਵਿੱਚ ਦਲਿਤਾਂ, ਆਦਿਵਾਸੀਆਂ ਵਿਰੁੱਧ ਅਪਰਾਧਾਂ ਦੀਆਂ ਜਿਨ੍ਹਾਂ ਘਟਨਾਵਾਂ ਦਾ ਜ਼ਿਕਰ ਕੀਤਾ ਗਿਆ ਹੈ, ਉਨ੍ਹਾਂ ਵਿੱਚ ਹੱਤਿਆ, ਕੁੱਟਣ-ਮਾਰਨ, ਬਲਾਤਕਾਰ, ਅਗਵਾ ਅਤੇ ਡਕੈਤੀ ਵਰਗੀਆਂ ਘਟਨਾਵਾਂ ਸ਼ਾਮਲ ਹਨ।

ਸਮਾਜਿਕ ਬਦਲਾਅ ਅਤੇ ਵਿਕਾਸ ਦੇ ਦਾਅਵੇ ਕਰਨ ਵਾਲਿਆਂ ਨੂੰ ਇਹ ਚਿੰਤਨ ਕਰਨ ਦੀ ਲੋੜ ਹੈ ਕਿ ਆਧੁਨਿਕਤਾ ਦੇ ਦੌਰ ਵਿੱਚ ਵੀ ਦਲਿਤਾਂ ਦੀ ਜੂਨ ਕਿਉਂ ਨਹੀਂ ਸੁਧਰੀ? ਸਾਲ 2008 ਵਿੱਚ ਸੰਯੁਕਤ ਰਾਸ਼ਟਰ ਸੰਘ ਨੇ ਭਾਰਤੀ ਪਿੰਡਾਂ ਬਾਰੇ ਇੱਕ ਸਰਵੇਖਣ ਕਰਾਇਆ ਸੀ। ਸੰਘ ਦੇ ਅੰਕੜੇ ਪਰੇਸ਼ਾਨ ਕਰਨ ਵਾਲੇ ਸਨ ਕਿ ਭਾਰਤ ਦੇ ਬਹੁਤੇ ਪਿੰਡਾਂ ਵਿੱਚ ਛੂਆ-ਛਾਤ ਅਤੇ ਭੇਦ-ਭਾਵ ਅੱਜ ਵੀ ਪਹਿਲਾਂ ਵਾਂਗ ਜਾਰੀ ਹੈ। ਖੋਜਕਾਰਾਂ ਦੇ ਅੰਕੜੇ ਬੋਲਦੇ ਹਨ ਕਿ ਭਾਰਤ ਦੇ 33 ਫ਼ੀਸਦੀ ਪਿੰਡਾਂ ਵਿੱਚ ਸਿਹਤ ਕਰਮਚਾਰੀ ਦਲਿਤਾਂ ਦੇ ਘਰਾਂ ਵਿੱਚ ਜਾਣ ਤੋਂ ਨਾਂਹ ਕਰ ਦਿੰਦੇ ਹਨ, 38 ਫ਼ੀਸਦੀ ਸਰਕਾਰੀ ਸਕੂਲਾਂ ਦੇ ਦਲਿਤ ਬੱਚਿਆਂ ਨੂੰ ਖਾਣਾ ਦੇਣ ਸਮੇਂ ਵੱਖਰੀ ਲਾਈਨ 'ਚ ਬਿਠਾਇਆ ਜਾਂਦਾ ਹੈ, 23.5 ਫ਼ੀਸਦੀ ਦਲਿਤਾਂ ਦੇ ਘਰ ਵਿੱਚ ਡਾਕੀਆ ਪੱਤਰ ਦੇਣ ਨਹੀਂ ਜਾਂਦਾ, 48 ਫ਼ੀਸਦੀ ਪਿੰਡਾਂ ਵਿੱਚ ਦਲਿਤਾਂ ਨੂੰ ਸਾਂਝੇ ਜਲਘਰਾਂ ਤੋਂ ਪਾਣੀ ਲੈਣ ਦੀ ਮਨਾਹੀ ਹੈ। ਪੁਲੀਸ ਵਿਭਾਗ ਦੇ ਅੰਕੜਿਆਂ ਅਨੁਸਾਰ ਭਾਰਤ ਵਿੱਚ ਹਰ ਹਫ਼ਤੇ 13 ਦਲਿਤਾਂ ਦਾ ਕਤਲ ਕਰ ਦਿੱਤਾ ਜਾਂਦਾ ਹੈ। ਪੰਜ ਦਲਿਤਾਂ ਦੇ ਘਰ ਜਲਾ ਦਿੱਤੇ ਜਾਂਦੇ ਹਨ ਅਤੇ ਹਰ ਰੋਜ਼ ਛੇ ਦਲਿਤਾਂ ਨੂੰ ਅਗਵਾ ਕਰ ਲਿਆ ਜਾਂਦਾ ਹੈ। ਪ੍ਰਤੀ ਦਿਨ ਤਿੰਨ ਦਲਿਤ ਔਰਤਾਂ ਨਾਲ ਬਲਾਤਕਾਰ ਹੁੰਦਾ ਹੈ। ਲਗਪਗ ਗਿਆਰਾਂ ਦਲਿਤਾਂ ਨਾਲ ਕੁੱਟਣ-ਮਾਰਨ ਦੀ ਘਟਨਾ ਵਾਪਰਦੀ ਹੈ। ਇਸ ਸਮੇਂ ਮੱਧ ਪ੍ਰਦੇਸ਼ ਅਤੇ ਬਿਹਾਰ ਸਮੇਤ ਅੱਠ-ਨੌਂ ਰਾਜਾਂ (ਉੱਤਰ ਪ੍ਰਦੇਸ਼, ਹਰਿਆਣਾ, ਮਹਾਂਰਾਸ਼ਟਰ, ਗੁਜਰਾਤ, ਛਤੀਸਗੜ੍ਹ, ਰਾਜਸਥਾਨ, ਆਂਧਰਾ ਪ੍ਰਦੇਸ਼ ਤੇ ਝਾਰਖੰਡ) ਵਿੱਚ ਦਲਿਤ ਵਧੇਰੇ ਪੀੜਤ ਹਨ। ਪਰ ਇਹ ਵੀ ਸੱਚ ਹੈ ਕਿ ਇਸ ਸਮੇਂ ਕੋਈ ਰਾਜ ਅਜਿਹਾ ਨਹੀਂ ਜਿੱਥੇ ਦਲਿਤਾਂ ਨਾਲ ਦੁਰ-ਵਿਵਹਾਰ ਨਾ ਹੁੰਦਾ ਹੋਵੇ।

ਦੇਸ਼ ਵਿੱਚ ਸਮੇਂ-ਸਮੇਂ ਦਲਿਤ ਅੰਦੋਲਨ ਪੈਦਾ ਹੁੰਦੇ ਰਹੇ ਹਨ। ਪਿਛਲੇ ਦਿਨੀਂ ਦਲਿਤਾਂ 'ਤੇ ਹੋਏ ਜਬਰ-ਜ਼ੁਲਮ ਵਿਰੁੱਧ ਗੁਜਰਾਤ ਵਿੱਚ ਹੀ ਨਹੀਂ ਸਗੋਂ ਪੂਰੇ ਦੇਸ਼ ਵਿੱਚ ਦਲਿਤ ਲਹਿਰ ਪੈਦਾ ਹੋਈ ਸੀ। ਇਸ ਲਹਿਰ ਕਾਰਨ ਸਰਕਾਰ ਨੂੰ ਝੁਕਣਾ ਪਿਆ ਅਤੇ ਅਖੌਤੀ ਗਊ ਰੱਖਿਅਕਾਂ ਵਿਰੁੱਧ ਸਖ਼ਤ ਬਿਆਨ ਵੀ ਦੇਣੇ ਪਏ। ਬੇਸ਼ੱਕ ਇਹ ਦਲਿਤ ਲਹਿਰ ਦੀ ਪ੍ਰਾਪਤੀ ਹੈ ਪਰ ਮੇਰੀ ਧਾਰਨਾ ਹੈ ਕਿ ਭਾਜਪਾ ਸਰਕਾਰ ਦੀ ਨੀਤ ਸਾਫ਼ ਨਹੀਂ, ਦਲਿਤਾਂ ਨੂੰ ਬਿਆਨਾਂ ਨਾਲ ਰਾਹਤ ਦੇਣ ਦੀ ਲੋੜ ਨਹੀਂ, ਅਮਲੀ ਤੌਰ 'ਤੇ ਕੁਝ ਕਰਨ ਦੀ ਲੋੜ ਹੈ। ਭਾਜਪਾ ਸਵਰਨ ਜਾਤਾਂ ਅਤੇ ਵਪਾਰੀਆਂ ਦੀ ਜਮਾਤ ਹੈ, ਇਹ ਦਲਿਤ ਵਿਰੋਧੀ ਹੀ ਨਹੀਂ ਬਲਕਿ ਘੱਟ ਗਿਣਤੀ ਲੋਕਾਂ ਦੀ ਵਿਰੋਧੀ ਵੀ ਹੈ। ਮਹਾਂਰਾਸ਼ਟਰ ਇੱਕ ਅਜਿਹਾ ਸੂਬਾ ਹੈ ਜਿਹੜਾ ਦਲਿਤ ਅੰਦੋਲਨ ਦੀ ਧਰਤੀ ਰਿਹਾ ਹੈ। ਮਹਾਂਰਾਸ਼ਟਰ ਦੇ ਦਲਿਤ ਅੰਦੋਲਨ ਨੇ ਹੋਰ ਰਾਜਾਂ ਦੇ ਦਲਿਤਾਂ ਨੂੰ ਅੰਦੋਲਨ ਲਈ ਪ੍ਰੇਰਿਆ ਅਤੇ ਪ੍ਰਭਾਵਿਤ ਕੀਤਾ ਸੀ। ਪੰਜਾਬ ਵਿੱਚ ਸਿੱਖ ਗੁਰੂਆਂ ਕਾਰਨ ਦਲਿਤਾਂ ਵਿੱਚ ਬੇਸ਼ੱਕ ਚੇਤਨਾ ਆਈ ਪਰ ਸਿੱਖ ਧਰਮ (ਸਿੱਖੀ ਜਾਤਪਾਤ, ਛੂਆ-ਛਾਤ, ਰੰਗ ਅਤੇ ਨਸਲੀ ਭੇਦ-ਭਾਵ ਨੂੰ ਨਹੀਂ ਮੰਨਦੀ) ਵਿੱਚ ਜਾਤਾਂ ਬਾਕੀ ਦੇਸ਼ ਦੇ ਸੂਬਿਆਂ ਵਾਂਗ ਹੀ ਹਨ। ਇੱਥੇ ਵੀ ਦਲਿਤਾਂ ਨਾਲ ਨਫ਼ਰਤ ਕੀਤੀ ਜਾਂਦੀ ਹੈ। ਉਨ੍ਹਾਂ ਨਾਲ ਵਰਤ-ਵਰਤਾਰੇ ਦੀ ਸਾਂਝ ਨਹੀਂ ਹੈ। ਪੰਜਾਬ ਵਿੱਚ ਵੀ ਜੇ ਕੋਈ ਅਖੌਤੀ ਉੱਚ-ਜਾਤੀ (ਜੱਟਾਂ) ਦੀ ਕੁੜੀ ਕਿਸੇ ਦਲਿਤ ਨਾਲ ਵਿਆਹ ਕਰਵਾ ਲੈਂਦੀ ਹੈ ਤਾਂ ਫਿਰ ਅਣਖ ਖ਼ਾਤਿਰ ਕਤਲ ਤਕ ਕਰ ਦਿੱਤੇ ਜਾਂਦੇ ਹਨ। ਹਰਿਆਣੇ ਅਤੇ ਰਾਜਸਥਾਨ ਵਿੱਚ ਤਾਂ ਅੰਤਰਜਾਤੀ ਵਿਆਹਾਂ ਨੂੰ ਕਦੇ ਵੀ ਮਾਨਤਾ ਨਹੀਂ ਦਿੱਤੀ ਜਾਂਦੀ।



ਤਸਵੀਰ- ਪ੍ਰੇਮ ਕੁਮਾਰ ਚੁੰਬਰ 'ਦੇਸ਼ ਦੁਆਬਾ'

ਵਾਸਤਵਿਕਤਾ ਇਹ ਹੈ ਕਿ ਲੋਕਾਂ ਨੇ ਆਧੁਨਿਕ ਪੈਦਾਵਾਰੀ ਸਾਧਨਾਂ ਅਤੇ ਤਕਨੀਕਾਂ ਤਾਂ ਅਪਣਾ ਲਈਆਂ ਹਨ ਪਰ ਆਪਣੀ ਜਗੀਰੂ ਮਾਨਸਿਕਤਾ ਅਤੇ ਸੋਚ ਨੂੰ ਤਿਲਾਂਜਲੀ ਨਹੀਂ ਦਿੱਤੀ। ਅੱਜ ਦਲਿਤਾਂ ਅਤੇ ਆਦਿਵਾਸੀਆਂ ਨੂੰ ਅੱਤਿਆਚਾਰਾਂ ਤੇ ਜ਼ੁਲਮਾਂ ਤੋਂ ਮੁਕਤੀ ਪਾਉਣ ਲਈ ਸਮਾਜਿਕ ਅਤੇ ਰਾਜਨੀਤਕ ਸੰਘਰਸ਼ ਜ਼ਰੂਰੀ ਹੈ। ਦਲਿਤਾਂ ਨੂੰ ਵੀ ਜਾਤੀ ਤੌਰ 'ਤੇ ਨਹੀਂ ਜਮਾਤੀ ਤੌਰ 'ਤੇ ਚੇਤੰਨ ਹੋਣਾ ਚਾਹੀਦਾ ਹੈ।

ਦਲਿਤ ਚੇਤਨਾ ਅਤੇ ਸੰਘਰਸ਼ ਕਾਰਨ ਹੀ ਸਰਕਾਰ ਨੂੰ 1989 ਵਿੱਚ ਕਾਨੂੰਨ ਬਣਾਉਣਾ ਪਿਆ ਸੀ। ਇਸ ਕਾਨੂੰਨ ਅਧੀਨ ਅਜਿਹੀਆਂ ਵਧੀਕੀਆਂ ਅਤੇ ਜੁਰਮਾਂ ਦੀ ਸੁਣਵਾਈ ਵਿਸ਼ੇਸ਼ ਅਦਾਲਤਾਂ ਕਰਨ ਲੱਗ ਪਈਆਂ ਸਨ। ਇਸ ਕਾਨੂੰਨ ਦੇ ਸੈਕਸ਼ਨ ਤਿੰਨ ਵਿੱਚ ਵਧੀਕੀਆਂ ਦੇ 22 ਵਰਗ ਦਿੱਤੇ ਗਏ ਹਨ, ਜਿਹੜੇ ਸਜ਼ਾਯੋਗ ਹਨ ਪਰ ਇਸ ਕਾਨੂੰਨ ਦਾ ਦਲਿਤਾਂ ਨੂੰ ਕੋਈ ਲਾਭ ਨਹੀਂ ਹੋਇਆ। ਦਲਿਤ ਭਾਈਚਾਰਾ ਵਧੇਰੇ ਅਨਪੜ੍ਹ ਤੇ ਗ਼ਰੀਬ ਹੋਣ ਕਰਕੇ ਵਕੀਲਾਂ ਤਕ ਪਹੁੰਚ ਨਹੀਂ ਕਰ ਸਕਦਾ। ਪੁਲੀਸ ਵੀ ਦਲਿਤਾਂ ਦੀ ਮਦਦ ਨਹੀਂ ਕਰਦੀ। ਪੁਲੀਸ ਤਾਂ ਅਖੌਤੀ ਉੱਚ ਜਾਤੀਆਂ ਦੀ ਰਖਵਾਲੀ ਲਈ ਹੈ। ਦਲਿਤਾਂ 'ਤੇ ਹੋਏ ਅੱਤਿਆਚਾਰਾਂ ਦੇ ਕੇਸ ਅਦਾਲਤਾਂ ਵਿੱਚ ਬਹੁਤ ਘੱਟ ਜਾਂਦੇ ਹਨ, ਜਿਹੜੇ ਜਾਂਦੇ ਹਨ ਉਨ੍ਹਾਂ ਵਿੱਚੋਂ 80 ਫ਼ੀਸਦੀ ਦਲਿਤਾਂ 'ਤੇ ਜ਼ੁਲਮ ਕਰਨ ਵਾਲੇ ਅਪਰਾਧੀ ਧਨ-ਬਲ, ਬਾਹੂ-ਬਲ ਅਤੇ ਰਾਜਨੀਤਕ-ਬਲ ਨਾਲ ਬਰੀ ਹੋ ਜਾਂਦੇ ਹਨ। ਇਸ ਪ੍ਰਕਾਰ ਸਾਡੇ ਕੋਲ ਕਾਨੂੰਨ ਤਾਂ ਬਹੁਤ ਹਨ, ਸੰਵਿਧਾਨਕ ਢਾਂਚਾ ਵੀ ਹੈ ਪਰ ਫਿਰ ਵੀ ਦਲਿਤਾਂ 'ਤੇ ਅੱਤਿਆਚਾਰ ਨਾ ਖ਼ਤਮ ਹੋਏ ਹਨ, ਨਾ ਹੋਣੇ ਹਨ।

ਅਫਰੀਕੀ -ਅਮਰੀਕੀ ਲੇਖਕ ਜੇਮਜ ਬਾਲਡਵਿਨ ਨੇ ਆਪਣੇ ਇੱਕ ਨਿਬੰਧ 'ਰਿਹਾਈ ਦੀ ਦਸਵੀਂ ਵਰ੍ਹੇਗੰਢ ਮੌਕੇ ਆਪਣੇ ਭਤੀਜੇ ਨੂੰ ਪੱਤਰ' ਵਿੱਚ ਕਾਲੇ ਲੋਕਾਂ ਦੀ ਬਦਤਰ ਹਾਲਤ ਦਾ ਵਰਨਣ ਕੀਤਾ ਹੈ ਜੋ ਭਾਰਤੀ ਦਲਿਤਾਂ ਅਤੇ ਅਛੂਤਾਂ ਦੀ ਸਥਿਤੀ ਤੋਂ ਵੱਖ ਨਹੀਂ। ਜੇਮਜ ਅਨੁਸਾਰ, 'ਤੂੰ ਪੈਦਾ ਹੋਇਆ, ਪੈਦਾ ਹੋ ਕੇ ਜਿਹੋ-ਜਿਹੇ ਭਵਿੱਖ ਦਾ ਤੂੰ ਸਾਹਮਣਾ ਕੀਤਾ, ਉਹ ਕੇਵਲ ਇਸ ਲਈ ਕਿ ਤੂੰ ਕਾਲਾ ਸੀ। ਇਸ ਦਾ ਹੋਰ ਕੋਈ ਕਾਰਨ ਨਹੀਂ ਸੀ। ਇਸੇ ਲਈ ਤੇਰੇ ਉਦੇਸ਼ ਦੀਆਂ ਸੀਮਾਵਾਂ ਪਹਿਲਾਂ ਤੋਂ ਹੀ ਹਮੇਸ਼ਾਂ ਵਾਸਤੇ ਨਿਸ਼ਚਿਤ ਹੋਈਆਂ ਮੰਨ ਲਈਆਂ ਗਈਆਂ। ਤੂੰ ਇੱਕ ਬੇਰਹਿਮ ਸਮਾਜ ਵਿੱਚ ਪੈਦਾ ਹੋਇਆ ਸੀ।

ਇਸ ਸਮਾਜ ਨੇ ਤੈਨੂੰ ਨਿਕੰਮਾ ਸਮਝਿਆ। ਤੇਰੇ ਕੋਲੋਂ ਇਹ ਉਮੀਦ ਰੱਖੀ ਗਈ ਕਿ ਤੂੰ ਕਦੇ ਉੱਚਾ ਉੱਠਣ ਦੀ ਖ਼ਾਹਿਸ਼ ਨਾ ਰੱਖੀਂ ਅਤੇ ਸਾਧਾਰਨ ਸੂਝ-ਬੂਝ ਵਾਲਾ ਵਿਅਕਤੀ ਬਣ ਕੇ ਸ਼ਾਂਤੀ ਨਾਲ ਬੈਠਾ ਰਹੀਂ।' ਇਸ ਕਿਸਮ ਦਾ ਹੁੰਦਾ ਹੈ ਨਸਲੀ-ਜਾਤਪਾਤ ਦਾ ਢਾਂਚਾ ਜੋ ਅਖੌਤੀ ਨੀਵੀਆਂ ਜਾਤਾਂ ਨੂੰ ਦਲਿਤ ਅਤੇ ਅਛੂਤ ਬਣਾਉਂਦਾ ਹੈ।

ਅਮਰੀਕਾ ਵਿੱਚ ਗ਼ੁਲਾਮਾਂ ਤੇ ਕਾਲਿਆਂ ਨੂੰ ਕਦੇ ਮਾਨਵੀ ਹੱਕ ਨਹੀਂ ਦਿੱਤੇ ਗਏ। ਜਮਹੂਰੀਅਤ ਉਨ੍ਹਾਂ ਲਈ ਛਲਾਵਾ ਰਹੀ। ਭਾਰਤੀ ਸੰਵਿਧਾਨ ਨੂੰ ਕੀ ਕਰੀਏ, ਵਾਸਤਵ 'ਚ ਹਰ ਬੰਦੇ ਦੀ ਸ਼ਨਾਖਤ ਲਈ ਉਸ ਦਾ ਜਨਮ, ਵਿਰਸਾ ਹੀ ਮੁੱਖ ਮਾਪਦੰਡ ਸਮਝਿਆ ਜਾਂਦਾ ਹੈ। ਸਾਡੇ ਦੇਸ਼ ਵਿੱਚ 27-28 ਕਰੋੜ ਦਲਿਤਾਂ ਦੀ ਸ਼ਨਾਖਤ ਕਰਨੀ ਔਖੀ ਨਹੀਂ। ਕਿਸੇ ਬੰਦੇ ਦੀ, ਮਨੁੱਖ ਦੀ ਥਾਂ ਜਾਤ ਨਾਲ ਸ਼ਨਾਖਤ ਕਰਨੀ ਨਿਰਾ-ਪੁਰਾ ਅਨ੍ਹਿਆਂ ਹੈ। ਦਲਿਤ-ਵਰਗ ਦੀ ਮੰਗ ਹੈ ਕਿ ਉਨ੍ਹਾਂ ਨਾਲ ਨਸਲੀ ਵਿਤਕਰੇ, ਅਨ੍ਹਿਆਂ, ਧੱਕੇ, ਜਬਰ-ਜ਼ੁਲਮ ਬੰਦ ਕੀਤੇ ਜਾਣ, ਉਨ੍ਹਾਂ ਨੂੰ ਇਨਸਾਨੀਅਤ ਦਾ ਦਰਜਾ ਦਿੱਤਾ ਜਾਵੇ। ਉਨ੍ਹਾਂ ਨੂੰ ਜਮਹੂਰੀ ਹੱਕ ਦਿੱਤੇ ਜਾਣ ਤੇ ਉਨ੍ਹਾਂ ਦੀ ਜੂਨ ਸੁਧਾਰੀ ਜਾਵੇ। ਨਹੀਂ ਤਾਂ ਕਿਸੇ ਦਿਨ ਦਲਿਤ ਕਹਿਣਗੇ ਕਿ ਸਾਡਾ ਇਸ ਦੇਸ਼ ਵਿੱਚੋਂ ਨਾਂ ਕੱਟ ਦੇਵੋ।

# ਦਲਿਤਾਂ ਖ਼ਿਲਾਫ਼ ਵੱਧ ਰਹੇ ਜ਼ੁਲਮਾਂ ਦੀ ਗਵਾਹੀ ਭਰਦਾ ਹੈ ਸਰਕਾਰੀ ਰਿਕਾਰਡ

## ਐਸ.ਸੀ. ਕਮਿਸ਼ਨ ਦੇ ਰਿਕਾਰਡ ਮੁਤਾਬਕ ਸਾਲ 2007 ਤੋਂ ਹੁਣ ਤੱਕ 8058 ਮਾਮਲੇ ਸਾਹਮਣੇ ਆਏ

**ਚੰਡੀਗੜ੍ਹ-** ਪੰਜਾਬ 'ਚ ਅਕਾਲੀ-ਭਾਜਪਾ ਸਰਕਾਰ ਦੇ ਕਾਰਜਕਾਲ ਦੌਰਾਨ ਦਲਿਤਾਂ 'ਤੇ ਅੱਤਿਆਚਾਰ ਵਧਣ ਦੀ ਗਵਾਹੀ ਸਰਕਾਰੀ ਰਿਕਾਰਡ ਵੀ ਭਰਦਾ ਹੈ। ਬਾਦਲ ਸਰਕਾਰ ਦੇ ਕਾਰਜਕਾਲ ਸਾਲ 2007 ਤੋਂ 2016 ਦੇ ਅੱਧ ਤੱਕ ਦਲਿਤਾਂ 'ਤੇ ਅੱਤਿਆਚਾਰ ਦੇ 8058 ਮਾਮਲੇ ਸਾਹਮਣੇ ਆਏ ਹਨ, ਜਿਨ੍ਹਾਂ ਵਿੱਚ ਸੰਗੀਨ ਅਪਰਾਧ ਦੀ ਸ਼ਾਮਲ ਹਨ। ਇਹ ਤੱਥ ਪੰਜਾਬ ਦੇ ਐਸ.ਸੀ. ਕਮਿਸ਼ਨ ਦੇ ਰਿਕਾਰਡ ਵਿੱਚ ਦਰਜ ਹਨ। ਦਲਿਤਾਂ ਨਾਲ ਵਿਤਕਰਾ ਜਾਂ ਹੋਰ ਜ਼ਿਆਦਤੀਆਂ ਹੋਣ ਦੀਆਂ ਹੋਰ 5 ਹਜ਼ਾਰ ਤੋਂ ਵੱਧ ਘਟਨਾਵਾਂ ਨੂੰ ਵੱਖਰੇ ਤੌਰ 'ਤੇ ਦਰਜ ਕੀਤਾ ਗਿਆ ਹੈ। ਇਨ੍ਹਾਂ ਘਟਨਾਵਾਂ 'ਚ ਹਰ ਸਾਲ ਵਾਧਾ ਹੋ ਰਿਹਾ ਹੈ।

ਕਮਿਸ਼ਨ ਦੇ ਅਧਿਕਾਰੀਆਂ ਦਾ ਮੰਨਣਾ ਹੈ ਕਿ ਪੰਜਾਬ 'ਚ ਦਲਿਤਾਂ ਖ਼ਿਲਾਫ਼ ਅੱਤਿਆਚਾਰਾਂ ਦੀਆਂ ਘਟਨਾਵਾਂ ਦੇ ਜੋ ਵੇਰਵੇ ਕਮਿਸ਼ਨ ਕੋਲ ਦਰਜ ਹਨ, ਉਨ੍ਹਾਂ ਨੂੰ ਅੱਧੇ ਹੀ ਮੰਨਿਆ ਜਾਂਦਾ ਹੈ ਕਿਉਂਕਿ ਇਹ ਮਾਮਲੇ ਉਹ ਹਨ ਜਿਨ੍ਹਾਂ ਸਬੰਧੀ ਲੋਕਾਂ ਨੇ ਕਮਿਸ਼ਨ ਤੱਕ ਪਹੁੰਚ ਕਰ ਲਈ ਜਾਂ ਫਿਰ ਮੀਡੀਆ ਰਿਪੋਰਟ ਦੇ ਆਧਾਰ 'ਤੇ ਕਮਿਸ਼ਨ ਨੇ ਨੋਟਿਸ ਲੈ ਲਿਆ। ਅਬੋਹਰ 'ਚ ਭੀਮ ਟਾਂਕ ਹੱਤਿਆ ਕਾਂਡ ਤੋਂ ਬਾਅਦ ਦਲਿਤਾਂ ਵਿਰੁੱਧ ਅਪਰਾਧ ਦੇ ਨਵੇਂ ਸਫ਼ੇ ਭਰੇ ਜਾਣ ਲੱਗੇ ਹਨ। ਭੀਮ ਟਾਂਕ ਕਤਲ ਕਾਂਡ ਦੇ ਦੋਸ਼ੀਆਂ ਉੱਥੇ ਕਥਿਤ ਤੌਰ 'ਤੇ ਹਾਕਮਾਂ ਦੀ ਛਤਰਛਾਇਆ ਪ੍ਰਾਪਤ ਹੋਣ ਕਾਰਨ ਅਪਰਾਧੀਆਂ ਦੇ ਹੌਸਲੇ ਏਨੇ ਜ਼ਿਆਦਾ ਵਧ ਗਏ ਕਿ ਕੁਝ ਦਿਨ ਪਹਿਲਾਂ ਮੁਕਤਸਰ ਵਿੱਚ ਇੱਕ ਦਲਿਤ ਨੌਜਵਾਨ ਨੂੰ ਕੋਹ-ਕੋਹ ਕੇ ਮਾਰਿਆ ਗਿਆ।

ਉਸ ਤੋਂ ਬਾਅਦ ਮਾਨਸਾ ਜ਼ਿਲ੍ਹੇ ਦੇ ਪਿੰਡ ਘਰਾਂਗਣਾ ਵਿੱਚ ਵੀ ਇੱਕ ਦਲਿਤ ਨੌਜਵਾਨ ਦੀ ਵੱਢ-ਟੁੱਕ ਕੀਤੀ ਗਈ।

ਐਸ.ਸੀ. ਕਮਿਸ਼ਨ ਮੁਤਾਬਕ ਸਾਲ 2007 'ਚ ਦਲਿਤਾਂ 'ਤੇ ਅੱਤਿਆਚਾਰ ਦੀਆਂ 473 ਘਟਨਾਵਾਂ ਵਾਪਰੀਆਂ। ਇਸ ਤੋਂ ਅਗਲੇ ਸਾਲ 2008 ਵਿੱਚ 322, ਸਾਲ 2009 ਵਿੱਚ 517, 2010 ਵਿੱਚ 788, 2011 ਵਿੱਚ 745, 2012 ਤੋਂ ਦਲਿਤਾਂ ਵਿਰੁੱਧ ਅਪਰਾਧਾਂ 'ਚ ਇੱਕ ਦਮ ਵਾਧਾ ਹੋਣ ਲੱਗਿਆ। ਸਾਲ 2012 ਵਿੱਚ 1055, 2013 ਵਿੱਚ 1299, 2014 ਵਿੱਚ 1232 ਤੇ ਸਾਲ 2015 ਵਿੱਚ 1278 ਘਟਨਾਵਾਂ ਵਾਪਰੀਆਂ। ਕਮਿਸ਼ਨ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਾਲ 2016 'ਚ ਵਾਪਰੀਆਂ ਘਟਨਾਵਾਂ ਦੇ ਅੰਕੜੇ ਫਿਲਹਾਲ ਇਕੱਤਰ ਕਰਨੇ ਬਾਕੀ ਹਨ ਤੇ ਕਮਿਸ਼ਨ ਕੋਲ ਦਲਿਤਾਂ 'ਤੇ ਅੱਤਿਆਚਾਰ ਦੀਆਂ ਹੁਣ ਤੱਕ 349 ਘਟਨਾਵਾਂ ਦਰਜ ਹੋਈਆਂ ਹਨ।

ਕਮਿਸ਼ਨ ਦੇ ਅੰਕੜਿਆਂ ਮੁਤਾਬਕ ਅਕਾਲੀ ਦਲ-ਭਾਜਪਾ ਗੱਠਜੋੜ ਦੇ 2007 ਵਿੱਚ ਸੱਤਾ 'ਚ ਆਉਣ ਤੋਂ ਪਹਿਲਾਂ ਸਾਲ 2004 ਵਿੱਚ ਦਲਿਤਾਂ 'ਤੇ ਅੱਤਿਅਚਾਰ ਦੇ 236, ਸਾਲ 2005 ਵਿੱਚ 329 ਅਤੇ ਸਾਲ 2006 ਵਿੱਚ 573 ਮਾਮਲੇ ਸਾਹਮਣੇ ਆਏ ਸਨ। ਕਮਿਸ਼ਨ ਮੁਤਾਬਕ ਅਕਾਲੀ-ਭਾਜਪਾ ਸਰਕਾਰ ਦੇ ਕਾਰਜਕਾਲ ਦੌਰਾਨ 5 ਹਜ਼ਾਰ ਤੋਂ ਵੱਧ ਮਾਮਲੇ ਅਜਿਹੇ ਹਨ, ਜਿਨ੍ਹਾਂ ਵਿੱਚ ਦਲਿਤਾਂ ਉੱਤੇ ਅੱਤਿਆਚਾਰ ਤੋਂ ਇਲਾਵਾ ਜਾਤ-ਪਾਤ ਦੇ ਆਧਾਰ 'ਤੇ ਵਿਤਕਰੇ ਦੀਆਂ ਘਟਨਾਵਾਂ ਵਾਪਰੀਆਂ। ਕਮਿਸ਼ਨ ਦਾ ਇਹ ਵੀ ਦਾਅਵਾ ਹੈ ਕਿ ਜ਼ਿਆਦਤੀਆਂ ਦਾ ਸ਼ਿਕਾਰ ਵੱਡੀ ਗਿਣਤੀ ਲੋਕ ਪੁਲੀਸ ਜਾਂ ਆਰਥਿਕ ਪੱਖੋਂ ਮਜ਼ਬੂਤ ਬੰਦਿਆਂ ਦੇ ਦਬਾਅ ਕਾਰਨ ਕਮਿਸ਼ਨ ਤੱਕ ਪਹੁੰਚ ਨਹੀਂ ਕਰ ਸਕਦੇ ਤੇ ਅਜਿਹੀਆਂ ਘਟਨਾਵਾਂ ਕਿਸੇ ਵੀ ਰਿਕਾਰਡ 'ਤੇ ਨਹੀਂ ਆਉਂਦੀਆਂ। ਅਹਿਮ ਤੱਥ ਇਹ ਵੀ ਹੈ ਕਿ ਪੰਜਾਬ ਵਿੱਚ ਦਲਿਤਾਂ ਦੀ ਆਬਾਦੀ ਦੇਸ਼ ਦੇ ਸਾਰੇ ਸੂਬਿਆਂ ਨਾਲੋਂ ਜ਼ਿਆਦਾ ਹੈ। ਐਸਸੀ ਕਮਿਸ਼ਨ ਵੱਲੋਂ ਦਲਿਤ ਅੱਤਿਆਚਾਰ ਦੀ ਘਟਨਾਂ 'ਤੇ ਪੁਲੀਸ ਜਾਂ ਸਿਵਲ ਪ੍ਰਸ਼ਾਸਨ ਨੂੰ ਨੋਟਿਸ ਤਾਂ ਭੇਜਿਆ ਜਾਂਦਾ ਹੈ ਪਰ ਇਹ ਮਹਿਜ਼ ਰਸਮੀ ਕਾਰਵਾਈ ਹੀ ਬਣ ਕੇ ਰਹਿ ਗਈ ਹੈ।

### ਗੁੰਡਿਆਂ ਨੂੰ ਨੱਥ ਪਾਉਣੀ ਲਾਜ਼ਮੀ: ਬਾਘਾ

ਐਸ.ਸੀ. ਕਮਿਸ਼ਨ ਦੇ ਚੇਅਰਮੈਨ ਰਾਜੇਸ਼ ਬਾਘਾ ਦਾ ਦਾਅਵਾ ਹੈ ਕਿ ਕਮਿਸ਼ਨ ਦੇ ਦਖ਼ਲ ਕਾਰਨ ਦਲਿਤਾਂ 'ਤੇ ਹੁੰਦੇ ਅੱਤਿਆਚਾਰ ਦੇ ਮਾਮਲਿਆਂ 'ਤੇ ਕਾਰਵਾਈ ਹੁੰਦੀ ਹੈ। ਉਨ੍ਹਾਂ ਮੰਨਿਆ ਕਿ ਰਾਜ ਵਿੱਚ ਦਲਿਤਾਂ 'ਤੇ ਅੱਤਿਆਚਾਰ ਦੀਆਂ ਘਟਨਾਵਾਂ ਵਧ ਰਹੀਆਂ ਹਨ।

ਸ੍ਰੀ ਬਾਘਾ ਨੇ ਕਿਹਾ ਕਿ ਸਰਕਾਰ ਨੂੰ ਦਲਿਤਾਂ ਵਿਰੁੱਧ ਹੁੰਦੇ ਅਪਰਾਧ ਰੋਕਣ ਲਈ ਸਖ਼ਤੀ ਕਰਨੀ ਚਾਹੀਦੀ ਹੈ ਤੇ ਗੁੰਡਿਆਂ ਨੂੰ ਨੱਥ ਪਾਉਣ ਦੀ ਲੋੜ ਹੈ।

ਅਨੁਸੂਚਿਤ ਜਾਤੀ ਦੇ ਲੋਕਾਂ 'ਤੇ ਅੱਤਿਆਚਾਰ ਦੀ ਸ਼ਿਕਾਇਤ ਕਰਨ ਲਈ ਟੋਲ ਫ੍ਰੀ ਨੰਬਰ 1800-11-8888 ਇਹ ਸਹੂਲਤ ਬਿਲਕੁਲ ਮੁਫਤ ਹੈ।

# ਰਾਵਣ ਇਕ ਮਹਾਂ ਵਿਦਵਾਨ



ਲੇਖਕ : ਅਰੁਨ ਕੁਮਾਰ, ਬੈਡਫੋਰਡ

**(ਲੇਖਕ ਦੀ ਲਿਖੀ ਪੁਸਤਕ, ''ਰਾਵਣ ਅਤੇ ਰਾਮ'' ਵਿਚੋਂ)**

ਰਮਾਇਣ ਦੇ ਖਲ ਨਾਇਕ ਰਾਵਣ ਨੂੰ ਦਸਨਨ, ਦਸਗਰੀਵ ਅਤੇ ਦਸਹਿਰਾ ਆਦਿ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ। ਇਸ ਦਾ ਭਾਵ ਇਹ ਨਹੀਂ ਹੈ ਕਿ ਰਾਵਣ ਦਸ ਸਿਰਾਂ ਵਾਲਾ ਇਕ ਅਸਧਾਰਣ ਬਦਸੂਰਤ ਵਿਅੱਕਤੀ ਸੀ। ਇਸ ਦਾ ਅਰਥ ਇਹ ਹੈ ਕਿ ਰਾਵਣ ਪਾਸ ਦਸ ਵਿਅਕਤੀਆਂ ਜਿੰਨੀ ਬੁੱਧੀ ਸੀ। ਉਹ ਚੰਹੁ ਵੇਦਾਂ ਅਤੇ ਛੇ ਉਪਨਿਸ਼ਦਾਂ ਦਾ ਗਿਆਤਾ ਸੀ। ਉਸ ਨੇ 'ਰਾਵਣ ਸੰਹਿਤਾ' ਨਾਮਕ ਗ੍ਰੰਥ ਦੀ ਰਚਨਾ ਕੀਤੀ। ਉਹ ਜੋਤਿਸ਼ ਵਿਦਿਆ ਦਾ ਵੀ ਇਕ ਮਹਾਨ ਵਿਦਵਾਨ ਸੀ ਜਿਸ ਨੇ ਇਸ ਉੱਪਰ ਵੀ ਇਕ ਗ੍ਰੰਥ ਦੀ ਰਚਨਾ ਕੀਤੀ ਜਿਸ ਨੂੰ 'ਕਾਲੀ ਕਿਤਾਬ' ਵਜੋਂ ਜਾਣਿਆ ਜਾਂਦਾ ਹੈ। ਉਸ ਨੇ 'ਸ਼ਿਵਾ ਤਾਂਡਵ ਸਤੋਤਰ'ਨਾਮਕ ਸੰਗੀਤ ਪੁੱਸਤਕ ਦੀ ਰਚਨਾ ਕੀਤੀ। ਉਹ ਰਾਜਨੀਤਿਕ ਸ਼ਾਸਤਰ ਅਤੇ ਅਯੁਰਵੇਦ ਦਾ ਵੀ ਮਹਾਨ ਗਿਆਤਾ ਸੀ। ਜੋ ਵਿਅੱਕਤੀ ਏਡਾ ਵੱਡਾ ਬੁੱਧੀਮਾਨ ਹੋਵੇ ਫਿਰ ਉਸ ਨੂੰ ਇਕ ਰਾਖਸ਼ ਕਿਉਂ ਬਣਾ ਦਿੱਤਾ ਗਿਆ। ਸਪੱਸ਼ਟ ਹੈ ਕਿ ਇਹ ਇਕ ਜਾਤੀ ਦਾ ਦੂਜੀ ਜਾਤੀ ਵਿਰੁੱਧ ਨਫ਼ਰਤ ਦਾ ਪ੍ਰਗਟਾਵਾ ਹੈ।

ਰਾਵਣ ਇਕ ਆਮ ਵਿਅੱਕਤੀਆਂ ਵਾਂਗ ਹੀ ਇਕ ਵਿਅੱਕਤੀ ਸੀ। ਦਸਾਂ ਸਿਰਾਂ ਵਾਲਾ, ਵੀਹ ਬਾਹਾਂ ਵਾਲਾ ਅਤੇ ਗਧੇ ਦੇ ਸਿਰ ਵਾਲਾ ਬਣਾ ਕੇ ਜੋ ਉਸ ਦੀ ਸ਼ਕਲ ਆਮ ਲੋਕਾਂ ਵਿੱਚ ਪੇਸ਼ ਕੀਤੀ ਜਾ ਰਹੀ ਹੈ, ਇਹ ਕੇਵਲ ਸਰਾਸਰ ਝੂਠ ਹੈ। ਰਾਵਣ ਨੂੰ ਇਸ ਰੂਪ ਵਿਚ ਪੇਸ਼ ਕਰਨ ਦਾ ਕੇਵਲ ਇਕ ਹੀ ਮੰਤਵ ਹੈ ਤਾਂ ਕਿ ਰਾਵਣ ਨੂੰ ਰਾਮ ਨਾਲੋਂ ਘਟੀਆ ਦਿਖਾ ਕੇ ਰਾਮ ਦੀ ਮਹਤੱਤਾ ਨੂੰ ਵਧਾਇਆ ਜਾਵੇ। ਇਹ ਗੱਲ ਆਮ ਪ੍ਰਚੱਲਤ ਹੈ ਰਾਵਣ ਇਕ ਬਹੁਤ ਵੱਡਾ ਵਿਦਵਾਨ ਸੀ ਅਤੇ ਉਹ ਚਾਰ ਵੇਦਾਂ ਦਾ ਗਿਆਤਾ ਸੀ। ਰਾਵਣ ਦੀ ਵਿਦਵਤਾ ਨੂੰ ਮੁੱਖ ਰੱਖਦੇ ਹੋਏ ਮਹਾਂਰਿਸ਼ੀ ਵਾਲਮੀਕ ਨੇ ਉਸ ਨੂੰ ਕਈ ਜਗ੍ਹਾ 'ਮਹਾਤਮਾ ਰਾਵਣ' ਕਹਿ ਕੇ ਸੰਬੋਧਨ ਕੀਤਾ ਹੈ। ਇਸ ਤਰ੍ਹਾਂ ਤਾਮਿਲ ਵਿਦ-ਵਾਨ ਪੁਲਾਵਰ ਕੁਜ਼ਹੰਡਾਈ ਨੇ 'ਰਾਵਣ ਕਾਵਿਅਮ' ਦੀ ਰਚਨਾ ਕੀਤੀ ਹੈ ਜਿਸ ਵਿਚ ਰਾਮ ਦੀ ਮਹਤੱਤਾ ਦੇ ਮੁਕਾਬਲੇ ਰਾਵਣ ਦੇ ਗੁਣਾਂ ਦੀ ਪ੍ਰਸ਼ੰਸਾ ਕੀਤੀ ਗਈ। ਵਾਲਮੀਕ ਰਮਾਇਣ ਦੇ ਸੁੰਦਰ ਕਾਂਡ , ਸਰਗ 6 ਅਤੇ ਸ਼ਲੋਕ 13 ਵਿਚ ਲਿਖਿਆ ਹੈ ਕਿ 'ਉਸ ਮਹਾਤਮਾਂ (ਰਾਵਣ) ਦੀ ਨਗਰੀ ਜੋ ਮਹਾਂ ਰਤਨਾ ਨਾਲ ਭਰਪੂਰ ਸੀ, ਨੂੰ ਹਨੂਮਾਨ ਨੇ ਦੇਖਿਆ।' ਕਾਂਡ 6, ਸਰਗ 10 ਅਤੇ ਸ਼ਲੋਕ 1 ਵਿੱਚ ਇੱਕ ਬੈਠਕ ਬਾਰੇ ਜ਼ਿਕਰ ਕੀਤਾ ਗਿਆ ਹੈ ਕਿ ਉੱਥੇ ਮਹਾਤਮਾ ਰਾਵਣ ਨਾਲ ਮੰਤਰੀਆਂ ਤੋਂ ਇਲਾਵਾ ਹੋਰ ਕੋਈ ਨਹੀਂ ਸੀ। ਇਸ ਵਰਨਣ ਦੇ ਅਧਾਰ ਤੇ ਸ੍ਰੀ ਲਹੌਰੀ ਰਾਮ ਬਾਲੀ (60) ਨੇ ਆਪਣੀ ਪੁੱਸਤਕ ਦਾ ਨਾਂ 'ਮਹਾਤਮਾ ਰਾਵਣ' ਰੱਖਿਆ ਹੈ ਜਿਸ ਵਿੱਚ ਰਾਵਣ ਨੂੰ ਚਰਿੱਤਰ ਦਾ ਧਨੀ ਦਰਸਾਇਆ ਗਿਆ ਹੈ।

ਸਵਾਮੀ ਪ੍ਰੱਭੂਪਾਦਾ ਜੋ ਕਿ ਹਰੇ ਰਾਮਾ ਹਰੇ ਕਰਿਸ਼ਨਾ ਲਹਿਰ ਦਾ ਸੰਸਥਾਪਕ ਹੈ, ਨੇ 'ਗੀਤਾ ਐਜ਼ ਇਟ ਇਜ਼' ਵਿਚ ਨਾਸਤਿਕਾਂ ਤੇ ਟਿੱਪਣੀ ਕਰਦੇ ਹੋਏ ਲਿਖਦਾ ਹੈ, ਹਿਰਨਕਸ਼ਿਆਪੂ ਅਤੇ ਰਾਵਣ ਜਿਨ੍ਹਾਂ ਦੀਆਂ ਯੋਜਨਾਵਾ ਮਿੱਟੀ ਵਿੱਚ ਮਿਲਾ ਦਿੱਤੀਆਂ ਗਈਆਂ ਹਾਲਾਂ ਕਿ ਵਿਗਿਆਨਕਾਂ, ਫਿਲਾਸਫਰਾਂ, ਸ਼ਾਸਕਾਂ ਅਤੇ ਹੋਰ ਬੁੱਧੀਮਾਨਾਂ ਵਾਂਗ ਉਹ ਵੀ ਵਿਦਵਾਨ ਸਨ। ਇਸ ਤੋਂ ਸਪੱਸ਼ਟ ਹੈ ਕਿ ਰਾਵਣ ਇਕ ਮਹਾਂ ਵਿਦਵਾਨ ਸੀ। ਉਹ ਅਤੇ ਉਸ ਦੀ ਨਸਲ ਦੇ ਲੋਕ ਨਾਸਤਿਕ ਸਨ ਉਹ ਕੇਵਲ ਪ੍ਰਕਿਰਤੀ ਨੂੰ ਹੀ ਮੰਨਦੇ ਸਨ। ਪਰ ਆਰੀਆ ਲੋਕਾਂ ਦੀ ਵਿਚਾਰਧਾਰਾ ਦਰਾਵਿੜ ਲੋਕਾਂ ਨਾਲੋਂ ਕੇਵਲ ਵੱਖ ਹੀ ਨਹੀਂ ਉਹ ਉਸ ਦੇ ਕੱਟੜ ਵਿਰੋਧੀ ਸਨ। ਆਰੀਆ ਲੋਕਾਂ ਦੀ ਇਸ ਨਸਲ ਭੇਦ ਨੇ ਇਕ ਉੱਚ ਕੋਟੀ ਦੇ ਵਿਦਵਾਨ ਰਾਵਣ ਅਤੇ ਉਸ ਦੀ ਸਾਰੀ ਨਸਲ ਨੂੰ ਇਕ ਬੇਵਕੂਫ਼ ਅਤੇ ਘਟੀਆ ਜਿਹੇ ਵਿਅੱਕਤੀ ਹੀ ਨਹੀਂ ਸਗੋਂ ਰਾਖਸ਼ਾਂ ਅਤੇ ਜਾਨਵਰਾਂ ਦੀ ਕਤਾਰ ਵਿੱਚ ਖੜਾ ਕਰ ਦਿੱਤਾ ਹੈ।

ਪੰਡਿਤ ਰਘੂਨੰਦਨ ਸ਼ਰਮਾ ਦਾ 'ਵੈਦਿਕ ਸੰਪਤੀ' ਗ੍ਰੰਥ ਮਹਾਂਰਿਸ਼ੀ ਦਯਾਨੰਦ ਦੇ 'ਸਤਿਆਰਥ ਪ੍ਰਕਾਸ਼' ਗ੍ਰੰਥ ਦੇ ਮੁਕਾਬਲੇ ਦਾ ਹੈ। ਇਹ ਗ੍ਰੰਥ ਗੁਰੂਕੁਲਾਂ ਵਿੱਚ ਪੜ੍ਹਾਇਆ ਜਾਂਦਾ ਹੈ। ਇਸ ਵਿੱਚ ਲੇਖਕ ਨੇ ਬਹੁਤ ਹੀ ਹੈਰਾਨ ਕਰਨ ਵਾਲੇ ਖ਼ੁਲਾਸੇ ਕੀਤੇ ਹਨ। ਉਸ ਅਨੁਸਾਰ ਰਿਸ਼ੀ ਪੁਲਸਿਆ ਧਰਮ ਪ੍ਰਚਾਰ ਵਾਸਤੇ ਅਸਟ੍ਰੇਲੀਆ ਗਿਆ। ਉੱਥੋਂ ਦੇ ਰਾਜਾ ਦੀ ਪੁੱਤਰੀ ਤਰਿਣਵਿੰਦੂ ਨਾਲ ਉਸ ਨੇ ਵਿਆਹ ਕਰ ਲਿਆ। ਜਿਸ ਤੋਂ ਉਸ ਦੇ ਪੁੱਤਰ ਵਿਸ਼ਰਵਾ ਨੇ ਜਨਮ ਲਿਆ ਜੋ ਕਿ ਰਾਵਣ ਦਾ ਪਿਤਾ ਸੀ। ਅਸਟ੍ਰੇਲੀਆ ਤੋਂ ਕੁਝ ਵਿਦੇਸ਼ੀ ਲੰਕਾ ਤੋਂ ਹੁੰਦੇ ਹੋਏ ਭਾਰਤ ਦੇ ਮਦਰਾਸ ਪ੍ਰਾਂਤ ਵਿੱਚ ਆ ਵਸੇ। ਇਨ੍ਹਾਂ ਵਿਦੇਸ਼ੀਆਂ ਦਾ ਨੇਤਾ ਰਾਵਣ ਸੀ। ਰਾਵਣ ਨੇ ਦਰਾਵਿੜ ਸਿਧਾਂਤਾਂ ਨੂੰ ਆਰੀਆ ਵਿੱਚ ਪ੍ਰਚੱਲਤ ਕਰਕੇ ਦੋਹਾਂ ਜਾਤੀਆਂ ਨੂੰ ਇੱਕਠਾ ਕਰਨ ਦੀ ਕੋਸ਼ਿਸ਼ ਕੀਤੀ। ਇਸ ਕਰਕੇ ਰਾਵਣ ਨੇ ਵੇਦਾਂ ਉੱਪਰ ਟੀਕਾ ਲਿਖਿਆ ਜਿਸ ਵਿੱਚ ਅਸੁਰੀ (ਦਰਾਵਿੜ) ਸਿਧਾਂਤਾਂ ਦੀ ਮਿਲਾਵਟ ਕੀਤੀ। ਰਾਵਣ ਦਾ ਇਹ ਟੀਕਾ ਹੁਣ ਉਪਲੱਬਧ ਨਹੀਂ ਹੈ ਪਰ ਫਿਰ ਵੀ ਰਾਵਣ ਦੇ ਨਾਂ ਤੇ ਇਸ ਦਾ ਇਕ ਭਾਗ ਮਿਲਦਾ ਹੈ ਜਿਸ ਨੂੰ 'ਕਰਿਸ਼ਨਵੇਦ' ਨਾਲ ਪੁਕਾਰਿਆ ਜਾਂਦਾ ਹੈ। ਤੈਤਰੀਯ ਕਰਿਸ਼ਨ ਯਜੁਰਵੇਦ ਵੀ ਰਾਵਣ ਦੁਆਰਾ ਹੀ ਲਿਖਿਆ ਦੱਸਿਆ ਗਿਆ ਹੈ। ਸ਼ਰਮਾ ਜੀ ਨੇ ਅੱਗੇ ਲਿਖਿਆ ਹੈ ਕਿ ਸਨਾਤਨ ਮਰਿਆਦਾ ਅਨੁਸਾਰ ਯੱਗ ਕਰਵਾਉਣ ਲਈ ਚਾਰ ਵਿਦਵਾਨਾਂ (ਬ੍ਰਾਹਮਣਾਂ) ਦੀ ਲੋੜ ਹੁੰਦੀ ਹੈ ਜਿਨ੍ਹਾਂ ਨੂੰ ਇੱਕਲੇ 2 ਵੇਦ ਦਾ ਗਿਆਨ ਹੁੰਦਾ ਹੈ। ਪਰ ਸਨਾਤਨੀ ਮਰਿਆਦਾ ਦੇ ਉੱਲਟ ਤੈਤਰੀਯ ਸਹਿੰਤਾ ਵਿੱਚ ਚਾਰ ਦੀ ਜਗ੍ਹਾ ਕੇਵਲ 'ਚਰਕ' ਨਾਂ ਦਾ ਇੱਕ ਹੀ ਅਚਾਰੀਆ ਹੁੰਦਾ ਹੈ। 'ਚਰਕ' ਅਨਾਰੀਆ ਜਾਤੀ ਦਾ ਅਚਾਰੀਆ ਹੈ। ਚਰਕ ਨੂੰ ਮਹੱਤਤਾ ਦੇਣ ਵਾਲਾ ਤੈਤਰੀਯ ਕਰਿਸ਼ਨ ਯਜੁਰਵੇਦ ਯਕੀਨੀ ਤੌਰ ਤੇ ਵਿਦੇਸ਼ੀ ਬੁਰੇ ਕੰਮ ਕਰਨ ਵਾਲੇ ਅਸੁਰਾਂ, ਰਾਵਣ ਅਤੇ ਦਰਾਵਿੜਾਂ ਦਾ ਬਣਾਇਆ ਹੋਇਆ ਹੈ। ਰਾਵਣ ਵਲੋਂ ਸ਼ੁਰੂ ਕੀਤੀ ਗਈ ਲਿੰਗ ਪੂਜਾ ਨੂੰ ਸ਼ੰਕਰਾਚਾਰੀਆ ਨੇ ਸ਼ਿਵਲਿੰਗ ਪੂਜਾ ਵਿੱਚ ਬਦਲ ਦਿੱਤਾ। ਦਰਾਵਿੜਾਂ ਨੇ ਆਪਣੇ ਪੂਰਵਿਜ ਰਾਵਣ ਨੂੰ ਏਨਾ ਮਹੱਤਵ ਦਿੱਤਾ ਕਿ ਮੰਤਰਾਂ ਵਿੱਚ ਉਸ ਦੇ ਹੀ ਗੁਣ ਗਾਏ ਜਾਣ ਲੱਗੇ। ਚਕਰਦੱਤ ਨਾਂ ਦੇ ਇੱਕ ਗ੍ਰੰਥ ਵਿੱਚ ਬੱਚਿਆਂ ਦੀਆਂ ਬਿਮਾਰੀਆਂ ਦੂਰ ਕਰਨ ਵਾਸਤੇ ਇੱਕ ਮੰਤਰ ਹੈ ਜਿਸ ਵਿੱਚ ਰਾਵਣ ਨੂੰ ਨਮਸਕਾਰ ਕੀਤਾ ਗਿਆ ਹੈ:
ਓਮ ਨਮੋ ਰਾਵਣਾਯ- ਅਭੁਕਸਿਯ ਬਿਆਧਿੰਹਨ ਹਨ ਮੁੰਚ ਮੁੰਚ ਹਟੀਂ ਫਟੁ ਸਵਾਹਾਉ

ਸ੍ਰੀ ਚੰਦਰਿਕਾ ਪਰਸਾਦ ਜਗਿਆਸੂ (ਰਾਵਣ ਔਰ ਉਸ ਕੀ ਲੰਕਾ') ਨੇ ਇਸ ਤੇ ਟਿੱਪਣੀ ਕਰਦੇ ਲਿਖਿਆ ਹੈ ਕਿ ਜੇ ਕਰ ਪੰਡਿਤ ਰਘੂਨੰਦਨ ਸ਼ਰਮਾ ਦੀ ਖੋਜ ਨੂੰ ਸੱਚ ਮੰਨ ਲਿਆ ਜਾਵੇ ਤਾਂ ਫਿਰ ਇਹ ਗੱਲ ਸਪੱਸ਼ਟ ਹੋ ਜਾਦੀ ਹੈ ਕਿ ਦਰਾਵਿੜਾਂ ਦਾ ਪੂਰਵਿਜ ਰਾਵਣ ਸ਼ਾਕਤ ਮਤ, ਤੰਤਰਵਾਦ ਅਤੇ ਸ਼ੈਵਮਤ ਦਾ ਚੋਟੀ ਦਾ ਵਿਦਵਾਨ ਸੀ। ਉਹ ਅਠਾਰਾਂ ਹਜ਼ਾਰ ਮੰਤਰਾਂ ਵਾਲੇ ਤੈਤਰੀਯ ਕਰਿਸ਼ਨ ਯਜੁਰਵੇਦ ਦਾ ਇਕ ਮਹਾਨ ਟੀਕਾਕਾਰ ਸੀ। ਵੇਦਾਂ ਦੇ ਟੀਕਾਕਾਰ ਸਾਇਣ, ਉਵਟ ਅਤੇ ਮਹੀਧਰ ਨੇ ਰਾਵਣ ਦੇ ਪਦ ਚਿੰਨ੍ਹਾਂ ਤੇ ਚੱਲ ਕੇ ਉਸ ਦੀ ਪ੍ਰੰਪਰਾ ਦੇ ਹੀ ਟੀਕਾਕਾਰ ਹੋਏ ਹਨ। ਜਗਤਗੁਰੂ ਆਦਿ ਸ਼ੰਕਰਾਚਾਰੀਆ ਦਾ ਅਦਵੈਤਵਾਦ ਜਾਂ ਮਾਇਆਵਾਦ ਵੀ ਰਾਵਣ ਦੀ ਪ੍ਰੰਪਰਾ ਤੋਂ ਹੀ ਪ੍ਰਭਾਵਿਤ ਹੈ। ਦੁਰਗਾ, ਭਵਾਨੀ, ਭੈਰਵੀ, ਚੰਡੀ, ਅਨਪੂਰਣਾ ਅਤੇ ਚਾਮੁੰਡਾ ਆਦਿ ਦੇਵੀਆਂ ਅਤੇ ਸ਼ਿਵਲਿੰਗ ਪੂਜਾ ਨੂੰ ਸੰਸਕ੍ਰਿਤ ਸਾਹਿਤ ਵਿੱਚ ਘੁਸੇੜ ਕੇ ਸਾਰੇ ਦੇਸ਼ ਵਿੱਚ ਪ੍ਰਚਾਰ ਕਰਨ ਵਾਲਿਆਂ ਦਾ ਮੁਢਲਾ ਗੁਰੂ ਰਾਵਣ ਹੈ। ਇੱਥੋਂ ਤੱਕ ਕਿ 'ਭਗਤੀਵਾਦ' ਜਿਸ ਦਾ ਸਾਰੇ ਭਾਰਤ ਵਿੱਚ ਪ੍ਰਚਾਰ ਕੀਤਾ ਜਾ ਰਿਹਾ ਹੈ, ਉਸ ਦੀ ਜੜ੍ਹ ਵੀ ਰਾਵਣ ਹੀ ਹੈ। ਪਰ ਇਹ ਹੈਰਾਨੀ ਦੀ ਗੱਲ ਹੈ ਕਿ ਜਿਹੜਾ ਮਹਾਂਪੁਰਸ਼ ਏਡਾ ਵੱਡਾ ਵਿਦਵਾਨ ਹੋਵੇ ਅਤੇ ਉਸ ਦੇ ਗਿਆਨ ਦੀ ਰੋਸ਼ਨੀ ਸਾਰੇ ਭਾਰਤ ਵਿੱਚ ਖਿਲਰੀ ਹੋਵੇ ਤਾਂ ਫਿਰ ਹਰ ਸਾਲ ਉਸ ਦਾ ਪੁੱਤਲਾ ਸਾੜ ਕੇ ਉਸ ਨੂੰ ਬੇਇੱਜ਼ਤ ਕਿਉਂ ਕੀਤਾ ਜਾਂਦਾ ਹੈ?

ਦਰਾਵਿੜ ਨੇਤਾ ਪੈਰੀਅਰ ਈ. ਵੀ. ਰਾਮਾਸਵਾਮੀ ਨੇ ਆਪਣੀ ਪੁੱਸਤਕ 'ਟਰੂ ਰੀਡਿੰਗ ਆਫ਼ ਰਮਾਇਣਾ' ਵਿੱਚ ਮਹਾਂਰਿਸ਼ੀ ਵਾਲਮੀਕ ਦੇ ਹਵਾਲੇ ਨਾਲ ਰਾਵਣ ਬਾਰੇ ਇਸ ਤਰ੍ਹਾਂ ਲਿਖਿਆ ਹੈ, 'ਰਾਵਣ ਇਕ ਮਹਾਨ ਵਿਦਵਾਨ, ਮਹਾਨ ਸੰਤ, ਵੇਦ ਸ਼ਾਸਤਰਾਂ ਦਾ ਗਿਆਨੀ, ਪਰਜਾ ਅਤੇ ਸੱਜਨਾਂ ਦਾ ਦਿਆਲੂ ਰਖਵਾਲਾ, ਬਹਾਦਰ ਪੁਰਸ਼, ਸ਼ਕਤੀਸਾਲੀ ਵਿਅੱਕਤੀ, ਇਕ ਸੂਰਬੀਰ ਸਿਪਾਹੀ, ਧਰਮਾਤਮਾਂ, ਈਸ਼ਵਰ ਦਾ ਪੁੱਤਰ ਅਤੇ ਅਣਗਿਣਤ ਗੁਣਾਂ ਨਾਲ ਭਰਪੂਰ ਸੀ। ਵਾਲਮੀਕ ਨੇ ਖ਼ੁੱਦ ਰਾਵਣ ਦੇ ਉਪ੍ਰੋਕਤ ਗੁਣਾਂ ਦਾ ਵਰਨਣ ਕੀਤਾ ਹੈ ਅਤੇ ਰਾਵਣ ਦੀ ਕਈ ਥਾਵਾਂ ਤੇ ਪ੍ਰਸ਼ੰਸਾ ਕੀਤੀ ਹੈ।

ਇਕ ਦੰਦ ਕਥਾ ਅਨੁਸਾਰ ਜਦੋਂ ਸ਼ਿਵ ਨੇ ਪਾਰਬਤੀ ਨਾਲ ਵਿਆਹ ਰਚਾਇਆ ਤਾਂ ਉਸ ਨੇ ਵਿਸ਼ਵਕਰਮਾ ਨੂੰ ਉਨ੍ਹਾਂ ਦੇ ਨਿਵਾਸ ਵਾਸਤੇ ਇਕ ਮਹਿਲ ਉਸਾਰਨ ਦੀ ਬੇਨਤੀ ਕੀਤੀ। ਵਿਸ਼ਵਕਰਮਾ ਨੇ ਇਕ ਸੁੰਦਰ ਸੋਨੇ ਦਾ ਮਹਿਲ ਉਸਾਰਿਆ। ਉਸ ਦੇ ਗ੍ਰਹਿ ਪ੍ਰਵੇਸ਼ ਲਈ ਪੂਜਾ ਵਾਸਤੇ ਸ਼ਿਵ ਨੇ ਉਦੋਂ ਦੇ ਮਹਾਨ ਵਿਦਵਾਨ ਰਾਵਣ ਨੂੰ ਬੁਲਾਇਆ। ਪਾਠ ਪੂਜਾ ਸਪੂੰਰਣ ਹੋਣ ਤੇ ਸ਼ਿਵ ਅਤੇ ਪਾਰਬਤੀ ਬਹੁਤ ਖ਼ੁੱਸ਼ ਹੋਏ ਅਤੇ ਰਾਵਣ ਨੂੰ ਵਰਦਾਨ ਦਿੱਤਾ ਕਿ ਉਹ ਜੋ ਚਾਹੇ ਉਨ੍ਹਾਂ ਪਾਸੋਂ ਮੰਗ ਲਵੇ ਅਤੇ ਰਾਵਣ ਨੇ ਬਦਲੇ ਵਿਚ ਇਹ ਮਹਿਲ ਹੀ ਮੰਗ ਲਿਆ। ਸ਼ਿਵ ਨੇ ਇਹ ਮਹਿਲ ਰਾਵਣ ਨੂੰ ਭੇਂਟ ਕਰ ਦਿੱਤਾ। ਰਾਵਣ ਦੀ ਮਹਾਨਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਸ਼ਿਵ ਨੇ ਪਾਠ-ਪੂਜਾ ਦੀ ਰਸਮ ਪੂਰੀ ਕਰਨ ਵਾਸਤੇ ਰਾਵਣ ਨੂੰ ਹੀ ਬੁਲਾਇਆ। ਜਿਸ ਵੇਲੇ ਰਾਮ ਨੇ ਸੇਥੁਸਮੁੰਦਰ ਦੀ ਉਸਾਰੀ ਦਾ ਵਿਚਾਰ ਬਣਾਇਆ ਤਾਂ ਵੀ ਭੂਮੀ ਪੂਜਨ ਵਾਸਤੇ ਰਾਵਣ ਨੂੰ ਹੀ ਬੁਲਾਇਆ ਗਿਆ। ਜਿਸ ਵੇਲੇ ਰਾਵਣ ਨੇ ਮੰਤਰ ਪੜ੍ਹਨੇ ਸ਼ੁਰੂ ਕੀਤੇ ਤਾਂ ਉਸ ਨੇ ਰਾਮ ਨੂੰ ਕਿਹਾ ਕਿ ਉਹ ਆਪਣੀ ਪਤਨੀ ਨੂੰ ਵੀ ਪੂਜਾ ਵਿੱਚ ਬਿਠਾਵੇ। ਪਰ ਰਾਮ ਨੇ ਰਾਵਣ ਨੂੰ ਦੱਸਿਆ ਕਿ ਉਸ ਦੀ ਪਤਨੀ ਤਾਂ ਰਾਵਣ ਦੇ ਕਬਜ਼ੇ ਵਿੱਚ ਹੈ ਤਾਂ ਰਾਵਣ ਨੇ ਉੱਤਰ ਦਿੱਤਾ ਕਿ ਉਹ ਉਸ ਨੂੰ ਇਸ ਰਸਮ ਵਾਸਤੇ ਲੈ ਆਵੇਗਾ। ਰਾਵਣ ਨੇ ਸੀਤਾ ਨੂੰ ਲੰਕਾ ਤੋਂ ਲਿਆ ਕੇ ਭੂਮੀ ਪੂਜਨ ਵਾਸਤੇ ਰਾਮ ਨਾਲ ਬਿਠਾਇਆ ਅਤੇ ਰਸਮ ਪੂਰੀ ਹੋਣ ਤੋਂ ਬਾਦ ਆਪਣੇ ਨਾਲ ਮੁੜ ਲੰਕਾ ਵਾਪਿਸ ਲੈ ਗਿਆ। ਉਪ੍ਰੋਕਤ ਵਰਨਣ ਤੋਂ ਸਵਾਲ ਇਹ ਉੱਠਦਾ ਹੈ ਕਿ ਰਾਵਣ ਨੂੰ ਇਹ ਨਹੀਂ ਸੀ ਪਤਾ ਕਿ ਪੁਲ ਉਸ ਦੇ ਹੀ ਖਾਤਮੇ ਵਾਸਤੇ ਉਸਾਰਿਆ ਜਾ ਰਿਹਾ ਹੈ? ਜੇ ਕਰ ਉਸ ਨੂੰ ਇਸ ਤੱਥ ਦਾ ਗਿਆਨ ਸੀ ਤਾਂ ਇਹ ਵੀ ਸੰਭਾਵਨਾ ਹੋ ਸਕਦੀ ਹੈ ਕਿ ਉਹ ਸੀਤਾ ਦੇ ਮਸਲੇ ਨੂੰ ਗੱਲਬਾਤ ਨਾਲ ਸੁਲਝਾਣਾ ਚਾਹੁੰਦਾ ਹੋਵੇ। ਉਹ ਸੀਤਾ ਨੂੰ ਭੂਮੀ ਪੂਜਨ ਵਾਸਤੇ ਇਸ ਕਰਕੇ ਹੀ ਲਿਆਇਆ ਤਾਂ ਕਿ ਰਾਮ ਇਸ ਬਾਰੇ ਰਾਵਣ ਨਾਲ ਵਿਚਾਰ ਵਟਾਂਦਰਾ ਕਰੇ ਤਾਂ ਕਿ ਸਮੱਸਿਆ ਦਾ ਹੱਲ ਸ਼ਾਂਤੀਪੂਰਵਕ ਲੱਭਿਆ ਜਾ ਸਕੇ। ਨਹੀਂ ਤਾਂ ਕਿਹੜਾ ਅਕਲ ਦਾ ਅੰਨ੍ਹਾ ਅਜੇਹਾ ਕਰੇਗਾ ? ਰਾਵਣ ਸੀਤਾ ਨੂੰ ਭੂਮੀ ਪੂਜਨ ਤੇ ਲਿਆ ਕੇ ਆਪਣੇ ਦੁਸ਼ਮਣ ਰਾਮ ਨਾਲ ਦੋਸਤੀ ਦਾ ਹੱਥ ਵਧਾਉਂਦਾ ਪ੍ਰਤੀਤ ਹੁੰਦਾ ਹੈ ਪਰ ਰਾਮ ਇਸ ਦੀ ਕੋਈ ਪਰਵਾਹ ਨਹੀਂ ਕਰਦਾ। ਹੋ ਸਕਦਾ ਹੈ ਕਿ ਜੇ ਕਰ ਰਾਮ ਸਰੂਪਨਖਾ ਦਾ ਨੱਕ ਅਤੇ ਕੰਨ ਵੱਡਣ ਬਾਰੇ ਰਾਵਣ ਕੋਲੋਂ ਮੁਆਫ਼ੀ ਮੰਗ ਲੈਂਦਾ ਤਾਂ ਮਸਲਾ ਇੱਥੇ ਹੀ ਨਿੱਬੜ ਜਾਂਦਾ। ਪਰ ਨਹੀਂ ਰਾਮ ਦਾ ਮੰਤਵ ਤਾਂ ਰਾਵਣ ਅਤੇ ਉਸ ਦੇ ਰਾਜ ਨੂੰ ਖਤਮ ਕਰਨਾ ਸੀ ਤਾਂ ਕਿ ਉਹ ਆਰੀਆ ਰਾਜ ਨੂੰ ਦੱਖਣ ਵਿੱਚ ਫੈਲਾ ਸਕੇ।

ਸਾਲ 2008 ਵਿਚ ਪੰਜਾਬੀ ਹਿੰਦੂ ਬਰਾਦਰੀ ਨੇ ਝਾਰਖੰਡ ਦੇ ਆਦਿ ਵਾਸੀ ਮੁੱਖ ਮੰਤਰੀ ਸ੍ਰੀ ਸ਼ਿਬੂ ਸੋਰਨ ਨੂੰ ਦੁਸੈਹਰੇ ਵਾਲੇ ਦਿਨ ਰਾਂਚੀ ਵਿਖੇ ਰਾਵਣ ਦੇ ਪੁਤਲੇ ਦਾ ਦਾਹ ਸੰਸਕਾਰ ਕਰਨ ਵਾਸਤੇ ਬੁਲਾਇਆ। ਪਰ ਮੁੱਖ ਮੰਤਰੀ ਨੇ ਇਹ ਕਹਿ ਕੇ ਸਮਾਗਮ ਵਿਚ ਸ਼ਾਮਲ ਹੋਣ ਤੋਂ ਨਾਂਹ ਕਰ ਦਿੱਤੀ ਕਿ ਰਾਵਣ ਇਕ ਮਹਾਂ ਵਿਦਵਾਨ ਉਸ ਦਾ ਕੁਲ ਗੁਰੁ ਹੈ। ਉਸ ਨੂੰ ਅੱਗ ਦੇ ਸਪੁਰਦ ਕਰ ਕੇ ਉਸ ਦਾ ਅਪਮਾਨ ਨਹੀਂ ਕਰਨਾ ਚਾਹੁੰਦਾ। ਇਸੇ ਤਰ੍ਹਾਂ ਮਿਤੀ 6 ਅਕਤੂਬਰ, 2008 ਦੇ 'ਦਾ ਇੰਡੀਆ' ਪਰਚੇ ਵਿਚ ਇਕ ਖਬਰ ਛਪੀ ਮੱਧ ਪਰਦੇਸ ਦੇ ਛਿਦਵਾੜਾ ਜ਼ਿਲੇ ਦੇ ਕੁਝ ਪਿੰਡਾਂ ਦੇ ਗੌਂਡ ਜਾਤੀ ਨਾਲ ਸੰਬਧਤ ਅਦਿ ਵਾਸੀ ਲੋਕ ਪੀੜ੍ਹੀਆਂ ਤੋਂ ਰਾਵਣ ਅਤੇ ਉਸ ਦੇ ਪੁਤਰ ਮੇਘਨਾਦ ਦੀ ਪੂਜਾ ਕਰਦੇ ਆ ਰਹੇ ਹਨ ਕਿਉਂਕਿ ਉਨ੍ਹਾਂ ਦਾ ਵਿਸ਼ਵਾਸ ਹੈ ਕਿ ਕਿ ਰਾਵਣ ਚੰਹੁ ਵੇਦਾਂ ਦਾ ਗਿਆਤਾ ਇਕ ਮਹਾਂਵਿਦਵਾਨ ਸ਼ਿਵ ਭਗਤ ਸੀ। ਇਸ ਕਰਕੇ ਗੋਂਡਵਾਨਾ ਮਹਾਂਸਭਾ ਨੇ ਇਹ ਆਦੇਸ਼ ਜਾਰੀ ਕੀਤੇ ਹਨ ਕਿ ਦੁਸੈਹਿਰੇ ਵਾਲੇ ਦਿਨ ਰਾਵਣ ਦਾ ਪੁਤਲਾ ਸਾੜ ਕੇ ਕੋਈ ਵੀ ਉਨ੍ਹਾਂ ਦੇ ਇਸ਼ਟ ਦੇਵਤਾ ਦਾ ਅਪਮਾਨ ਨਾ ਕਰੇ।ਜੇ ਕਰ ਅਜੇਹਾ ਕੀਤਾ ਜਾਂਦਾ ਹੈ ਤਾਂ ਇਸ ਦੇ ਭਿਆਨਕ ਨਤੀਜੇ ਨਿਕਲ ਸਕਦੇ ਹਨ। ਗੋਂਡਵਾਨਾ ਗਣਤੰਤਰ ਪਾਰਟੀ ਦੇ ਐਮ. ਐਲ. ਏ. ਸ੍ਰੀ ਮਨਮੋਹਨ ਸ਼ਾਹ ਭੱਟੀ ਨੇ ਇਨ੍ਹਾਂ ਆਦੇਸ਼ਾਂ ਨਾਲ ਸਹਿਮਤੀ ਪ੍ਰਗਟ ਕਰਦੇ ਹੋਏ ਐਲਾਨ ਕੀਤਾ ਕਿ ਉਸ ਦੀ ਪਾਰਟੀ ਦਾ ਕੋਈ ਵੀ ਮੈਂਬਰ ਦੁਸੈ-ਹਿਰੇ ਜਿਸ ਵਿਚ ਰਾਵਣ ਦਾ ਪੁਤਲਾ ਜਲਾਇਆ ਜਾਵੇਗਾ, ਭਾਗ ਨਹੀਂ ਲਵੇਗਾ ਕਿਉਂਕਿ ਰਾਵਣ ਉਨ੍ਹਾਂ ਦੀ ਜਾਤੀ ਨਾਲ ਸੰਬਧਤ ਸੀ। ਸਗੋਂ ਇਸ ਦਿਨ ਰਾਵਣ ਦੀ ਪੂਜਾ ਕੀਤੀ ਜਾਵੇਗੀ।

ਇਸੇ ਪਰਚੇ ਦੇ ਮਿਤੀ 26 ਸਤੰਬਰ, 2008 ਦੇ ਅੰਕ ਵਿਚ ਅਜੇਹੀ ਹੀ ਇਕ ਹੋਰ ਖਬਰ ਛਪੀ ਸੀ ਜਿਸ ਅਨੁਸਾਰ ਅਲਾਹਾਬਾਦ ਦੇ ਬ੍ਰਾਹਮਣ ਭਾਈਚਾਰੇ ਵਲੋਂ ਰਾਵਣ, ਉਸ ਦੀ ਪਤਨੀ ਮੰਦੋਦਰੀ, ਕੁੰਬਕਰਨ ਅਤੇ ਮੇਘਨਾਦ ਦੀਆਂ ਪੁਸ਼ਾਕਾਂ ਪਹਿਨ ਕੇ ਉਥੇ ਇਕ ਵਿਸ਼ਾਲ ਜਲੂਸ ਕਢਿਆ ਗਿਆ। ਅਲਾਹਾਬਾਦ ਨਿਵਾਸੀ ਸ੍ਰੀ ਜਤਿੰਦਰ ਪ੍ਰਸਾਦ ਚੌਧਰੀ ਦਾ ਕਥਨ ਹੈ ਕਿ ਰਾਵਣ ਇਕ ਬ੍ਰਾਹਮਣ ਸੀ ਜਿਸ ਕਰਕੇ ਬ੍ਰਾਹਮਣ ਉਸ ਦੇ ਮਾਣ ਵਿਚ ਇਹ ਜਲੂਸ ਕਢਦੇ ਹਨ ਅਤੇ ਇਹ ਪ੍ਰਥਾ ਪਿਛਲੇ ਪੰਜ ਸੌ ਸਾਲ ਤੋਂ ਪ੍ਰਚਲਤ ਹੈ।

ਉਪਰੋਕਤ ਤੱਥਾਂ ਤੋਂ ਸਪੱਸ਼ਟ ਹੈ ਕਿ ਰਾਵਣ ਇਕ ਮਹਾਂ ਵਿਦਵਾਨ ਸੀ ਜਿਸ ਦੀ ਪ੍ਰਸੰਸਾ ਅਤੇ ਪੂਜਾ ਸਮਾਜ ਦੇ ਹਰੇਕ ਫਿਰਕੇ ਵਲੋਂ ਆਪਣੇ 2 ਤਰੀਕੇ ਨਾਲ ਕੀਤੀ ਜਾਂਦੀ ਹੈ।

ਰਾਵਣ ਨਾਲ ਸੰਬੰਧਤ ਮੰਦਰ

ਰਾਵਣ ਦੀ ਮਹਾਨਤਾ ਦਾ ਅੰਦਾਜ਼ਾ ਮਦਰਾਸ ਵਿੱਚ ਸਥਿੱਤ ਰਮੇਸ਼ਵਰਮ ਮੰਦਰ ਵਿੱਚ ਸਥਾਪਿਤ ਸ਼ਿਵ ਲਿੰਗਮ ਤੋਂ ਲੱਗਾਇਆ ਜਾ ਸਕਦਾ ਹੈ। ਰਮਾਇਣ ਅਨੁਸਾਰ ਜਦੋਂ ਲੰਕਾ ਦੀ ਜਿੱਤ ਤੋਂ ਬਾਦ ਰਾਵਣ ਦਾ ਖਾਤਮਾ ਕਰਕੇ ਰਾਮ ਨੇ ਇਹ ਅਨੁਭਵ ਕੀਤਾ ਕਿ ਰਾਵਣ ਨੂੰ ਮਾਰ ਕੇ ਉਸ ਨੇ ਬਹੁਤ ਵੱਡਾ ਪਾਪ ਕੀਤਾ ਹੈ ਕਿਉਂਕਿ ਰਾਵਣ ਇਕ ਮਹਾਨ ਵਿਦਵਾਨ ਸੀ। ਕਈ ਵਿਦਵਾਨਾਂ ਨੇ ਤਾਂ ਉਸ ਨੂੰ ਅੱਧਾ ਆਦਿਵਾਸੀ ਅਤੇ ਅੱਧਾ ਬ੍ਰਾਹਮਣ ਦਰਸਾਇਆ ਹੈ। ਆਪਣੇ ਪਾਪ ਤੋਂ ਛੁਟਕਾਰਾ ਪਾਉਣ ਵਾਸਤੇ ਰਾਮ ਨੇ ਫ਼ੈਸਲਾ ਕੀਤਾ ਕਿ ਸ਼ਿਵ ਲਿੰਗਮ ਦੀ ਸਥਾਪਨਾ ਕੀਤੀ ਜਾਵੇ। ਇਸ ਮੰਤਵ ਵਾਸਤੇ ਰਾਮ ਨੇ ਹਨੂਮਾਨ ਨੂੰ ਕੈਲਾਸ਼ ਪ੍ਰਬਤ ਤੋਂ ਸ਼ਿਵ ਦੇਵਤੇ ਕੋਲੋਂ ਲਿੰਗਮ ਲਿਆਉਣ ਵਾਸਤੇ ਕਿਹਾ। ਪਰ ਕੈਲਾਸ਼ ਪ੍ਰਬਤ ਨੂੰ ਜਾਣ ਅਤੇ ਵਾਪਸ ਆਉਣ ਵਿੱਚ ਹਨੂਮਾਨ ਨੂੰ ਦੇਰੀ ਹੋ ਗਈ। ਪੂਜਾ ਦਾ ਸਮਾਂ ਨਾ ਨਿਕਲ ਜਾਵੇ ਇਸ ਕਰਕੇ ਸੀਤਾ ਨੇ ਰੇਤ ਦਾ ਲਿੰਗਮ ਤਿਆਰ ਕਰ ਦਿੱਤਾ। ਪਰ ਬਾਦ ਵਿਚ ਹਨੂਮਾਨ ਵੀ ਲਿੰਗਮ ਲੈ ਕੇ ਆ ਗਿਆ ਜਿਸ ਨੂੰ ਰਾਮ ਨੇ ਸੀਤਾ ਵਲੋਂ ਤਿਆਰ ਕੀਤੇ ਲਿੰਗਮ ਕੋਲ ਸਥਾਪਤ ਕਰ ਦਿੱਤਾ। ਰਮੇਸ਼ਵਰਮ ਮੰਦਰ ਵਿੱਚ ਇਨ੍ਹਾਂ ਦੋਹਾਂ ਲਿੰਗਮ ਦੀ ਪੂਜਾ ਹੁੰਦੀ ਹੈ। ਰਾਮ ਖੁਦ ਵਿਸ਼ਨੂੰ ਦਾ ਅਵਤਾਰ ਸੀ ਪਰ ਉਸ ਨੇ ਰਾਵਣ ਦੇ ਇਸ਼ਟ ਦੇਵਤਾ ਸ਼ਿਵ ਮੰਦਰ ਦੀ ਸਥਾਪਨਾ ਕੀਤੀ। ਰਮੇਸ਼ਵਰਮ ਮੰਦਰ ਨੂੰ ਰਾਮ ਵਲੋਂ ਰਾਵਣ ਦੀ ਯਾਦ ਵਿੱਚ ਉਸਾਰਿਆ ਮੰਦਰ ਕਿਹਾ ਜਾ ਸਕਦਾ ਹੈ। ਸਪੱਸ਼ਟ ਹੈ ਕਿ ਰਾਮ ਵੀ ਰਾਵਣ ਦੀ ਮਹਾਨਤਾ ਅਤੇ ਉਸ ਦੀ ਵਿਦਵਤਾ ਦਾ ਸਤਿਕਾਰ ਕਰਦਾ ਸੀ। ਰਾਵਣ ਦੀ ਬਹਾਦਰੀ ਅਤੇ ਵਿਦਵਤਾ ਕਾਰਣ ਹੀ ਰਾਵਣ ਦੀ ਮੌਤ ਤੋਂ ਬਾਦ ਰਾਮ ਨੇ ਉਸ ਦਾ ਦਾਹ ਸੰਸਕਾਰ ਪੂਰੇ ਸਨਮਾਨ ਨਾਲ ਕਰਨ ਦਾ ਇੰਤਜ਼ਾਮ ਕੀਤਾ।

ਬੇਸ਼ੱਕ ਰਮਾਇਣ ਵਿੱਚ ਰਾਵਣ ਨੂੰ ਇਕ ਖਲਨਾਇਕ ਵਜੋਂ ਪੇਸ਼ ਕੀਤਾ ਗਿਆ ਹੈ ਪਰ ਭਾਰਤ ਵਿੱਚ ਕਈ ਜਗ੍ਹਾਵਾਂ ਤੇ ਰਾਵਣ ਦੇ ਮੰਦਰ ਮਿਲਦੇ ਹਨ ਜਿੱਥੇ ਰਾਵਣ ਦੀ ਪੂਜਾ ਕੀਤੀ ਜਾਂਦੀ ਹੈ। ਜਿਸ ਤਰ੍ਹਾਂ ਪਹਿਲਾਂ ਵਰਨਣ ਕੀਤਾ ਗਿਆ ਹੈ ਕਿ ਰਾਵਣ ਸ਼ਿਵ ਦਾ ਇਕ ਬਹੁਤ ਵੱਡਾ ਭਗਤ ਸੀ। ਇਸ ਕਰਕੇ ਰਾਵਣ ਦੀਆਂ ਮੂਰਤੀਆਂ ਕਈ ਸ਼ਿਵ ਮੰਦਰਾਂ ਵਿੱਚ ਮਿਲਦੀਆਂ ਹਨ। ਆਂਧਰਾ ਪ੍ਰਦੇਸ਼ ਦੇ ਕਾਕੀਨਾਡਾਂ ਜ਼ਿਲੇ ਵਿੱਚ ਇੱਕ ਵੱਡਾ ਸ਼ਿਵਲਿੰਗਮ ਹੈ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਇਸ ਨੂੰ ਰਾਵਣ ਵਲੋਂ ਸਥਾਪਤ ਕੀਤਾ ਗਿਆ ਹੈ। ਇਸ ਦੇ ਨਾਲ ਹੀ ਰਾਵਣ ਦੀ ਮੂਰਤੀ ਵੀ ਲਗਾਈ ਗਈ ਹੈ। ਇਸ ਇਲਾਕੇ ਦੇ ਮੱਛੇਰੇ (ਮੱਛੀਆਂ ਫੜਨ ਵਾਲੀ ਜਾਤੀ ਦੇ ਲੋਕ) ਸ਼ਿਵਲਿੰਗ ਅਤੇ ਰਾਵਣ ਦੋਹਾਂ ਦੀ ਪੂਜਾ ਕਰਦੇ ਹਨ। ਮੱਧ ਪ੍ਰਦੇਸ਼ ਦੇ ਵਿਦੀਸ਼ਾ ਜ਼ਿਲੇ ਦੀ ਨੈਤਰਨ ਤਹਿਸੀਲ ਵਿੱਚ ਪੈਂਦੇ ਪਿੰਡ 'ਰਾਵਨਗਰਾਮ' ਵਿੱਚ ਹਜ਼ਾਰਾਂ ਕਨਿਆਕੁਬਜਾ ਬ੍ਰਾਹਮਣ ਹਰ ਰੋਜ਼ ਰਾਵਣ ਮੰਦਰ ਵਿੱਚ ਰਾਵਣ ਦੀ ਪੂਜਾ ਕਰਦੇ ਹਨ। ਇੱਥੇ 10 ਫੁੱਟ ਲੰਬੀ ਰਾਵਣ ਦੀ ਮੂਰਤੀ ਲਗਾਈ ਗਈ ਹੈ।

ਸਦੀਆਂ ਪਹਿਲਾਂ ਉੱਤਰ ਪ੍ਰਦੇਸ਼ ਦੇ ਰਾਜਾ ਸ਼ਿਵ ਸ਼ੰਕਰ ਨੇ ਕਾਨ੍ਹਪੁਰ ਵਿੱਖੇ ਰਾਵਣ ਮੰਦਰ ਸਥਾਪਤ ਕੀਤਾ। ਇਹ ਮੰਦਰ ਸਾਲ ਵਿੱਚ ਇੱਕ ਵਾਰ ਦੁਸੈਹਿਰੇ ਵਾਲੇ ਦਿਨ ਖੁੱਲਦਾ ਹੈ ਜਿੱਥੇ ਰਾਵਣ ਵਾਸਤੇ ਪੂਜਾ ਕੀਤੀ ਜਾਂਦੀ ਹੈ। ਰਾਜਸਥਾਨ ਦੇ ਅਲਵਾਰ ਜ਼ਿਲੇ ਵਿੱਚ 'ਰਾਵਣ ਪਰਸਵਾਨਾਥ' ਇਕ ਜੈਨੀ ਮੰਦਰ ਹੈ। ਰਾਜਸਥਾਨ ਦੇ ਹੀ ਜ਼ਿਲਾ ਜੋਧਪੁਰ ਵਿੱਚ ਸਥਿੱਤ ਇੱਕ ਜਗ੍ਹਾ ਦਾ ਨਾਂ 'ਮੰਦੋਰ' ਹੈ ਜਿਸ ਵਿੱਚ ਇੱਕ ਮੰਡਪ ਹੈ ਜਿਸ ਨੂੰ ਸਥਾਨਿਕ ਲੋਕ 'ਰਾਵਣ ਜੀ ਕੀ ਚੰਵਾਰੀ' ਕਹਿੰਦੇ ਹਨ। ਲੋਕਾਂ ਦਾ ਵਿਸ਼ਵਾਸ ਹੈ ਕਿ ਇਸ ਸਥਾਨ ਤੇ ਰਾਵਣ ਦਾ ਮੰਦੋਦਰੀ ਨਾਲ ਵਿਆਹ ਹੋਇਆ ਸੀ। ਮੰਦੋਰ ਦੇ ਮੁਡਗਲ ਗੋਤਰ ਦੇ ਦਵੇ ਬ੍ਰਾਹਮਣ ਦਰਾਵਿੜਾਂ ਵਿੱਚੋਂ ਮਿੱਥੇ ਜਾਂਦੇ ਹਨ ਜੋ ਕਿ ਗੁਜਰਾਤ ਵਿੱਚੋਂ ਆ ਕੇ ਇੱਥੇ ਵਸੇ ਸਨ। ਇਹ ਕਿਹਾ ਜਾਂਦਾ ਹੈ ਕਿ ਦਰ-ਾਵਿੜ ਬ੍ਰਾਹਮਣਾਂ ਦੇ ਪੂਰਵਜ ਰਾਵਣ ਦੀ ਸੰਤਾਨ ਸਨ। ਇਹ ਲੋਕ ਹਰ ਸਾਲ ਦੁਸੈਹਿਰੇ ਵਾਲੇ ਦਿਨ ਰਾਵਣ ਦਾ ਸ਼ਰਾਧ ਕਰਦੇ ਹਨ। ਉਹ ਪਿੰਡਦਾਨ ਦੀ ਰੀਤੀ ਤੋਂ ਬਾਦ ਇਸ਼ਨਾਨ ਕਰਦੇ ਹਨ। ਇਨ੍ਹਾਂ ਲੋਕਾਂ ਨੇ ਇੱਥੇ ਇੱਕ ਰਾਵਣ ਦੇ ਨਾਂ ਤੇ ਮੰਦਰ ਉਸਾਰਿਆ ਹੈ ਜਿਸ ਵਿੱਚ ਰੋਜ਼ਾਨਾ ਪੂਜਾ ਕੀਤੀ ਜਾਂਦੀ ਹੈ।

7 ਅਕਤੂਬਰ, 2008 ਨੂੰ 'ਦੀ ਟ੍ਰੀਬਿਊਨ' ਵਿੱਚ ਛੱਪੀ ਇੱਕ ਖਬਰ ਅਨੁਸਾਰ ਪੰਜਾਬ ਦੇ ਜ਼ਿਲਾ ਲੁਧਿਆਣੇ ਦੇ ਪਿੰਡ ਪਾਯਲ ਵਿੱਚ ਰਾਮ ਮੰਦਰ ਦੇ ਨਾਲ ਹੀ ਦਸ ਸਿਰਾਂ ਅਤੇ ਵੀਹ ਭੁਜਾਵਾਂ ਵਾਲੀ ਰਾਵਣ ਦੀ ਪੱਕੇ ਤੌਰ ਤੇ ਮੂਰਤੀ ਬਣਾਈ ਹੋਈ ਹੈ ਜਿਸ ਦੀ ਪਿੰਡ ਦੇ ਲੋਕ ਮਹਾਂਬਲੀ ਰਾਵਣ ਵਜੋਂ ਪੂਜਾ ਕਰਦੇ ਹਨ। ਦੁਸੈਹਿਰੇ ਵਾਲੇ ਦਿਨ ਲੋਕ ਪਟਾਕੇ ਤਾਂ ਜ਼ਰੂਰ ਚਲਾਉਂਦੇ ਹਨ ਪਰ ਇਹ ਖਿਆਲ ਰੱਖਦੇ ਹਨ ਕਿ ਇਸ ਮੂਰਤੀ ਦਾ ਕੋਈ ਨੁਕਸਾਨ ਨਾਂ ਹੋਵੇ।

ਦੁਸਹਿਰੇ ਵਾਲੇ ਦਿਨ ਜੈਨੀ ਲੋਕ ਰਾਵਣ ਦੀ ਪੂਜਾ ਕਰਦੇ ਹਨ। ਦੁਸਹਿਰੇ ਤੋਂ ਇਕ ਦਿਨ ਪਹਿਲਾਂ ਔਰਤਾਂ ਵੀ ਰਾਵਣ ਦੇ ਬੁੱਤ ਅੱਗੇ ਉਸ ਦੀ ਪੂਜਾ ਕਰਦੀਆਂ ਹਨ। ਦੁਸਹਿਰੇ ਦਾ ਦਾਹ ਸੰਸਕਾਰ ਕਰਨ ਤੋਂ ਬਾਦ ਬ੍ਰਾਹਮਣਾਂ ਤੋਂ ਸਿਵਾ ਸਾਰੇ ਲੋਕ ਰਾਵਣ ਦੀ ਚਿਖਾ ਵਿੱਚੋਂ ਜਲੀਆਂ ਲਕੜੀਆਂ ਨੂੰ ਆਪਣੇ ਘਰ ਲੈ ਕੇ ਜਾਂਦੇ ਹਨ।

ਉਨ੍ਹਾਂ ਦਾ ਵਿਸ਼ਵਾਸ ਹੈ ਅਜੇਹਾ ਕਰਨ ਨਾਲ ਘਰ ਵਿਚ ਕਿਸੇ ਬੁਰੀ ਆਤਮਾ ਦਾ ਸਾਇਆ ਨਹੀਂ ਰਹਿੰਦਾ ਅਤੇ ਇਹ ਚੰਗੀ ਕਿਸਮਤ ਅਤੇ ਉੱਜਲ ਭਵਿੱਖ ਦਾ ਪ੍ਰਤੀਕ ਹੈ। ਜੇ ਕਰ ਰਾਵਣ ਬੁਰਾ ਵਿਅੱਕਤੀ ਸੀ ਤਾਂ ਫਿਰ ਉਸ ਦੀਆਂ ਅੱਸਥੀਆਂ ਨੂੰ ਘਰ ਵਿੱਚ ਰੱਖ ਕੇ ਘਰ ਵਿੱਚ ਖੁਸ਼ਹਾਲੀ ਕਿਵੇਂ ਆ ਸਕਦੀ ਹੈ? ਵੱਖ 2 ਲੋਕ ਉਸ ਦਾ ਆਦਰ ਮਾਣ ਅਤੇ ਪੂਜਾ ਕਿਉਂ ਕਰਦੇ ਹਨ ? ਸਪੱਸ਼ਟ ਹੈ ਮਹਾਂਪੁਰਸ਼ ਰਾਵਣ ਦੀ ਇੱਜ਼ਤ ਮਾਣ ਹਾਲੇ ਵੀ ਭਾਰਤੀਆਂ ਦੇ ਦਿਲ ਅਤੇ ਦਿਮਾਗ਼ ਦੇ ਕਿਸੇ ਕੋਣੇ ਵਿੱਚ ਛੁਪੀ ਪਈ ਹੈ।




**ਦਰਾਵਿੜ ਨੇਤਾ ਪੈਰੀਅਰ ਈ. ਵੀ. ਰਾਮਾਸਵਾਮੀ ਨੇ ਆਪਣੀ ਪੁਸਤਕ 'ਟਰੂ ਰੀਡਿੰਗ ਆਫ਼ ਰਮਾਇਣਾ' ਵਿੱਚ ਮਹਾਂਰਿਸ਼ੀ ਵਾਲਮੀਕ ਦੇ ਹਵਾਲੇ ਨਾਲ ਰਾਵਣ ਬਾਰੇ ਇਸ ਤਰ੍ਹਾਂ ਲਿਖਿਆ ਹੈ, "ਰਾਵਣ ਇਕ ਮਹਾਨ ਵਿਦਵਾਨ, ਮਹਾਨ ਸੰਤ, ਵੇਦ ਸ਼ਾਸਤਰਾਂ ਦਾ ਗਿਆਨੀ, ਪਰਜਾ ਅਤੇ ਸੱਜਨਾਂ ਦਾ ਦਿਆਲੂ ਰਖਵਾਲਾ, ਬਹਾਦਰ ਪੁਰਸ਼, ਸ਼ਕਤੀਸਾਲੀ ਵਿਅਕਤੀ, ਇਕ ਸੂਰਬੀਰ ਸਿਪਾਹੀ, ਧਰਮਾਤਮਾ, ਈਸ਼ਵਰ ਦਾ ਪੁੱਤਰ ਅਤੇ ਅਣਗਿਣਤ ਗੁਣਾਂ ਨਾਲ ਭਰਪੂਰ ਸੀ। ਵਾਲਮੀਕ ਨੇ ਖ਼ੁੱਦ ਰਾਵਣ ਦੇ ਉਪ੍ਰੋਕਤ ਗੁਣਾਂ ਦਾ ਵਰਨਣ ਕੀਤਾ ਹੈ ਅਤੇ ਰਾਵਣ ਦੀ ਕਈ ਥਾਵਾਂ ਤੇ ਪ੍ਰਸ਼ੰਸਾ ਕੀਤੀ ਹੈ।**

**ਪਰ ਇਹ ਹੈਰਾਨੀ ਦੀ ਗੱਲ ਹੈ ਕਿ ਜਿਹੜਾ ਮਹਾਂਪੁਰਸ਼ ਏਡਾ ਵੱਡਾ ਵਿਦਵਾਨ ਹੋਵੇ ਅਤੇ ਉਸ ਦੇ ਗਿਆਨ ਦੀ ਰੋਸ਼ਨੀ ਸਾਰੇ ਭਾਰਤ ਵਿੱਚ ਖਿਲਰੀ ਹੋਵੇ ਤਾਂ ਫਿਰ ਹਰ ਸਾਲ ਉਸ ਦਾ ਪੁੱਤਲਾ ਸਾੜ ਕੇ ਉਸ ਨੂੰ ਬੇਇੱਜ਼ਤ ਕਿਉਂ ਕੀਤਾ ਜਾਂਦਾ ਹੈ?**

## "ਪ੍ਰਮਾਤਮਾ ਅੱਗੇ ਅਰਦਾਸ"



ਤੜਕੇ ਉੱਠ ਕੇ ਰੱਬ ਅੱਗੇ ਅਰਦਾਸ ਕਰਦੀ,
ਰੱਬਾ ਘੋਰ ਕੱਲਯੁੱਗ ਵਿੱਚ ਆ ਤਾਂ ਸਹੀ।
ਭਰਾ ਭਰਾ ਦਾ ਵੈਰੀ ਆਣ ਹਇਆ,
ਜ਼ਰਾ ਇੰਨ੍ਹਾਂ ਨੂੰ ਮੱਤ ਸਿਖਾ ਤਾਂ ਸਹੀ।
ਮਾਤਾ-ਪਿਤਾ ਦੀ ਕੋਈ ਨਾ ਸੇਵਾ ਕਰਦਾ,
ਪਿਆਰ ਦੀ ਪੁਤਰਾਂ ਨੂੰ ਜਾਚ ਸਿਖਾ ਤਾਂ ਸਹੀ।
ਥਾਂ-ਥਾਂ 'ਤੇ ਬਿਰਧ ਆਸ਼ਰਮ ਖੁਲ੍ਹ ਗਏ ਨੇ,
ਮਾਂ-ਪਿਆਂ ਪੁਤਰਾ ਨੂੰ ਇੱਕ ਬਣਾ ਤਾਂ ਸਹੀ।
ਧੀਆਂ ਜਾਣ ਪੇਕੇ, ਭਾਬੀਆਂ ਨਾਂ ਮਾਰਨ ਤਾਨੇ,
ਉਹਨਾਂ ਦੇ ਦਿਲਾਂ ਵਿੱਚ, ਪਿਆਰ ਦੀ ਜੋਤ ਜਗਾ ਤਾਂ ਸਹੀ।
ਸਾਰੀ ਦੁਨੀਆ ਰੱਬਾ, ਤੈਨੂੰ ਭੁੱਲ ਚੁੱਕੀ,
ਇਹਨਾਂ ਨੂੰ ਸੱਚ ਦਾ ਰਾਹ ਵਿਖਾ ਤਾਂ ਸਹੀ।
ਬਾਬਾ ਨਾਨਕਾ ਸੁਮਿਤਰਾ ਇਹ ਬੇਨਤੀ ਕਰਦੀ,
ਮੈਨੂੰ ਆਪਣੇ ਚਰਨਾ ਨਾਲ ਲਾ ਤਾਂ ਸਹੀ।

**– ਸੁਮਿਤਰਾ ਦੇਵੀ**
**ਵਟਸ ਅਪ: 09465554088**

## ਅਜ਼ਾਦੀ ਅੰਦਰ

**ਰਾਠੇਸ਼ਵਰ ਸਿੰਘ ਸੁਰਾਪੁਰੀ**

ਫੜ ਕੇ ਸਾਰੇ, ਡੱਕੀ ਜਾਵਣ,
ਬੁੱਧੀ-ਜੀਵ, ਹਿਸਾਬੀ ਅੰਦਰ।
ਗਊਆਂ, ਵੱਛੇ, ਖੁਲ੍ਹੇ ਫਿਰਦੇ,
ਸਾਡੇ ਦੇਸ, ਅਜ਼ਾਦੀ ਅੰਦਰ।
ਬੱਚੇ ਦਸ, ਕਰੋ ਹੁਣ ਪੈਦਾ,
ਆਖਣ ਚਮਚੇ, ਮੋਦੀ ਦੇ ਨੇ।
ਭੁੱਖ-ਮਰੀ ਨੂੰ ਦੇਣ ਬੜ੍ਹਾਵਾ,
ਹੱਦੋਂ- ਵੱਧ, ਅਬਾਦੀ ਅੰਦਰ।
ਨਫ਼ਰਤ ਵਾਲ਼ੇ ਬੀਜ ਬੀਜਦੇ,
ਧਰਮ ਦੇ ਠੇਕੇਦਾਰ ਨੇ ਜੁੜੇ,
ਹਿੱਸੇਦਾਰੀ, ਵੱਧ ਇਨ੍ਹਾਂ ਦੀ,
ਭਾਰਤ ਦੀ ਬਰਬਾਦੀ ਅੰਦਰ।
ਸਾਰੇ ਪਾਸੇ, ਹੈ ਕੁਰਲਾਹਟ,
ਕੋਈ ਕਿਸੇ ਦੀ ਸੁਣਦਾ ਨਾ।
ਆਪੂੰ ਨੇਤਾ ਲੈ ਕੇ ਲਸ਼ਕਰ,
ਫਿਰਦੇ ਟੌਹਰ ਨਵਾਬੀ ਅੰਦਰ।
ਨਾਲ ਸਮੇਂ, ਗਵਾਚੇ 'ਰਾਠੀ'
ਕਿਤੇ ਨਜ਼ਰ ਨਾ ਆਉਂਦੇ ਨੇ।
ਨੈਤਿਕਤਾ ਦੇ ਗੁਣ ਸੀ ਜੇੜ੍ਹੇ,
ਸਾਡਿਆਂ ਦਾਦੇ-ਦਾਦੀ ਅੰਦਰ।

## ਦਹਿਲੀਜ਼



ਪਹਿਲਾਂ ਤਾਂ ਰੱਬ ਦੀ ਦਹਿਲੀਜ਼ ਹੁੰਦੀ,
ਫਿਰ ਧਰਤੀ ਦੀ ਦਹਿਲੀਜ਼ ਹੁੰਦੀ।

ਹਰ ਇਕ ਜ਼ਿੰਦਗੀ ਜਿੱਥੇ ਵੀ ਰਹਿੰਦੀ ਹੈ,
ਉਸ ਦੇ ਘਰ ਦੀ ਆਪਣੀ ਦਹਿਲੀਜ਼ ਹੁੰਦੀ।

ਜੀਵਨ ਸਫਰ ਵਿਚ ਰਸਤੇ ਵੀ ਅਨੇਕਾਂ,
ਰਸਤੇ ਰਸਤੇ ਦੀ ਵੱਖਰੀ ਦਹਿਲੀਜ਼ ਹੁੰਦੀ।

ਏਅਰਪੋਰਟ ਦਾ ਜੋ ਰਨਵੇਅ ਹੁੰਦਾ,
ਉਹ ਵੀ ਤਾਂ ਜਹਾਜ਼ਾਂ ਦੀ ਦਹਿਲੀਜ਼ ਹੁੰਦੀ।

ਏਅਰਪੋਰਟ ਦਾ ਜੋ ਰਨਵੇਅ ਹੁੰਦਾ,
ਉਹ ਵੀ ਤਾਂ ਜਹਾਜ਼ਾਂ ਦੀ ਦਹਿਲੀਜ਼ ਹੁੰਦੀ।

ਜੱਗ ਤੇ ਬੰਦਾ ਬੰਦਾ ਧਰਮ ਦਾ ਪੁਜਾਰੀ,
ਸਾਰੇ ਧਰਮਾਂ ਦੀ ਸਾਫ ਦਹਿਲੀਜ਼ ਹੁੰਦੀ।

ਦੋਂਹ ਦਿਲਾਂ 'ਚ ਪਲਦੀ ਮੁਹੱਬਤ ਜਦ,
ਉਸ ਵੇਲੇ ਦੋਵਾਂ ਦੀ ਸਾਂਝੀ ਦਹਿਲੀਜ਼ ਹੁੰਦੀ।

ਚਾਹੇ ਛੋਟੀ ਵੱਡੀ ਜਾਂ ਸਾਧਾਰਨ ਹੀ ਹੋਵੇ,
ਰਹਿਣ ਦੀ ਨਿਸ਼ਾਨੀ ਵੀ ਦਹਿਲੀਜ਼ ਹੁੰਦੀ।

ਜਿਸ ਦਹਿਲੀਜ਼ ਤੋਂ ਤੁਰਦੀ ਜਿੰਦ 'ਕਮਲ'
ਉਹੀ ਫਿਰ ਮੁਕਤੀ ਦੀ ਦਹਿਲੀਜ਼ ਹੁੰਦੀ।

**– ਕਮਲ ਬੰਗਾ ਸੈਕਰਾਮੈਂਟੋ**
**916-897-8570**

## ਅਨਮੋਲ ਵਿਚਾਰ

* ਮਨੁੱਖ ਸਵੇਰ ਤੋਂ ਸ਼ਾਮ ਤੱਕ ਕੰਮ ਕਰਕੇ ਉਨਾ ਨਹੀਂ ਥੱਕਦਾ, ਜਿੰਨਾ ਕ੍ਰੋਧ ਅਤੇ ਚਿੰਤਾ ਨਾਲ ਇਕ ਪਲ ਵਿਚ ਥੱਕ ਜਾਂਦਾ ਹੈ।
* ਕੌਣ ਦਿੰਦਾ ਹੈ ਉਮਰ ਭਰ ਦਾ ਸਹਾਰਾ, ਲੋਕ ਤਾਂ ਜਨਾਜ਼ੇ ਵਿਚ ਵੀ ਮੋਢੇ ਬਦਲਦੇ ਰਹਿੰਦੇ ਹਨ।
* ਪੈਰ ਦੀ ਮੋਚ ਅਤੇ ਛੋਟੀ ਸੋਚ, ਸਾਨੂੰ ਅੱਗੇ ਵਧਣ ਨਹੀਂ ਦਿੰਦੀ।
* ਟੁੱਟੀ ਕਲਮ ਅਤੇ ਹੋਰਾਂ ਨਾਲ ਜਲਣ, ਖੁਦ ਦੀ ਕਿਸਮਤ ਲਿਖਣ ਨਹੀਂ ਦਿੰਦੀ।
* ਕੰਮ ਦਾ ਆਲਸ ਅਤੇ ਪੈਸਿਆਂ ਦਾ ਲਾਲਚ, ਸਾਨੂੰ ਮਹਾਨ ਬਣਨ ਨਹੀਂ ਦਿੰਦਾ।
* ਆਪਣਾ ਮਜ਼ਹਬ ਉਚਾ ਅਤੇ ਗੈਰਾਂ ਦਾ ਨੀਵਾਂ, ਇ ਸੋਚ ਸਾਨੂੰ ਇਨਸਾਨ ਬਣਨ ਨਹੀਂ ਦਿੰਦੀ।
* ਦੁਨੀਆਂ ਵਿਚ ਸਭ ਚੀਜ਼ਾਂ ਮਿਲ ਜਾਂਦੀਆਂ ਹਨ, ਕੇਵਲ ਆਪਣੀ ਗਲਤੀ ਨਹੀਂ ਮਿਲਦੀ।
* ਬੋਲਣ ਤੋਂ ਪਹਿਲਾਂ ਲਫਜ਼ ਇਨਸਾਨ ਦੇ ਗੁਲਾਮ ਹੁੰਦੇ ਹਨ, ਪਰ ਬੋਲਣ ਤੋਂ ਬਾਅਦ ਇਨਸਾਨ ਲਫਜ਼ਾਂ ਦਾ ਗੁਲਾਮ ਹੋ ਜਾਂਦਾ ਹੈ।
* ਮੂਰਖ 'ਤੇ ਜਿੱਤ ਪ੍ਰਾਪਤ ਕਰਨ ਦਾ ਇਕੋ ਇਕ ਉਪਾਅ ਹੈ ਕਿ ਉਸ ਵੱਲ ਧਿਆਨ ਨਾ ਦਿੱਤਾ ਜਾਵੇ।
* ਹਮੇਸ਼ਾ ਪ੍ਰੇਮ ਦੀ ਭਾਸ਼ਾ ਬੋਲੋ, ਇਸਨੂੰ ਬੋਲੇ ਵੀ ਸੁਣ ਸਕਦੇ ਹਨ ਅਤੇ ਗੂੰਗੇ ਵੀ ਸਮਝ ਸਕਦੇ ਹਨ।
* ਘੱਟ ਬੋਲੋ, ਹੌਲੀ ਬੋਲੋ, ਮਿੱਠਾ ਬੋਲੋ।
* ਮਨ ਦੀ ਨਿਰਮਲਤਾ ਅਤੇ ਸੁਭਾਅ ਦੀ ਪਵਿੱਤਰਤਾ ਹੀ ਨਾਰੀ ਦਾ ਸੱਚਾ ਸ਼ਿੰਗਾਰ ਹੈ।
* ਆਤਮ-ਨਿਰੀਖਣ ਇਸ ਸੰਸਾਰ ਦਾ ਸਭ ਤੋਂ ਕਠਿਨ, ਪਰ ਕਰਨ ਯੋਗ ਕਰਮ ਹੈ।
* ਆਪਣੀ ਦੋਸਤੀ ਦਾ ਬੱਸ ਇੰਨਾ ਜਿਹਾ ਅਸੂਲ ਹੈ, ਜਦੋਂ ਤੂੰ ਕਬੂਲ ਹੈਂ ਤਾਂ ਤੇਰਾ ਸਭ ਕੁਝ ਕਬੂਲ ਹੈ।
* ਜੇਕਰ ਕਹਿਣ ਦੇ ਲਈ ਕੁਝ ਚੰਗਾ ਨਹੀਂ ਹੋਵੇ ਤਾਂ ਚੁੱਪ ਰਹਿਣਾ ਇਕ ਬਿਹਤਰ ਵਿਕਲਪ ਹੈ।
* ਇਕਲੌਤਾ ਤਰੀਕਾ ਮਹਾਨ ਕੰਮ ਕਰਨ ਦਾ ਇਹ ਹੈ ਕਿ ਤੁਸੀਂ ਆਪਣੇ ਕੰਮ ਨਾਲ ਪਿਆਰ ਕਰੋ – ਸਟੀਵ ਜਾਬਸ
* ਜਿੱਤ ਅਤੇ ਹਾਰ ਤੁਹਾਡੀ ਸੋਚ 'ਤੇ ਹੀ ਨਿਰਭਰ ਹੈ, ਮੰਨ ਲਓ ਤਾਂ ਹਾਰ ਹੋਵੇਗੀ, ਠਾਣ ਲਵੋ ਤਾਂ ਜਿੱਤ ਹੋਵੇਗੀ।
* ਮੁਸ਼ਕਿਲ ਕੋਈ ਆਣ ਪਵੇ ਤਾਂ ਘਬਰਾਉਣ ਨਾਲ ਕੀ ਹੋਵੇਗਾ, ਤਰੀਕਾ ਕੱਢੋ ਜਿਊਣ ਦਾ, ਐਵੇਂ ਹੀ ਮਰ ਜਾਣ ਨਾਲ ਕੀ ਹੋਵੇਗਾ।
* ਇਹ ਵਕਤ ਜ਼ਰਾ ਅਦਬ ਨਾਲ ਪੇਸ਼ ਆ, ਕਿਉਂਕਿ ਵਕਤ ਨਹੀਂ ਲੱਗਦਾ ਵਕਤ ਬਦਲਣ ਵਿਚ। ਬਿਨਾਂ ਲਿਬਾਸ ਆਏ ਸੀ ਇਸ ਜਹਾਨ ਵਿਚ, ਬੱਸ ਇਕ ਕਫਨ ਦੀ ਖਾਤਰ, ਇੰਨਾ ਸਫਰ ਕਰਨਾ ਪਿਆ।
* ਜਦੋਂ ਤੁਸੀਂ ਆਪ ਖੁਦ 'ਤੇ ਵਿਸ਼ਵਾਸ ਨਹੀਂ ਕਰਦੇ, ਉਦੋਂ ਤੱਕ ਰੱਬ ਤੇ ਵਿਸ਼ਵਾਸ ਨਹੀਂ ਕਰ ਸਕਦੇ- ਸਵਾਮੀ ਵਿਵੇਕਾਨੰਦ
* ਯਾਦ ਰੱਖੋ ਕਿ ਜਦੋਂ ਤੱਕ ਤੁਸੀਂ ਨਾ ਚਾਹੋ ਕੋਈ ਵੀ ਤੁਹਾਨੂੰ ਛੋਟੇ ਹੋਣ ਦਾ ਅਨੁਭਵ ਨਹੀਂ ਕਰਵਾ ਸਕਦਾ- ਐਲਰੀਅਰ ਰੋਸਵੈਲਟ
* ਇੱਥੇ ਕੀ ਜ਼ਰੂਰਤ ਹੈ ਮਾਚਿਸ ਦੀ ਕਿ ਅੱਜਕਲ੍ਹ ਆਦਮੀ ਹੀ ਆਦਮੀ ਤੋਂ ਸੜਦਾ ਹੈ।
* ਲਗਾਤਾਰ ਹੋ ਰਹੀਆਂ ਅਸਫਲਤਾਵਾਂ ਤੋਂ ਨਿਰਾਸ਼ ਨਾ ਹੋਵੇ, ਕਦੀ ਗੁੱਸੇ ਦੀ ਆਖਰੀ ਚਾਬੀ ਜਿੰਦਰਾ ਖੋਲ੍ਹ ਦਿੰਦੀ ਹੈ।
* ਵੱਡਾ ਸੋਚੋ ਅਤੇ ਹਾਰਨ ਤੋਂ ਨਾ ਡਰੋ- ਨਾਰਮਨ ਵਾਅਨ

## ਰਿਸ਼ਤਾ



ਅੱਜ ਦਿਓਰ ਦਾ ਵਿਆਹ ਮੈਨੂੰ ਗੋਡੇ ਗੋਡੇ ਚਾਅ
ਭੈਣ ਬਣ ਗਈ ਦਰਾਣੀ ਮੈਂ ਵੀ ਉਲਾਂਭਾ ਦਿੱਤਾ ਲਾਹ
ਹੁਣ ਪੈਣ ਸ਼ਗਨ ਤੇ ਪਿੱਛੋਂ ਗਿੱਧਾ ਪਾਇਓ ਕੁੜੀਓ
ਮੈਂ ਤਾਂ ਨੱਚਣਾ ਤੇ ਧਰਤੀ ਨੇ ਕੰਬਣਾ
ਤੇ ਮੈਨੂੰ ਨਾ ਹਟਾਇਓ ਕੁੜੀਓ ...

ਦੋਵੇਂ ਇਕੋ ਘਰ ਭੈਣਾਂ ਦੁੱਖ ਸਾਂਝਾ ਕਰ ਲੈਣਾ
ਸਦਾ ਮਾਪੇ ਖੁਸ਼ ਰਹਿੰਦੇ ਕੋਈ ਫਿਕਰ ਨਾ ਰਹਿਣਾ
ਮਿਲੇ ਮੌਕੇ ਤੁਸੀਂ ਕਦੇ ਨਾ ਖੁੰਝਾਇਓ ਕੁੜੀਓ
ਮੈਂ ਤਾਂ ਨੱਚਣਾ ਤੇ ਧਰਤੀ ਨੇ ਕੰਬਣਾ ਤੇ ਮੈਨੂੰ ਨਾ ...

ਦੱਸ ਭੈਣ ਦੀ ਮੈਂ ਪਾਏ. ਸਾਰੀ ਗੱਲ ਸਮਝਾਈ
ਕੋਈ ਫਿਕਰ ਨਾ ਕਰ ਪੂਰੀ ਕਰ ਤੂੰ ਪੜ੍ਹਾਈ
ਪੜ੍ਹੇ-ਲਿਖੇ ਨੂੰ ਹੀ ਰਿਸ਼ਤਾ ਕਰਾਇਓ ਕੁੜੀਓ
ਮੈਂ ਤਾਂ ਨੱਚਣਾ ਤੇ ਧਰਤੀ ਨੇ ਕੰਬਣਾ ਤੇ ਮੈਨੂੰ ਨਾ ...

ਦਿਓਰ ਭਾਬੀਆਂ ਦਾ ਕਹਿਣਾ ਵੈਸੇ ਮੰਨਣਾ ਤਾਂ ਪੈਣਾ
ਨੀ ਤੂੰ ਮੌਕਾ ਨਾ ਖੁੰਝਾਈ ਮੈਨੂੰ ਮਾਂ ਮੇਰੀ ਕਹਿਣਾ
ਪਰ ਦਾਜ ਦੇ ਲੋਭੀ ਨੂੰ ਮੂੰਹ ਨਾ ਲਾਇਓ ਕੁੜੀਓ
ਮੈਂ ਤਾਂ ਨੱਚਣਾ ਤੇ ਧਰਤੀ ਨੇ ਕੰਬਣਾ, ਤੇ ਮੈਨੂੰ ਨਾ ...

ਉਹਦੇ ਜੁੰਡੀ ਦੇ ਤਾਂ ਯਾਰ ਜੰਨ ਜਾਣ ਨੂੰ ਤਿਆਰ
ਆ ਗਏ ਬੈਂਡ ਵਾਜੇ ਵਾਲੇ ਕੀਤੇ ਕਾਰ ਦੇ ਸ਼ਿੰਗਾਰ
ਸੇਹਰਾ 'ਦੇਵ ਘੋਲੀਏ' ਦੇ ਸਿਰ ਤੇ ਸਜਾਓ ਕੁੜੀਓ
ਮੈਂ ਤਾਂ ਨੱਚਣਾ ਤੇ ਧਰਤੀ ਨੇ ਕੰਬਣਾ
ਤੇ ਮੈਨੂੰ ਨਾ ਹਟਾਇਓ ਕੁੜੀਓ।

**– ਦੇਵ ਘੋਲੀਆ (ਫਰਿਜ਼ਨੋ)**
559-232×7764

## ਕੋਈ ਖ਼ਬਰ ਨਹੀ



**ਸੁਖਵਿੰਦਰ ਵੈਦ**
+91 76964 18403

ਅਸਾਡੇ ਤਾਜ਼ੇ ਲਹੂ ਦੀ
ਗੰਧ ਮਾਣ ਕੇ
ਇਹ ਨਾ ਸਮਝ
ਅਸਾਨੂੰ ਤੇਰੇ ਬਾਰੇ
ਕੋਈ ਖ਼ਬਰ ਨਹੀ
ਸਾਡੇ ਭੂਤ ਨੂੰ ਕਰ ਖ਼ਤਮ
ਇਹ ਨਾ ਸਮਝ
ਵਰਤਮਾਨ ਹੋਰ ਹੈ
ਅਸਾਨੂੰ ਖ਼ਬਰ ਹੈ
ਤੇਰੇ ਗੁਨਾਹਾਂ ਦੀ
ਤੇ
ਅਸੀ ਪਛਾਣਦੇ ਹਾਂ
ਤੇਰੇ ਹੋਠਾ ਦੀ ਨਕਲੀ
ਮੁਸਕੁਰਾਹਟ ਪਿੱਛੇ
ਛੁੱਪੇ ਹੋਏ ਡਰ ਨੂੰ

ਇਹ ਆਵਾਜ਼ ਜੋ ਤੇਰੀ
ਕਾਤਲਾਨਾਂ ਅਦਾਂਜ਼ ਹੈ ਰੱਖਦੀ
ਸਾਨੂੰ ਸੁਣਾਉਦੀ ਹੈ
ਕੀਰਨੇ ਅਸਾਡੇ
ਪਿੱਛਲੇ ਜਨਮ ਦੇ
ਅਸੀ ਉਹੀ ਹਾਂ
ਜਿਹੜੇ ਖਤਮ ਕਰ ਦਿਤੇ ਗਏ ਸੀ
ਤੇ ਹੁਣ
ਪਰਤ ਹਾਂ ਆਏ
ਪ੍ਰੇਤਾਂ ਦੀ ਤਰਾਂ ਹਾਂ ਆਏ
ਇਹਨਾਂ ਅਦਾਲਤਾਂ ਦੀ ਚੌਖਟ ਤੇ
ਇਨਸਾਫ ਹਾਂ ਲੈਣ ਆਏ

ਪਰ ਅਦਾਲਤਾਂ
ਅਦਾਲਤਾਂ ਤੇ ਆਪ ਨੇ
ਮੰਗ ਰਹੀਆਂ ਇਨਸਾਫ
ਤੇ ਹੁਣ
ਅਸਾਡਾਂ ਇਨਸਾਫ
ਕੋਣ ਕਰੇਗਾ

ਖ਼ਬਰ ਹੈ
ਜਿਸ ਤਰਾਂ ਸੀ ਆਏ
ਓਸੇ ਤਰਾਂ ਪਰਤ ਜਾਵਾਗੇ ਬੇਇਨਸਾਫੇ
ਧਰਤ ਦੇ ਹਰ ਬਿਰਖ
ਹਰ ਸ਼ਾਖ
ਹਰ ਫੁੱਲ
ਹਰ ਡਾਲ
ਹਰ ਪੱਤੇ
ਹਰ ਦਰਿਆਂ
ਹਰ ਬੂੰਦ
ਪੌਣ ਦੀ ਫਿਜ਼ਾ
ਮਿੱਟੀ ਦਾ ਕਣ ਕਣ
ਬਦਲਾਵ 'ਚ ਹੈ ਝਲਕ ਰਿਹਾਂ

ਪਰ ਸਾਡਾ ਇਨਸਾਫ ਮਰ ਰਿਹੈ
ਪਲ ਪਲ
ਸਾਡੀ ਉਮਰ ਦੇ ਵਾਂਗ
ਤੇ
ਅਸਾਡੇ ਕਾਤਿਲ ਓਹੀ ਨੇ
ਓਸੇ ਤਰਾਂ ਦੇ ਨੇ
ਬੱਸ ਚਿਹਰੇ ਨੇ
ਬਦਲ ਰਹੇ...

# ਗੁਰਦੁਆਰਾ ਸੋਮਾਸਰ ਸਾਹਿਬ ਪਾਤਸਾਹੀ 10ਵੀਂ ਪਿੰਡ ਟਿੱਬਾ



**ਤਸਵਿੰਦਰ ਸਿੰਘ ਬੜੈਚ**
91-98763-22677

ਸਰਬੰਸਦਾਨੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਵਿੱਤਰ ਚਰਨ ਛੋਹ ਪ੍ਰਾਪਤ ਗੁਰਦੁਆਰਾ ਸੋਮਾਸਰ ਸਾਹਿਬ ਟਿੱਬਾ ਜਿਲ੍ਹਾ ਲੁਧਿਆਣਾ ਦੀ ਸਬ ਤਹਿਸੀਲ ਸਾਹਨੇਵਾਲ ਤੋਂ





4 ਕੁ ਕਿਲੋਮੀਟਰ ਦੀ ਵਿੱਥ 'ਤੇ ਵੱਸੇ ਪਿੰਡ ਟਿੱਬਾ 'ਚ ਸੁਭਾਇਮਾਨ ਹੈ। ਦੂਰ ਤੋਂ ਹੀ ਇਸ ਗੁਰਦੁਆਰਾ ਸਾਹਿਬ ਦੀ ਸੁੰਦਰ ਇਮਾਰਤ ਨਜਰ ਆ ਜਾਂਦੀ ਹੈ। ਇਤਿਹਾਸਕਾਰਾਂ ਮੁਤਾਬਿਕ ਜਦੋਂ ਗੁਰੂ ਖਾਲਸਾ ਦੇ ਹੁਕਮਾਂ ਅਨੁਸਾਰ ਦਸਮੇਸ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੂੰ ਨਾ ਚਾਹੁੰਦੇ ਹੋਏ ਵੀ ਚਮਕੌਰ ਦੀ ਗੜ੍ਹੀ ਛੱਡਣ ਲਈ ਮਜਬੂਰ ਹੋਣਾ ਪਿਆ ਸੀ ਤਾਂ ਗੁਰੂ ਸਾਹਿਬ ਗੜ੍ਹੀ ਛੱਡ ਕੇ ਮਾਛੀਵਾੜੇ ਦੀ ਜੂਹ 'ਚ ਆ ਪਹੁੰਚੇ। ਪਠਾਣ ਭਰਾਵਾਂ ਨਬੀ ਖਾਂ ਤੇ ਗਨੀ ਖਾਂ ਨੂੰ ਜਦੋਂ ਗੁਰੂ ਜੀ ਦੇ ਉਥੇ ਆਉਣ ਦਾ ਪਤਾ ਲੱਗਾ ਤਾਂ ਉਹ ਗੁਰੂ ਸਾਹਿਬ ਨੂੰ ਮਿਲੇ ਤੇ ਉਨ੍ਹਾਂ ਨੂੰ ਦੱਸਿਆ ਕਿ ਚਾਰੇ ਪਾਸੇ ਮੁਗਲ ਫੌਜਾਂ ਹਰਲ ਹਰਲ ਕਰਦੀਆਂ ਫਿਰ ਰਹੀਆਂ ਹਨ ਤੇ ਗੁਰੂ ਜੀ ਖਾਲਸਾ ਪੰਥ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਮਾਛੀਵਾੜੇ ਤੋਂ ਘੁਲਾਲ, ਲੱਲ ਕਲਾਂ, ਕਟਾਣੀ, ਰਾਮਪੁਰ,ਕਨੇਚ, ਸਾਹਨੇਵਾਲ, ਨੰਦਪੁਰ ਹੁੰਦੇ ਹੋਏ ਆਲਮਗੀਰ ਲਈ ਚੱਲ ਪਏ। ਰਸਤੇ ਵਿੱਚ ਉਨ੍ਹਾਂ ਨੂੰ ਟਿੱਬਿਆ ਵਿਚ ਘਿਰਿਆ ਪਿੰਡ ਟਿੱਬਾ ਮਿਲਿਆ। ਗੁਰੂ ਜੀ ਨੇ ਇਸ ਪਿੰਡ ਆ ਕੇ ਪਾਣੀ ਦੀ ਮੰਗ ਕੀਤੀ ਪਰ ਗੁਰੂ ਜੀ ਨੂੰ ਪਾਣੀ ਨਾ ਮਿਲਿਆ। ਜਦੋਂ ਗੁਰੂ ਜੀ ਨੂੰ ਪਾਣੀ ਨਾ ਮਿਲਿਆ ਤਾਂ ਗੁਰੂ ਜੀ ਨੇ ਤੀਰ ਦੀ ਨੋਕ ਨਾਲ ਪਾਣੀ ਦਾ ਸੋਮਾ ਪ੍ਰਗਟ ਕੀਤਾ।

ਲੋਕ ਗੁਰੂ ਜੀ ਦੇ ਚਰਨੀ ਢਹਿ ਪਏ ਤੇ ਕੀਤੀ ਗਲਤੀ ਦੀ ਮੁਆਫੀ ਮੰਗੀ। ਇਸੇ ਸਥਾਨ 'ਤੇ ਅੱਜ ਗੁਰੂ ਸਾਹਿਬ ਦੀ ਯਾਦ 'ਚ ਪਵਿੱਤਰ ਸੁੰਦਰ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ। ਗੁਰਦੁਆਰਾ ਸਾਹਿਬ ਦੇ ਸਾਹਮਣੇ ਪਵਿੱਤਰ ਸਰੋਵਰ ਤੇ 120 ਫੁੱਟ ਉੱਚਾ ਨਿਸਾਨ ਸਾਹਿਬ ਹੈ। ਇਥੇ ਹਰ ਮਹੀਨੇ ਪੂਰਨਮਾਸੀ ਨੂੰ ਦੀਵਾਨ ਸਜਦੇ ਹਨ, ਜਿਸ ਵਿਚ ਦੂਰ ਦੁਰਾਂਡੇ 'ਤੋਂ ਸੰਗਤਾਂ ਦਰਸਨ ਕਰਨ ਪੁੱਜਦੀਆਂ ਹਨ ਤੇ ਲਾਹਾ ਲੈਂਦੀਆਂ ਹਨ। ਉਂਜ ਵੀ ਹਰ ਸਮੇਂ ਨਤਮਸਤਕ ਹੋਣ ਵਾਲੀਆਂ ਸੰਗਤਾਂ ਦਾ ਤਾਂਤਾ ਲੱਗਿਆ ਰਹਿੰਦਾ ਹੈ। ਗੁਰਪੁਰਬ ਤੇ ਹੋਰ ਸਲਾਨਾ ਦਿਹਾੜੇ ਵੀ ਬੜੇ ਵੱਡੇ ਪੱਧਰ 'ਤੇ ਬੜੀ ਸਰਧਾ ਤੇ ਸਤਿਕਾਰ ਨਾਲ ਮਨਾਏ ਜਾਂਦੇ ਹਨ। ਜਿਸ ਵਿਚ ਦੇਸ ਵਿਦੇਸ ਤੋਂ ਸੰਗਤਾਂ ਬਹੁਤ ਹੀ ਸਰਧਾ ਨਾਲ ਪਹੁੰਚ ਕੇ ਨਤਮਸਤਕ ਹੁੰਦੀਆਂ ਹਨ। ਪੰਥ ਪ੍ਰਸਿੱਧ ਕੀਰਤਨੀਏ, ਕਥਾਵਾਚਕ ਤੇ ਪ੍ਰਚਾਰਕ ਗੁਰ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਦੇ ਹਨ। ਢਾਡੀ ਜੱਥੇ ਸਿੱਖ ਇਤਿਹਾਸ ਦੀਆਂ ਵਾਰਾਂ ਅਤੇ ਕਵੀਸਰੀ ਪੇਸ ਕਰਦੇ ਹਨ।

ਇਥੇ ਹਰ ਰੋਜ ਸਵੇਰੇ ਸਾਮ ਨਿਤਨੇਮ ਦਾ ਪਾਠ ਵੀ ਹੁੰਦਾ ਹੈ। ਗੁਰਦੁਆਰਾ ਸਾਹਿਬ ਵਿਚ 24 ਘੰਟੇ ਗੁਰੂ ਕਾ ਲੰਗਰ ਵੀ ਚਲਦਾ ਰਹਿੰਦਾ ਹੈ। ਇਸ ਇਤਿਹਾਸਕ ਅਸਥਾਨ ਦੇ ਮੁੱਖ ਸੇਵਾਦਾਰ ਤੇ ਕਰਤਾ ਧਰਤਾ ਬਾਬਾ ਗੁਰਦੇਵ ਸਿੰਘ ਜੀ ਹਨ।

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ



## ਭਗਵਾਨ ਵਾਲਮੀਕ ਜੀ ਦਾ ਪ੍ਰਕਾਸ਼ ਉਤਸਵ 30 ਨੂੰ

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਭਗਵਾਨ ਮਹਾਂਰਿਸ਼ੀ ਵਾਲਮੀਕ ਜੀ ਦਾ ਜਨਮ ਉਤਸਵ ਮਿਤੀ 30 ਅਕਤੂਬਰ ਦਿਨ ਐਤਵਾਰ ਨੂੰ ਮਨਾਇਆ ਜਾ ਰਿਹਾ ਹੈ। ਜਿਸ ਵਿਚ 27 ਅਕਤੂਬਰ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਪ੍ਰਰੰਭ ਕੀਤੇ ਜਾਣਗੇ ਅਤੇ ਐਤਵਾਰ 30 ਅਕਤੂਬਰ ਨੂੰ ਭੋਗ ਪਾਏ ਜਾਣਗੇ। ਜਿਸ ਵਿਚ ਪੰਥ ਪ੍ਰਸਿੱਧ ਕਥਾ ਵਾਚਕ ਅਤੇ ਕੀਰਤਨੀਏ ਭਗਵਾਨ ਬਾਲਮੀਕ ਜੀ ਦੇ ਜੀਵਨ ਅਤੇ ਸਿੱਖਿਆਵਾਂ ਬਾਰੇ ਚਾਨਣਾ ਪਾਉਣਗੇ। ਤਿੰਨੇ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ।

30 ਅਕਤੂਬਰ ਸ਼ਾਮ ਨੂੰ ਗੁਰੂ ਘਰ ਵਿਖੇ ਦੀਵਾਲੀ ਦਾ ਤਿਉਹਾਰ ਮਨਾਇਆ ਜਾ ਰਿਹਾ ਹੈ, ਜਿਸ ਵਿਚ ਸ਼ਾਮ ਨੂੰ ਗੁਰੂ ਘਰ ਵਿਖੇ 6 ਵਜੇ ਤੋਂ ਲੈ ਕੇ 9 ਵਜੇ ਤੱਕ ਕੀਰਤਨ ਦਰਬਾਰ ਕਰਵਾਇਆ ਜਾ ਰਿਹਾ ਹੈ। ਗੁਰੂ ਘਰ ਵਿਖੇ ਸ਼ਾਮ ਨੂੰ ਦੀਪਮਾਲਾ ਵੀ ਕੀਤੀ ਜਾਵੇਗੀ।




ਨੋਟ- ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਪੁਰਬ ਦਿਹਾੜੇ ਨੂੰ ਮੁੱਖ ਰੱਖਦੇ ਹੋਏ ਪ੍ਰਬੰਧਕ ਕਮੇਟੀ ਵੱਲੋ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ ਆਰੰਭ ਕੀਤੀ ਜਾ ਰਹੀ ਹੈ। ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਜਿਹਨਾਂ ਪਰਿਵਾਰਾਂ ਨੇ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਲੈਣੀ ਹੋਵੇ, ਉਹ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰ ਸਕਦੇ ਹਨ ਜੀ:

ਸ੍ਰੀ ਮਹਿੰਦਰ ਸਿੰਘ ਰੱਤੂ, ਚੇਅਰਮੈਨ (530-790-5985)
ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਪ੍ਰਧਾਨ (530-713-1823)
ਸ੍ਰੀ ਗੁਰਨਾਮ ਸਿੰਘ ਭੰਡਾਲ, ਵਾਈਸ ਪ੍ਰਧਾਨ (530-218-4468)
ਸ੍ਰੀ ਸਤਿਨਾਮ ਸਿੰਘ, ਜਨਰਲ ਸਕੱਤਰ (530-682-3962)
ਸ੍ਰੀ ਦਲਵਿੰਦਰ ਰੱਲ੍ਹ, ਵਾਈਸ ਜਨਰਲ ਸਕੱਤਰ (530-933-3938)
ਸ੍ਰੀ ਰਾਮ ਸੇਵਕ ਭਾਟੀਆ, ਹੈਡ ਕੈਸ਼ੀਅਰ (530-701-4370)
ਭਾਈ ਪ੍ਰਿਤਪਾਲ ਸਿੰਘ ਜੀ, ਹੈਡ ਗ੍ਰੰਥੀ (916-694-3386)


ਸ੍ਰੀ ਦਿਆਲ ਰਾਮ ਨਰ

ਸ੍ਰੀ ਦਿਆਲ ਰਾਮ ਨਰ ਜਿਹਨਾਂ ਸ੍ਰੀ ਗੁਰੂ ਰਵਿਦਾਸ ਟੈਂਪਲ ਦੀ ਸਥਾਪਨਾ ਕਰਨ ਵਿਚ ਬਹੁਤ ਵੱਡਾ ਯੋਗਦਾਨ ਪਾਇਆ, ਜਿਸ ਵੇਲੇ ਗੁਰੂ ਘਰ ਦੀ ਸਥਾਪਨਾ ਕੀਤੀ ਗਈ, ਆਪ ਜੀ ਉਸ ਵੇਲੇ ਗੁਰੂ ਘਰ ਦੇ ਵਾਈਸ ਪ੍ਰਧਾਨ ਸਨ। ਮੌਜੂਦਾ ਸਮੇਂ ਆਪ ਗੁਰੂ ਘਰ ਦੇ ਮੀਡੀਆ ਸਲਾਹਕਾਰ ਵਜੋਂ ਸੇਵਾ ਨਿਭਾਅ ਰਹੇ ਹਨ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਦਿਆਲ ਰਾਮ ਨਰ ਜੀ ਦਾ 75ਵਾਂ ਜਨਮ ਦਿਨ ਮਨਾਇਆ ਗਿਆ ਅਤੇ ਉਹਨਾਂ ਦੀ ਲੰਮੀ ਉਮਰ ਦੀ ਅਰਦਾਸ ਕੀਤੀ ਗਈ ਅਤੇ ਪ੍ਰਬੰਧਕ ਕਮੇਟੀ ਵੱਲੋਂ ਆਪ ਜੀ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ।



ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ., ਯੂਬਾ ਸਿਟੀ (ਕੈਲੇਫੋਰਨੀਆ) ਵੱਲੋਂ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ 84/86 ਪਰਸੀ ਐਵਨਿਓ ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ ਵਿਖੇ 23 ਅਕਤੂਬਰ 2016, ਦਿਨ ਐਤਵਾਰ ਨੂੰ ਸਵੇਰੇ 10 ਤੋਂ ਸ਼ਾਮੀ 4 ਵਜੇ ਤੱਕ ਮਨਾਇਆ ਜਾ ਰਿਹਾ ਹੈ।

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਭਗਵਾਨ ਵਾਲਮੀਕ ਜੀ ਦਾ ਪ੍ਰਕਾਸ਼ ਉਤਸਵ 30 ਅਕਤੂਬਰ 2016, ਦਿਨ ਐਤਵਾਰ ਨੂੰ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।



ਸਮੂਹ ਸਾਧ ਸੰਗਤ ਜੀ ਨੂੰ ਬੇਨਤੀ ਹੈ ਕਿ ਆਓ ਰਲ-ਮਿਲ ਕੇ ਭਗਵਾਨ ਵਾਲਮੀਕ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਅਤੇ ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ ਵਿਖੇ ਦੋਵੇਂ ਦਿਨ ਪਹੁੰਚ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆ ਪ੍ਰਾਪਤ ਕਰੀਏ।

# ਸ਼ਿੰਗਾਰਾ ਸਿੰਘ ਰੱਲ੍ਹ
## ਪ੍ਰਧਾਨ
## ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ
## ਅਤੇ ਸਮੂਹ ਰੱਲ੍ਹ ਪਰਿਵਾਰ



# MAHA RISHI VALMIK SABHA USA

## YUBA CITY, CALIFORNIA






ਦਰਸ਼ਨ ਕਰੋ ਜੀ ਭਗਵਾਨ ਵਾਲਮੀਕਿ ਤੀਰਥ -AMRITSAR

ਗੁਰੁ ਪਿਆਰੀ ਸਾਧ ਸੰਗਤ ਜੀਓ!

ਆਪ ਸਭ ਨੂੰ ਜਾਣ ਕੇ ਬੜੀ ਖ਼ੁਸ਼ੀ ਹੋਵੇਗੀ ਕਿ ਆਪ ਸਭ ਸੰਗਤਾਂ ਦੇ ਸਹਿਯੋਗ ਨਾਲ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ 84/86 ਪਰਸੀ ਐਵਨਿਓ ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ ਕੈਲੇਫੋਰਨੀਆ ਵਿਖੇ ਬੜੀ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਕਥਾਵਾਚਕ ਭਗਵਾਨ ਵਾਲਮੀਕ ਜੀ ਦੇ ਜੀਵਨ ਅਤੇ ਸਿੱਖਿਆ ਬਾਰੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਨਗੇ। ਮਹਾਂਰਿਸ਼ੀ ਵਾਲਮੀਕ ਸੰਗੀਤ ਮੰਡਲੀ ਤੇ ਹੋਰ ਕਲਾਕਾਰਾਂ ਵੱਲੋਂ ਭਜਨ, ਗੁਣ-ਗਾਨ ਕੀਤਾ ਜਾਵੇਗਾ। ਸਮੂਹ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਨਿਮਨਲਿਖਤ ਸਾਰੇ ਪ੍ਰੋਗਰਾਮਾਂ ਵਿੱਚ ਪਰਿਵਾਰਾਂ ਸਮੇਤ ਟੈਂਪਲ ਵਿੱਚ ਪਹੁੰਚ ਕੇ ਗੁਰੁ ਚਰਨਾਂ ਵਿੱਚ ਹਾਜ਼ਰੀ ਲਵਾਓ। ਗੁਰੂ ਸਾਹਿਬ ਦੇ ਪ੍ਰਗਟ ਦਿਵਸ ਦੀਆਂ ਖ਼ੁਸ਼ੀਆਂ ਮਨਾਉਂਦੇ ਹੋਏ ਗੁਰੂ ਸਾਹਿਬ ਦਾ ਆਸ਼ੀਰਵਾਦ ਪ੍ਰਾਪਤ ਕਰੋ ਜੀ।

ਸਮੂਹ ਸਭਾਵਾਂ : ਸ੍ਰੀ ਗੁਰੁ ਰਵੀਦਾਸ ਸਭਾ ਯੂਬਾ ਸਿਟੀ, ਰਿਉਲਿੰਡਾ, ਪਿਟਸਵਰਗ ਅਤੇ ਮਹਾਂਰਿਸ਼ੀ ਵਾਲਮੀਕ ਸਭਾ, ਨਿਊਯਾਰਕ, ਕੈਨੇਡਾ, ਫਰਾਂਸ ਅਤੇ ਪੈਰਿਸ ਆਦਿ ਦੀਆਂ ਸੰਗਤਾਂ ਨੂੰ ਸਭਾ ਵੱਲੋਂ ਪ੍ਰਗਟ ਦਿਵਸ ਵਿੱਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ।

## PROGRAM

**Saturday, 22nd October 2016**

*Rasam Nishan Sahib : 10:00 am*

**Sunday, 23rd October 2016**

*Katha Sri Valmik Ramayan 10:00 am*

*Bhog Sri Valmik Ramayan 11:30 am*

*Bhajan and Speaches : 11:30am to 4: pm*

## Music By : Maharishi Valmik Sangeet Mandali

**PERFORMANCES :** Bhupinder Bhinda, Amarjit Lali, Sukhdev Sahil,Raj Kumar, Jiwan Rattu, Des raj Shubh, Rohtas Bhagani, Rajinder Sahota, Gurdeep Singh Heera, Swaran Lata Sondhi,Joginder Singh Shonki.

## ਗੁਰੂ ਕਾ ਲੰਗਰ ਦੋਨੋਂ ਦਿਨ ਅਤੁੱਟ ਵਰਤੇਗਾ

ਨੋਟ : 5ਵੀਂ ,8ਵੀਂ ਅਤੇ 12ਵੀ ਜ਼ਮਾਤਾਂ 'ਚੋਂ ਪਾਸ ਹੋਣ ਵਾਲੇ ਕਮਿਊਨਿਟੀ ਦੇ ਬੱਚਿਆਂ ਨੂੰ ਸਭਾ ਵੱਲੋਂ ਸਨਮਾਨਿਤ ਕੀਤਾ ਜਾਵੇਗਾ। ਇਸ ਲਈ ਬੇਨਤੀ ਹੈ ਕਿ ਆਪਣੇ ਨਾਂ ਸਭਾ ਕੋਲ 16 ਅਕਤੂਬਰ ਤੱਕ ਪਹੁੰਚਾ ਦਿਉ।

**PLACE : 84/86 Percy Ave, Yuba City, CA 95991. ✆ 530.777.9385**

**MANAGING COMMETTEE :** President- Prem Sondhi : 530.751.3887, Vice President- Santokh Singh Gill : 530.740.3056, Secretary- Sohan Lal Sahota : 530.674.9766, Vice Secretary- Balbir Singh Dhariwal 916-243-9017 Chairman- Gurpal Singh : 916.873.0311, Vice Chairman- Balbir Singh Thaper : 916.607.4650, Cashier : Vinod Gill : 530.822.9587, Avinash Sondhi : 530.301.1157, Maintenance Organizer : Jagjit Singh Gill : 530-315-1425